ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 21 | Issue 125| 29 May to 4 June , 2024 | Ph.: (510) 240-5949 | Email: asrtimes@gmail.com

# ਪੰਜਾਬ 'ਚ ਸਫ਼ਲ ਨਹੀਂ ਹੋ ਸਕਦੀ ਧਰੁਵੀਕਰਨ ਦੀ ਸਾਜ਼ਿਸ਼

## ਯੂ.ਐਨ.ਓ. ਤੱਕ ਜਾਣਾ ਚਾਹੀਦਾ ਹੈ ਬੰਦੀ ਸਿੰਘਾਂ ਦਾ ਮਾਮਲਾ

ਅੰਮ੍ਰਿਤਸਰ ਟਾਈਮਜ਼ ਬਿਊਰੋ




ਪੰਜਾਬ ਦੇ ਵਿੱਚ ਇਕ ਜੂਨ ਨੂੰ ਵੋਟਾਂ ਪੈ ਰਹੀਆਂ ਹਨ, ਉਮੀਦ ਹੈ ਚੋਣਾਂ ਦੇ ਇਸ ਲੰਮੇ ਸਮੇਂ ਦੇ ਵਿੱਚ ਲੋਕ ਉਮੀਦਵਾਰ ਚੁਣਨ ਦੇ ਵਿੱਚ ਆਪਣਾ ਮਨ ਬਣਾ ਚੁੱਕੇ ਹੋਣਗੇ। ਸਿਆਸਤਦਾਨਾਂ ਨੇ ਭਾਵੇਂ ਲੱਖ ਯਤਨ ਕੀਤਾ ਲੋਕਾਂ ਦੀ ਰਮਜ਼ ਸਮਝਣ ਨੂੰ , ਪਰ ਪੰਜਾਬ ਦੇ ਲੋਕਾਂ ਨੇ ਭੇਤ ਵਾਲੀ ਗੰਢ ਨਹੀਂ ਖੋਲੀ। ਦੇਸ਼ ਦਾ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਆਦਿ ਲੰਘੇ ਹਫ਼ਤੇ ਪੰਜਾਬ ਫੇਰੀ 'ਤੇ ਰਹੇ, ਪਰ ਲੋਕਾਂ ਦੇ ਵਿੱਚ ਉਤਸੁਕਤਾ ਬਹੁਤੀ ਵੇਖਣ ਨੂੰ ਨਹੀਂ ਮਿਲੀ। ਨਰਿੰਦਰ ਮੋਦੀ ਦੇ ਵੱਲੋਂ ਇਹ ਕਹਿਣਾ ਕਿ ਕਿਸਾਨ ਮੇਰਾ ਖੂਨ ਹਨ, ਬੜੀ ਹਾਸੋਹੀਣੀ ਗੱਲ ਲੱਗੀ, ਪਰ ਕੁਝ ਹੱਦ ਤੱਕ ਠੀਕ ਵੀ ਹੈ, ਕਿਉਂਕਿ 700 ਦੇ ਕਰੀਬ ਕਿਸਾਨਾਂ ਦੀ ਸ਼ਹਾਦਤ ਦੇ ਖੂਨ ਦਾ ਰਿਸ਼ਤਾ ਹੈ ਨਰਿੰਦਰ ਮੋਦੀ ਨਾਲ। ਅਮਿਤ ਸ਼ਾਹ ਦਾ ਬਿਆਨ ਕਿ ਰਵਨੀਤ ਬਿੱਟੂ ਦੇ ਦਾਦੇ ਦੇ ਕਾਤਲਾਂ ਨੂੰ ਅਸੀਂ ਰਿਹਾਅ ਨਹੀਂ ਕਰਾਂਗੇ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਨਾ ਕਰਨ ਵੱਲ ਸਾਫ਼ ਇਸ਼ਾਰਾ ਸੀ। 2019 ਦੇ ਵਿੱਚ ਇਹੀ ਬੀਜੇਪੀ ਨੇ ਬੰਦੀ ਸਿੰਘਾਂ ਦੀ ਰਿਹਾਈ ਕਰਨ ਦੀ ਗੱਲ ਕਹੀ ਸੀ ਪਰ ਹੁਣ ਪੰਜਾਬ ਦੀ ਧਰਤੀ ਦੇ ਉੱਤੇ ਆ ਕੇ ਇੱਕ ਸੋਚਿਆ ਸਮਝਿਆ ਬਿਆਨ ਦੇ ਦਿੱਤਾ। ਲੋਕ ਚਾਲਾਂ ਨੂੰ ਸਮਝਦੇ ਹਨ, ਪਤਾ ਹੈ ਕਿ ਇਹ ਇੱਕ ਧਰੁਵੀਕਰਨ ਵਾਲਾ ਬਿਆਨ ਹੈ। ਇਸ ਬਿਆਨ ਦੇ ਵਿੱਚ ਬਹੁਤ ਕੁਝ ਹੈ, ਜਿਵੇਂ ਕਿ ਇਸ ਬਿਆਨ ਨਾਲ ਅਕਾਲੀਆਂ ਨੂੰ ਜ਼ੀਰੋ ਕਰਨ ਦੀ ਕੋਸ਼ਿਸ਼ ਹੈ ਤੇ ਗਰਮ ਖ਼ਿਆਲੀਆਂ ਨੂੰ ਉਕਸਾਉਣ ਦੀ ਕੋਸ਼ਿਸ਼ ਹੈ। ਸਿੱਧੀ ਜਿਹੀ ਗੱਲ ਕਹੀਏ ਕਿ ਇੱਕ ਤੀਰ ਦੇ ਨਾਲ ਕਈ ਨਿਸ਼ਾਨੇ ਲਗਾਏ ਨੇ ਅਮਿਤ ਸ਼ਾਹ ਨੇ। ਸਿੱਖਾਂ ਦੀ ਬਹੁਗਿਣਤੀ ਵਾਲੇ ਪੰਜਾਬ ਦੇ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕਰਕੇ ਉਹ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਸੀ ਪਰ ਏਸ ਨਾਲ ਇੱਕ ਧਿਰ ਨੂੰ ਹੀ ਖੁਸ਼ ਕੀਤਾ ਜਾ ਸਕਦਾ ਸੀ ਪਰ ਹਿੰਦੂਆਂ ਤੇ ਸਿੱਖਾਂ ਦਾ ਬਿਆਨ ਵੀ ਬਹੁਤਾ ਪ੍ਰਭਾਵ ਨਹੀਂ ਛੱਡੇਗਾ ਕਿਉਂਕਿ ਪੰਜਾਬ ਦੇ ਹਿੰਦੂ ਦੇਸ਼ ਦੇ ਬਾਕੀ ਹਿੰਦੂਆਂ ਵਰਗੇ ਨਹੀਂ। ਦੂਜੇ ਪਾਸੇ ਜਿਹੜੇ ਕਿਸਾਨਾਂ ਨੂੰ ਚੋਣਾਂ ਦੇ ਵਿੱਚ ਅੱਖੋਂ ਪਰੋਖੇ ਕੀਤਾ ਜਾ ਰਿਹਾ, ਉਹੀ ਕਿਸਾਨ ਅੱਜ ਦੇ ਸਮੇਂ ਦੇ ਵਿੱਚ ਸਿਆਸਤਦਾਨਾਂ ਦੇ ਗਲ਼ੇ ਦੀ ਹੱਡੀ ਬਣੇ ਹੋਏ ਹਨ। ਉਹਨਾਂ ਦੇ ਸਵਾਲਾਂ ਨੇ ਨੇਤਾਵਾਂ ਦੀ ਬੋਲਤੀ ਬੰਦ ਕੀਤੀ ਹੋਈ ਹੈ। ਭਗਵੰਤ ਮਾਨ ਆਮ ਕਹਿੰਦਾ ਹੈ ਕਿ ਸਾਡੇ ਤੋਂ ਸਵਾਲ ਪੁੱਛੋ ਪਰ ਲੰਘੇ ਦਿਨੀਂ ਜੈਤੋ ਹਲਕੇ ਦੇ ਪਿੰਡ ਮੜਾਕ ਦੇ ਵਿੱਚ ਕਰਮਜੀਤ ਅਨਮੋਲ ਨੂੰ ਕਿਸੇ ਨੌਜਵਾਨ ਨੇ ਨੌਕਰੀ ਸਬੰਧਿਤ ਸਵਾਲ ਪੁੱਛਿਆ ਤਾਂ 10 ਮਿੰਟ ਬਾਅਦ ਉਸ ਮੁੰਡੇ ਨੂੰ ਉਸ ਦੇ ਭਰਾ ਸਮੇਤ ਪੁਲਿਸ ਥਾਣੇ ਚੁੱਕ ਲਿਆਈ ਸੀ ਤੇ ਪੁੱਛਿਆ ਗਿਆ ਕਿ ਤੁਸੀਂ ਕਿਸ ਪਾਰਟੀ ਦੇ ਕਹਿਣ 'ਤੇ ਸਵਾਲ ਕਰ ਰਹੇ ਹੋ? ਸਿਆਸਤ ਦਾ ਏਨਾ ਨੀਵਾਂ ਪੱਧਰ ਉਹ ਵੀ ਮਾਸਟਰ ਦੇ ਪੁੱਤ ਕੋਲੋਂ, ਲੋਕਾਂ ਨੂੰ ਉਮੀਦ ਨਹੀਂ ਸੀ।

ਕਿਸਾਨੀ ਧਰਨੇ ਨੇ ਜਿੱਥੇ ਸਭ ਧਰਮਾਂ ਨੂੰ ਇੱਕ ਧਾਗੇ ਵਿੱਚ ਬੰਨਿਆ, ਉਥੇ ਹੀ ਲੋਕਾਂ ਨੂੰ ਸਰਕਾਰਾਂ ਅੱਗੇ ਸਵਾਲ ਕਰਨੇ ਵੀ ਦੱਸੇ। ਹਾਕਮ ਸਰਕਾਰਾਂ ਹਰ ਦਸਤਾਰਧਾਰੀ ਨੂੰ ਅੱਤਵਾਦੀ ਐਲਾਨ ਦਿੰਦੀਆਂ ਸਨ ਪਰ ਕਿਸਾਨਾਂ ਨੇ ਤਾਂ 13 ਮਹੀਨੇ ਦਿੱਲੀ ਦੀਆਂ ਬਰੂਹਾਂ 'ਤੇ ਬੈਠ ਕੇ ਸਿੱਖ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ ਕੋਨੇ ਤੱਕ ਪਹੁੰਚਾ ਦਿੱਤਾ ਸੀ ਭਾਵੇਂ ਲੱਖ ਕੋਸ਼ਿਸ਼ਾਂ ਕੀਤੀਆਂ ਗਈਆਂ, ਉਹਨਾਂ ਨੂੰ ਬਦਨਾਮ ਕਰਨ ਦੇ ਲਈ, ਅੱਤਵਾਦੀ ਤੱਕ ਐਲਾਨ ਦਿੱਤਾ ਪਰ ਕਿਸਾਨਾਂ ਨੇ ਸੰਗਤ ਤੇ ਪੰਗਤ ਦਾ, ਦਸਤਾਰ ਦਾ ਤੇ ਸਿੱਖੀ ਦਾ ਡੰਕਾ ਦਿੱਲੀ ਦੀ ਹਿੱਕ 'ਤੇ ਬੈਠ ਕੇ ਵਜਾਇਆ ਤੇ ਪੂਰੀ ਦੁਨੀਆਂ ਨੂੰ ਸਾਬਤ ਕਰ ਦਿੱਤਾ ਕਿ ਸਿੱਖ ਅੱਤਵਾਦੀ ਨਹੀਂ, ਉਹ ਆਪਣੇ ਗੁਰੂਆਂ ਦੀ ਪਾਈ ਪਿਰਤ ਦੇ ਉੱਤੇ ਪਹਿਰਾ ਦਿੰਦੇ ਨੇ। ਪੰਜਾਬ ਦੀ ਕਿਸਾਨੀ ਦੇ ਵਿੱਚ ਹਰ ਧਰਮ ਸ਼ਾਮਲ ਹੈ, ਸੋ ਧਰੁਵੀਕਰਨ ਦੀ ਸਾਜ਼ਿਸ਼ ਪੰਜਾਬ ਵਿੱਚ ਸਫ਼ਲ ਨਹੀਂ ਹੋ ਸਕਦੀ। ਰਹੀ ਗੱਲ ਬੰਦੀ ਸਿੰਘਾਂ ਦੀ, ਤਾਂ ਇਹ ਮਸਲਾ ਯੂ.ਐਨ.ਓ. ਤੱਕ ਜਾਣਾ ਚਾਹੀਦਾ ਹੈ, ਮੋਰਚੇ ਲੱਗਣੇ ਚਾਹੀਦੇ ਹਨ,। ਮੋਹਾਲੀ ਵਾਲੇ ਮੋਰਚੇ ਵਰਗੇ ਨਹੀਂ ਤੇ ਇਹ ਚੀਜ਼ਾਂ ਆਉਣ ਵਾਲੇ ਦਿਨਾਂ ਵਿੱਚ ਵਾਪਰਣੀਆਂ ਸੁਭਾਵਿਕ ਹਨ।

ਲੋਕ ਹੁਣ ਉਹ ਮੁੱਦੇ ਨਹੀਂ ਉਠਾਉਂਦੇ ਜੋ ਸਮਾਜ ਨੂੰ ਵੰਡਦੇ ਹਨ। ਲੋਕਾਂ ਨੇ ਸੰਦੇਸ਼ ਦੇ ਦਿੱਤਾ ਹੈ ਕਿ ਵੰਡਣ ਵਾਲੇ ਮੁੱਦੇ ਅਸੀਂ ਨਜ਼ਰ-ਅੰਦਾਜ਼ ਕਰਾਂਗੇ ਪਰ ਸਰਕਾਰਾਂ ਸਮਝ ਕੇ ਵੀ ਨਾ ਸਮਝ ਹੋਈਆਂ ਬੈਠੀਆਂ ਨੇ। ਅਟਲ ਬਿਹਾਰੀ ਵਾਜਪਾਈ ਨੇ ਇੱਕ ਵਾਰੀ ਸੰਸਦ ਵਿੱਚ ਕਿਹਾ ਸੀ ਸਰਕਾਰਾਂ ਆਉਣਗੀਆਂ, ਜਾਣਗੀਆਂ, ਪਾਰਟੀਆਂ ਬਣਨਗੀਆਂ, ਟੁੱਟਣਗੀਆਂ ਪਰ ਇਹ ਦੇਸ਼ ਰਹਿਣਾ ਚਾਹੀਦਾ ਹੈ, ਇਸ ਦਾ ਲੋਕਤੰਤਰ ਰਹਿਣਾ ਚਾਹੀਦਾ ਹੈ। ਜੇ ਦੇਖੀਏ ਤਾਂ ਇਸ ਵਾਰ ਲੋਕਾਂ ਨੇ ਲੋਕਤੰਤਰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਕੀਤੀ ਹੈ ਪਰ ਨੇਤਾਵਾਂ ਨੇ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਨੇ।

## ਨਿਊਜ਼ੀਲੈਂਡ ਦੇ ਮਲਕੀਤ ਸਿੰਘ ਨੇ ਮਾਊਂਟ ਐਵਰੇਸਟ ਦੀ ਚੋਟੀ ਸਰ ਕਰ ਕੇ ਝੁਲਾਇਆ ਨਿਸ਼ਾਨ ਸਾਹਿਬ



ਕਾਠਮਾਂਡੂ/ਏ.ਟੀ.ਨਿਊਜ਼: ਨਿਊਜ਼ੀਲੈਂਡ ਦੇ ਰਹਿਣ ਵਾਲੇ ਮਲਕੀਤ ਸਿੰਘ ਨੇ ਮਾਊਂਟ ਐਵਰੇਸਟ ਦੀ ਚੋਟੀ ਸਰ ਕਰ ਕੇ ਦੁਨੀਆਂ ਭਰ ਵਿੱਚ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਮਲਕੀਤ ਸਿੰਘ ਨੇ ਨਾ ਸਿਰਫ਼ ਮਾਊਂਟ ਐਵਰੇਸਟ ਦੀ ਚੋਟੀ ਸਰ ਕੀਤੀ ਸਗੋਂ ਉਥੇ ਨਿਸ਼ਾਨ ਸਾਹਿਬ ਤੇ ਨਿਊਜ਼ੀਲੈਂਡ ਦਾ ਝੰਡਾ ਵੀ ਝੁਲਾਇਆ। ਮਲਕੀਤ ਸਿੰਘ ਨਿਊਜ਼ੀਲੈਂਡ ਵੱਲੋਂ ਇਹ ਪ੍ਰਾਪਤੀ ਹਾਸਲ ਕਰਨ ਵਾਲੇ ਪਹਿਲੇ ਗੁਰਸਿੱਖ ਅਤੇ 53ਵੇਂ ਵਿਅਕਤੀ ਹਨ। ਇਸ ਤੋਂ ਪਹਿਲਾਂ ਨਿਊਜ਼ੀਲੈਂਡ ਦੇ 52 ਨਾਗਰਿਕ ਇਹ ਉਪਲਬਧੀ ਹਾਸਲ ਕਰ ਚੁੱਕੇ ਹਨ। ਇਸ ਸਫ਼ਰ ਦੌਰਾਨ ਮਲਕੀਤ ਸਿੰਘ ਨੂੰ ਸਿਹਤ ਪੱਖੋਂ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਨੇ ਹਾਰ ਨਹੀਂ ਮੰਨੀ। ਇਸ ਦੌਰਾਨ ਉਨ੍ਹਾਂ ਦਾ ਵਜ਼ਨ ਵੀ ਕਰੀਬ 17 ਕਿਲੋ ਘੱਟ ਗਿਆ ਹੈ।ਇੱਕ ਚੈਨਲ ਨਾਲ ਗੱਲਬਾਤ ਦੌਰਾਨ ਮਲਕੀਤ ਸਿੰਘ ਨੇ ਦਸਿਆ ਕਿ ਬੇਸ 4 ਤੋਂ ਲਗਾਤਾਰ 12 ਘੰਟੇ ਦੀ ਚੜ੍ਹਾਈ ਚੜ੍ਹ ਕੇ ਉਨ੍ਹਾਂ ਨੇ 19 ਮਈ ਸਵੇਰੇ 8.37 ਵਜੇ ਮਾਊਂਟ ਐਵਰੇਸਟ 'ਤੇ ਨਿਸ਼ਾਨ ਸਾਹਿਬ ਝੁਲਾਇਆ ਹੈ। ਮਲਕੀਤ ਸਿੰਘ ਨੇ ਟ੍ਰੇਨਿੰਗ ਤੋਂ ਲੈ ਕੇ ਹੁਣ ਤਕ ਕਰੀਬ 150,000 ਡਾਲਰ ਦੇ ਕਰੀਬ ਖਰਚਾ ਕੀਤਾ ਹੈ। ਫਿਲਹਾਲ ਉਹ ਕਾਠਮਾਂਡੂ ਵਿੱਚ ਹਨ ਅਤੇ 30 ਮਈ ਨੂੰ ਨਿਊਜ਼ੀਲੈਂਡ ਵਾਪਸੀ ਕਰਨਗੇ। ਦੱਸ ਦੇਈਏ ਕਿ ਮਲਕੀਤ ਸਿੰਘ ਬੀਤੇ 25 ਸਾਲ ਤੋਂ ਨਿਊਜ਼ੀਲੈਂਡ ਦੀ ਸੁਪਰੀਮ ਸਿੱਖ ਸੁਸਾਇਟੀ ਦੇ ਮੈਂਬਰ ਹਨ। ਇਸ ਪ੍ਰਾਪਤੀ ਲਈ ਦੁਨੀਆਂ ਭਰ ਦੇ ਪੰਜਾਬੀਆਂ ਵੱਲੋਂ ਉਨ੍ਹਾਂ ਨੂੰ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ।

# ਡੇਰਾ ਸਿਰਸਾ ਮੁਖੀ ਰਾਮ ਰਹੀਮ ਰਣਜੀਤ ਸਿੰਘ ਹੱਤਿਆ ਮਾਮਲੇ 'ਚ ਬਰੀ

## ਪੰਜਾਬ ਹਰਿਆਣਾ ਹਾਈਕੋਰਟ ਨੇ ਸੀ.ਬੀ.ਆਈ. ਕੋਰਟ ਦੇ ਫ਼ੈਸਲੇ ਨੂੰ ਪਲਟਿਆ

ਚੰਡੀਗੜ੍ਹ/ਏ.ਟੀ.ਨਿਊਜ਼ : ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਹਾਈ ਕੋਰਟ ਵੱਲੋਂ ਵੱਡੀ ਰਾਹਤ ਮਿਲੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਬੀਤੇ ਦਿਨ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਰਣਜੀਤ ਸਿੰਘ ਕਤਲ ਕੇਸ ਵਿੱਚ ਬਰੀ ਕਰ ਦਿੱਤਾ ਹੈ। ਇਸ ਸਮੇਂ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ।ਪੰਚਕੂਲਾ ਦੀ ਇੱਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਅਕਤੂਬਰ 2021 ਵਿੱਚ ਰਾਮ ਰਹੀਮ ਅਤੇ ਚਾਰ ਹੋਰਾਂ ਨੂੰ ਡੇਰਾ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਲਈ ਦੋਸ਼ੀ ਠਹਿਰਾਉਣ ਤੋਂ ਬਾਅਦ ਰਾਮ ਰਹੀਮ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ, ਜਿਸ ਤੋਂ ਬਾਅਦ ਡੇਰਾ ਮੁਖੀ ਨੇ ਕੇਂਦਰੀ ਜਾਂਚ ਬਿਊਰੋ ਅਤੇ ਹੋਰ ਪ੍ਰਤੀਵਾਦੀਆਂ ਵਿਰੁੱਧ ਹਾਈ ਕੋਰਟ ਦਾ ਰੁਖ ਕੀਤਾ ਸੀ। ਰਣਜੀਤ ਸਿੰਘ ਨੂੰ 10 ਜੁਲਾਈ 2002 ਨੂੰ ਕੁਰੂਕਸ਼ੇਤਰ ਦੇ ਪਿੰਡ ਖਾਨਪੁਰ ਕੋਲੀਆਂ ਵਿਖੇ ਚਾਰ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ।




ਇਸ ਮਾਮਲੇ ਦੇ ਬਾਕੀ ਮੁਲਜ਼ਮਾਂ ਵਿੱਚ ਅਵਤਾਰ ਸਿੰਘ, ਕ੍ਰਿਸ਼ਨ ਲਾਲ, ਜਸਬੀਰ ਸਿੰਘ ਅਤੇ ਸਬਦਿਲ ਸਿੰਘ ਸ਼ਾਮਲ ਹਨ। ਇਸ ਦੇ ਨਾਲ ਹੀ ਮੁਕੱਦਮੇ ਦੌਰਾਨ ਹੀ ਇੱਕ ਦੋਸ਼ੀ ਦੀ ਮੌਤ ਹੋ ਗਈ। ਹਾਲਾਂਕਿ ਪੱਤਰਕਾਰ ਨਾਲ ਬਲਾਤਕਾਰ ਅਤੇ ਹੱਤਿਆ ਮਾਮਲੇ 'ਚ ਰਾਮ ਰਹੀਮ ਦੀ ਅਪੀਲ ਹਾਈ ਕੋਰਟ 'ਚ ਅਜੇ ਵੀ ਪੈਂਡਿੰਗ ਹੈ। ਫਿਲਹਾਲ ਰਾਮ ਰਹੀਮ ਰੋਹਤਕ ਦੀ ਸੁਨਾਰੀਆ ਜੇਲ 'ਚ ਬੰਦ ਹੈ। ਮਾਮਲਾ 2002 ਦਾ ਹੈ ਸਾਲ 2002 ਵਿੱਚ ਡੇਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਣਜੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਡੇਰਾ ਪ੍ਰਬੰਧਕਾਂ ਨੂੰ ਸ਼ੱਕ ਸੀ ਕਿ ਰਣਜੀਤ ਸਿੰਘ ਨੇ ਆਪਣੀ ਭੈਣ ਤੋਂ ਸਾਧਵੀ ਦੇ ਜਿਨਸੀ ਸ਼ੋਸ਼ਣ ਦੀ ਗੁਮਨਾਮ ਚਿੱਠੀ ਲਿਖਵਾਈ ਸੀ। ਪੁਲਿਸ ਜਾਂਚ ਤੋਂ ਅਸੰਤੁਸ਼ਟ ਰਣਜੀਤ ਸਿੰਘ ਦੇ ਪੁੱਤਰ ਨੇ 2003 ਵਿੱਚ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਸੀ। ਇਸ ਤੋਂ ਬਾਅਦ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤਾ ਗਿਆ ਅਤੇ 2021 ਵਿੱਚ ਰਾਮ ਰਹੀਮ ਸਮੇਤ ਪੰਜ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਇਸ ਮਾਮਲੇ ਵਿੱਚ ਅਦਾਲਤ ਨੇ 2007 ਵਿੱਚ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕੀਤੇ ਸਨ।

### ਅਦਾਲਤ ਦਾ ਫ਼ੈਸਲਾ ਦੁਖਦਾਈ: ਅੰਸ਼ੁਲ ਛਤਰਪਤੀ

ਸਿਰਸਾ/ਏ.ਟੀ.ਨਿਊਜ਼: ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਡੇਰਾ ਸੱਚਾ ਸੌਦਾ ਦੇ ਸਾਬਕਾ ਪ੍ਰਬੰਧਕ ਰਣਜੀਤ ਸਿੰਘ ਕਤਲ ਮਾਮਲੇ ਵਿੱਚ ਸਿਰਸਾ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਰਾਹਤ ਦਿੱਤੇ ਜਾਣ 'ਤੇ ਪ੍ਰਤੀਕਰਿਆ ਦਿੰਦਿਆਂ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਕਿਹਾ ਕਿ ਅਦਾਲਤ ਦਾ ਫ਼ੈਸਲਾ ਪੀੜਾਦਾਇਕ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰ ਨੂੰ ਇਸ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਜਾਣਾ ਚਾਹੀਦਾ ਹੈ। ਅੰਸ਼ੁਲ ਛਤਰਪਤੀ ਨੇ ਕਿਹਾ ਕਿ ਲੰਮੀ ਜੱਦੋ-ਜਹਿਦ ਮਗਰੋਂ ਪੀੜਤ ਪਰਿਵਾਰ ਨੂੰ ਇਨਸਾਫ਼ ਮਿਲਿਆ ਸੀ ਪਰ ਹੁਣ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਪਲਟ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਬਹੁਤ ਹੀ ਪੀੜਾ ਦੇਣ ਵਾਲਾ ਹੈ।

# ਹੁਣ ਹਰਦੀਪ ਸਿੰਘ ਮਲਿਕ ਦੀ 'ਜਾਨ ਨੂੰ ਖ਼ਤਰਾ', ਕੈਨੇਡੀਅਨ ਪੁਲਿਸ ਨੇ ਦਿੱਤੀ ਚਿਤਾਵਨੀ

ਬ੍ਰਿਟਿਸ਼ ਕੋਲੰਬੀਆ/ ਏ.ਟੀ.ਨਿਊਜ਼ : 'ਕੈਨੇਡਾ 'ਚ ਭਾਰਤੀ ਮੂਲ ਦੇ ਵਪਾਰੀ ਹਰਦੀਪ ਸਿੰਘ ਮਲਿਕ ਦੀ ਜਾਨ ਨੂੰ ਖ਼ਤਰਾ ਹੈ।' ਇਹ ਚਿਤਾਵਨੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਵੱਲੋਂ ਅਧਿਕਾਰਤ ਤੌਰ 'ਤੇ ਦਿੱਤੀ ਗਈ ਹੈ। ਇੰਝ ਇਸ ਨੂੰ ਕੈਨੇਡਾ ਸਰਕਾਰ ਵੱਲੋਂ ਦਿੱਤੀ ਗਈ ਚਿਤਾਵਨੀ ਹੀ ਮੰਨਿਆ ਜਾ ਰਿਹਾ ਹੈ। ਹਰਦੀਪ ਸਿੰਘ ਮਲਿਕ ਦਰਅਸਲ ਰਿਪੁਦਮਨ ਸਿੰਘ ਮਲਿਕ ਦੇ ਪੁੱਤਰ ਹਨ, ਜਿਨ੍ਹਾਂ ਦਾ ਦੋ ਸਾਲ ਪਹਿਲਾਂ ਕਤਲ ਹੋ ਗਿਆ ਸੀ।

ਆਰਸੀਐਮਪੀ ਨੇ ਖ਼ੁਦ ਹਰਦੀਪ ਸਿੰਘ ਮਲਿਕ ਨੂੰ ਚਿਤਾਵਨੀ ਦਿਤੀ ਹੈ ਕਿ ਉਹ ਆਪਣੀ ਸੁਰੱਖਿਆ ਦਾ ਖ਼ਿਆਲ ਰੱਖਣ ਕਿਉਂਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ।



ਜਾਣਕਾਰੀ ਅਨੁਸਾਰ ਪਿਛਲੇ ਹਫ਼ਤੇ ਜਦੋਂ ਹਰਦੀਪ ਸਿੰਘ ਮਲਿਕ ਅਪਣੀ ਮਾਂ ਨਾਲ ਫ਼ਰਾਂਸ ਜਾ ਰਹੇ ਸਨ, ਤਾਂ ਆਰਸੀਐਮਪੀ ਨੇ ਉਨ੍ਹਾਂ ਨੂੰ ਇੱਕ ਚਿੱਠੀ ਸੌਂਪ ਕੇ ਚਿਤਾਵਨੀ ਦਿਤੀ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ ਦਾ ਇਹ ਕਾਨੂੰਨ ਹੈ ਕਿ ਜੇ ਕਿਸੇ ਖ਼ੁਫ਼ੀਆ ਸੂਤਰਾਂ ਤੋਂ ਕੋਈ ਅਹਿਮ ਸੂਹ ਜਾਂ ਜਾਣਕਾਰੀ ਮਿਲੀ ਹੋਵੇ, ਤਾਂ ਉਹ ਸਬੰਧਤ ਵਿਅਕਤੀ ਨਾਲ ਜ਼ਰੂਰ ਸਾਂਝੀ ਕੀਤੀ ਜਾਵੇ। ਇਸ ਸਬੰਧੀ ਰਿਪੋਰਟ ਕੈਨੇਡਾ ਦੇ ਸਰਕਾਰੀ ਟੀਵੀ ਚੈਨਲ 'ਸੀਬੀਸੀ ਨਿਊਜ਼' 'ਤੇ ਵੀ ਦਿਤੀ ਜਾ ਚੁਕੀ ਹੈ।

ਇਥੇ ਵਰਨਣਯੋਗ ਹੈ ਕਿ ਪਿਛਲੇ ਵਰ੍ਹੇ ਜੂਨ 'ਚ ਹਰਦੀਪ ਸਿੰਘ ਨਿੱਝਰ ਦਾ ਕਤਲ ਹੋਇਆ ਸੀ, ਜਿਸ ਦਾ ਵਿਵਾਦ ਹਾਲੇ ਤਕ ਚਲਿਆ ਆ ਰਿਹਾ ਹੈ।ਉਸ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਵਿਚਾਲੇ ਆਪਸੀ ਸਬੰਧਾਂ 'ਚ ਵੀ ਕੁੜੱਤਣ ਭਰ ਗਈ ਹੈ।

ਨਿੱਝਰ ਕਿਉਂਕਿ ਕੈਨੇਡੀਅਨ ਨਾਗਰਿਕ ਸਨ, ਇਸੇ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ 'ਚ ਇਲਜ਼ਾਮ ਲਾਇਆ ਸੀ ਕਿ ਉਨ੍ਹਾਂ ਕੋਲ ਅਜਿਹੇ ਸਬੂਤ ਹਨ ਕਿ 'ਨਿੱਝਰ ਦੇ ਕਤਲ ਪਿਛੇ ਭਾਰਤ ਸਰਕਾਰ ਦਾ ਹੱਥ ਸੀ।' ਭਾਰਤ ਸਰਕਾਰ ਨੇ ਅਜਿਹੇ ਸਿਧੇ ਦੋਸ਼ ਦਾ ਸਖ਼ਤ ਵਿਰੋਧ ਕੀਤਾ ਸੀ। ਉਸ ਤੋਂ ਬਾਅਦ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਵਾਲੇ 'ਫ਼ਾਈਵ ਆਈਜ਼' ਦੇਸ਼ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਪੂਰੀ ਤਰ੍ਹਾਂ ਇਕਜੁਟ ਵਿਖਾਈ ਦਿਤੇ ਸਨ। ਹਰਦੀਪ ਸਿੰਘ ਨਿੱਝਰ ਨੂੰ ਗਰਮਖਿਆਲੀ ਵਿਚਾਰਧਾਰਾ ਦਾ ਧਾਰਨੀ ਮੰਨਿਆ ਜਾਂਦਾ ਰਿਹਾ ਹੈ।

ਇਥੇ ਦਸਣਯੋਗ ਹੈ ਕਿ ਹਰਦੀਪ ਸਿੰਘ ਮਲਿਕ ਦੇ ਪਿਤਾ ਰਿਪੁਦਮਨ ਸਿੰਘ ਮਲਿਕ ਦਾ ਨਾਂਅ 23 ਜੂਨ, 1985 ਨੂੰ ਵਾਪਰੇ ਕਨਿਸ਼ਕ ਹਵਾਈ ਹਾਦਸੇ ਨਾਲ ਜੁੜਦਾ ਰਿਹਾ ਹੈ। ਇਹ ਹਵਾਈ ਜਹਾਜ਼ ਵੈਨਕੂਵਰ ਤੋਂ ਟੋਰਾਂਟੋ ਹੁੰਦਾ ਹੋਇਆ ਨਵੀਂ ਦਿੱਲੀ ਆ ਰਿਹਾ ਸੀ ਕਿ ਇੱਕ ਬੰਬ ਧਮਾਕੇ ਨਾਲ ਉਹ ਆਇਰਲੈਂਡ ਦੇ ਆਕਾਸ਼ 'ਤੇ ਟੋਟੇ-ਟੋਟੇ ਹੋ ਕੇ ਅੰਧ ਮਹਾਂਸਾਗਰ 'ਚ ਖਿੰਡ-ਪੁੰਡ ਗਿਆ ਸੀ।ਉਸ ਹਾਦਸੇ ਨੇ 327 ਜਾਨਾਂ ਲੈ ਲਈਆਂ ਸਨ, ਜਿਨ੍ਹਾਂ 'ਚੋਂ ਜ਼ਿਆਦਾਤਰ ਉਹ ਭਾਰਤੀ ਸਨ, ਜਿਹੜੇ ਗਰਮੀਆਂ ਦੀਆਂ ਛੁੱਟੀਆਂ ਮਨਾਉਣ ਲਈ ਭਾਰਤ ਜਾ ਰਹੇ ਸਨ।

ਉਸ ਹਵਾਈ ਹਾਦਸੇ ਪਿਛੇ ਸਿੱਖ ਖਾੜਕੂਆਂ ਦਾ ਹੱਥ ਮੰਨਿਆ ਜਾਂਦਾ ਰਿਹਾ ਹੈ। ਮੁੱਖ ਦੋਸ਼ ਤਲਵਿੰਦਰ ਸਿੰਘ ਪਰਮਾਰ 'ਤੇ ਹੀ ਲਗਦਾ ਰਿਹਾ ਹੈ। ਰਿਪੁਦਮਨ ਸਿੰਘ ਮਲਿਕ ਨੂੰ ਸਹਾਇਕ ਵਜੋਂ ਨਾਮਜ਼ਦ ਕੀਤਾ ਗਿਆ ਸੀ ਪਰ 2005 'ਚ ਉਨ੍ਹਾਂ ਨੂੰ ਬਰੀ ਕਰ ਦਿਤਾ ਗਿਆ ਸੀ। ਦੋ ਵਰ੍ਹੇ ਪਹਿਲਾਂ 14 ਜੁਲਾਈ ਨੂੰ ਉਨ੍ਹਾਂ ਦਾ ਕਤਲ ਹੋ ਗਿਆ ਸੀ। ਇਹ ਮੰਨਿਆ ਜਾਂਦਾ ਰਿਹਾ ਹੈ ਕਿ '1984 ਦੇ ਬਲੂ-ਸਟਾਰ ਆਪਰੇਸ਼ਨ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪ੍ਰਤੀਕਰਮ ਵਜੋਂ ਇਸ ਹਵਾਈ ਹਾਦਸੇ ਨੂੰ ਅੰਜਾਮ ਦਿੱਤਾ ਗਿਆ ਸੀ।

# ਪ੍ਰਵਾਸੀ ਭਾਰਤੀਆਂ ਨੇ ਇੱਕ ਸਾਲ 'ਚ ਭਾਰਤੀ ਬੈਂਕਾਂ ਵਿੱਚ ਜਮ੍ਹਾਂ ਕਰਵਾਏ 1 ਲੱਖ ਕਰੋੜ ਰੁਪਏ

ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤ ਵਿੱਚ ਆਪਣੇ ਅਜ਼ੀਜ਼ਾਂ ਨੂੰ ਪੈਸੇ ਭੇਜਣ ਵਾਲੇ ਵਿਦੇਸ਼ੀ ਭਾਰਤੀਆਂ (ਐਨ.ਆਰ.ਆਈ.) ਦੀ ਗਿਣਤੀ ਵਿੱਚ ਫਿਰ ਵਾਧਾ ਹੋਇਆ ਹੈ। ਪਰਵਾਸੀ ਭਾਰਤੀਆਂ ਨੇ ਪਿਛਲੇ ਇੱਕ ਸਾਲ ਵਿੱਚ ਭਾਰਤੀ ਬੈਂਕਾਂ ਵਿੱਚ 1 ਲੱਖ ਕਰੋੜ ਰੁਪਏ ਤੋਂ ਵੱਧ ਜਮ੍ਹਾਂ ਕਰਵਾਏ ਹਨ। ਦੂਜੇ ਪਾਸੇ, ਭਾਰਤੀ ਵਿਦੇਸ਼ਾਂ ਵਿੱਚ ਭਾਰੀ ਖਰਚ ਵੀ ਕਰ ਰਹੇ ਹਨ। ਖਰਚ ਕੀਤੀ ਗਈ ਰਕਮ ਪਰਵਾਸੀ ਭਾਰਤੀਆਂ ਦੁਆਰਾ ਭੇਜੀ ਗਈ ਰਕਮ ਤੋਂ ਬਹੁਤ ਜ਼ਿਆਦਾ ਹੈ। ਪਰਵਾਸੀ ਭਾਰਤੀਆਂ ਨੇ ਪਿਛਲੇ 8 ਸਾਲਾਂ ਦੇ ਮੁਕਾਬਲੇ ਇਸ ਸਾਲ ਭਾਰਤ ਵਿੱਚ ਜ਼ਿਆਦਾ ਪੈਸਾ ਭੇਜਿਆ ਹੈ। ਜਦੋਂ ਕਿ ਵਿਦੇਸ਼ਾਂ ਵਿੱਚ ਵਸੇ ਭਾਰਤੀਆਂ ਨੇ ਹੁਣ ਭਾਰਤ ਨੂੰ ਵਧੇਰੇ ਪੈਸਾ ਭੇਜਣਾ ਸ਼ੁਰੂ ਕਰ ਦਿੱਤਾ ਹੈ, ਭਾਰਤੀ ਵਿਦੇਸ਼ਾਂ ਵਿੱਚ ਬਹੁਤ ਜ਼ਿਆਦਾ ਖਰਚ ਕਰ ਰਹੇ ਹਨ। ਜੇਕਰ ਇਸ ਸਾਲ ਦੀ ਗੱਲ ਕਰੀਏ ਤਾਂ ਇਹ ਅੰਤਰ ਤਿੰਨ ਗੁਣਾ ਤੋਂ ਵੱਧ ਹੋ ਗਿਆ ਹੈ। ਪਰਵਾਸੀ ਭਾਰਤੀਆਂ ਵੱਲੋਂ ਇਸ ਸਾਲ ਭਾਰਤੀ ਬੈਂਕਾਂ ਵਿੱਚ ਜਮ੍ਹਾਂ ਕਰਵਾਈ ਗਈ ਰਕਮ ਪਿਛਲੇ 8 ਸਾਲਾਂ ਦੇ ਮੁਕਾਬਲੇ ਸਭ ਤੋਂ ਵੱਧ ਸੀ। ਇਹ ਅੰਕੜੇ ਹਾਲ ਹੀ ਵਿੱਚ ਰਿਜ਼ਰਵ ਬੈਂਕ ਵੱਲੋਂ ਜਾਰੀ ਕੀਤੇ ਗਏ ਹਨ।

ਪਿਛਲੇ 8 ਸਾਲਾਂ ਵਿੱਚ ਪ੍ਰਵਾਸੀ ਭਾਰਤੀਆਂ ਨੇ ਭਾਰਤੀ ਬੈਂਕਾਂ ਵਿੱਚ ਸਭ ਤੋਂ ਵੱਧ ਰਕਮ ਜਮ੍ਹਾਂ ਕਰਵਾਈ ਹੈ। ਰਿਜ਼ਰਵ ਬੈਂਕ ਦੇ ਅਨੁਸਾਰ, ਵਿੱਤੀ ਸਾਲ 2023-24 ਵਿੱਚ, ਪ੍ਰਵਾਸੀ ਭਾਰਤੀਆਂ ਨੇ ਭਾਰਤੀ ਬੈਂਕਾਂ ਵਿੱਚ 14.7 ਬਿਲੀਅਨ ਡਾਲਰ (ਲਗਭਗ 1.22 ਲੱਖ ਕਰੋੜ ਰੁਪਏ) ਜਮ੍ਹਾ ਕੀਤੇ ਹਨ। ਇਹ ਰਕਮ ਪਿਛਲੇ ਸਾਲ ਨਾਲੋਂ 63.5 ਫੀਸਦੀ ਵੱਧ ਹੈ। ਪਿਛਲੇ ਸਾਲ ਪਰਵਾਸੀ ਭਾਰਤੀਆਂ ਨੇ ਭਾਰਤੀ ਬੈਂਕਾਂ 'ਚ 8.98 ਅਰਬ ਡਾਲਰ (ਕਰੀਬ 75 ਹਜ਼ਾਰ ਕਰੋੜ ਰੁਪਏ) ਜਮ੍ਹਾ ਕਰਵਾਏ ਸਨ। ਪਰਵਾਸੀ ਭਾਰਤੀਆਂ ਵੱਲੋਂ ਇਸ ਸਾਲ ਜਮ੍ਹਾਂ ਕਰਵਾਈ ਗਈ ਰਕਮ ਪਿਛਲੇ 8 ਸਾਲਾਂ ਵਿੱਚ ਜਮ੍ਹਾਂ ਕੀਤੀ ਗਈ ਰਕਮ ਦੇ ਮੁਕਾਬਲੇ ਸਭ ਤੋਂ ਵੱਧ ਹੈ। 8 ਸਾਲ ਪਹਿਲਾਂ ਭਾਵ 2015-16 ਵਿੱਚ, ਪ੍ਰਵਾਸੀ ਭਾਰਤੀਆਂ ਨੇ ਭਾਰਤੀ ਬੈਂਕਾਂ ਵਿੱਚ ਸਭ ਤੋਂ ਵੱਧ 15.97 ਬਿਲੀਅਨ ਡਾਲਰ (ਲਗਭਗ 1.33 ਲੱਖ ਕਰੋੜ ਰੁਪਏ) ਜਮ੍ਹਾਂ ਕਰਵਾਏ ਸਨ।



ਭਾਰਤੀ ਵਿਦੇਸ਼ਾਂ ਵਿੱਚ ਬਹੁਤ ਖਰਚ ਕਰ ਰਹੇ ਹਨ। ਇੱਕ ਰਿਪੋਰਟ ਮੁਤਾਬਕ ਇਸ ਸਾਲ ਭਾਰਤੀਆਂ ਨੇ 31.7 ਅਰਬ ਡਾਲਰ (ਕਰੀਬ 2.64 ਲੱਖ ਕਰੋੜ ਰੁਪਏ) ਵਿਦੇਸ਼ਾਂ 'ਚ ਖਰਚ ਕੀਤੇ। ਇਹ ਪਿਛਲੇ ਸਾਲ ਨਾਲੋਂ 17 ਫੀਸਦੀ ਵੱਧ ਹੈ। ਪਿਛਲੇ ਸਾਲ ਭਾਰਤੀਆਂ ਨੇ 27.1 ਬਿਲੀਅਨ ਡਾਲਰ (2.25 ਲੱਖ ਕਰੋੜ ਰੁਪਏ) ਵਿਦੇਸ਼ਾਂ ਵਿੱਚ ਖਰਚ ਕੀਤੇ। ਭਾਰਤੀਆਂ ਨੇ ਇਸ ਨੂੰ ਲਿਬਰਲਾਈਜ਼ਡ ਰੈਮਿਟੈਂਸ ਸਕੀਮ (ਐਲ.ਆਰ.ਐਸ.) ਤਹਿਤ ਖਰਚ ਕੀਤਾ ਹੈ। ਟੈਕਸ ਕਲੈਕਸ਼ਨ ਐਟ ਸੋਰਸ (ਟੀ.ਸੀ.ਐਸ.) ਲਾਗੂ ਹੋਣ ਦੇ ਬਾਵਜੂਦ ਖਰਚੇ 'ਚ ਇਹ ਵਾਧਾ ਹੋਇਆ ਹੈ। ਟੀ.ਸੀ.ਐਸ. ਨੂੰ ਅਕਤੂਬਰ 2023 ਵਿੱਚ ਲਾਗੂ ਕੀਤਾ ਗਿਆ ਸੀ। ਹਾਲਾਂਕਿ, ਅੰਕੜਿਆਂ ਦੇ ਅਨੁਸਾਰ, ਟੀਸੀਐਸ ਦੇ ਲਾਗੂ ਹੋਣ ਤੋਂ ਬਾਅਦ ਮਹੀਨਾਵਾਰ ਔਸਤ ਖਰਚੇ ਵਿੱਚ ਕਮੀ ਆਈ ਹੈ।

**(ਬਾਕੀ ਸਫ਼ਾ 30 'ਤੇ)**

# ਵਿਸ਼ਵ ਸਿਹਤ ਸੰਗਠਨ ਅਨੁਸਾਰ ਕੋਵਿਡ ਕਾਰਨ ਵਿਸ਼ਵ ਪੱਧਰ ਉੱਪਰ ਜੀਵਨ ਦੀ ਸੰਭਾਵਨਾ 2 ਸਾਲਾਂ ਤੱਕ ਘਟੀ

## ਕੋਰੋਨਾ ਦੇ ਰੂਪਾਂ ਵਿੱਚ ਕਈ ਵਾਰ ਪਰਿਵਰਤਨ ਹੋਇਆ

## ਸੰਕਰਮਿਤ ਲੋਕਾਂ ਵਿੱਚ ਹਲਕੇ ਤੋਂ ਗੰਭੀਰ ਲੱਛਣ ਸਾਹਮਣੇ ਆਏ

ਵਾਸ਼ਿੰਗਟਨ/ਏ.ਟੀ.ਨਿਊਜ਼ : ਗਲੋਬਲ ਪੱਧਰ 'ਤੇ ਜਾਰੀ ਕੋਰੋਨਾ ਮਹਾਮਾਰੀ ਨੂੰ ਚਾਰ ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਇਸ ਸਮੇਂ ਦੌਰਾਨ ਕੋਰੋਨਾ ਦੇ ਰੂਪਾਂ ਵਿੱਚ ਕਈ ਵਾਰ ਪਰਿਵਰਤਨ ਹੋਇਆ ਅਤੇ ਸੰਕਰਮਿਤ ਲੋਕਾਂ ਵਿੱਚ ਹਲਕੇ ਤੋਂ ਗੰਭੀਰ ਤੱਕ ਦੇ ਲੱਛਣ ਸਾਹਮਣੇ ਆਏ। ਕੋਰੋਨਾ ਦਾ ਖ਼ਤਰਾ ਅਜੇ ਵੀ ਰੁਕਿਆ ਨਹੀਂ ਹੈ। ਤਾਜ਼ਾ ਰਿਪੋਰਟਾਂ ਅਨੁਸਾਰ ਵਾਇਰਸ ਵਿੱਚ ਇੱਕ ਵਾਰ ਫਿਰ ਪਰਿਵਰਤਨ ਹੋਇਆ ਹੈ, ਜਿਸ ਕਾਰਨ ਕਈ ਦੇਸ਼ਾਂ ਵਿੱਚ ਨਵੇਂ ਸਬ-ਵੇਰੀਐਂਟ ਵਿੱਚ ਸੰਕਰਮਣ ਵਧਦਾ ਦੇਖਿਆ ਜਾ ਰਿਹਾ ਹੈ। ਸਿੰਗਾਪੁਰ ਦੀਆਂ ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਇੱਥੇ ਸਿਰਫ ਦੋ ਹਫ਼ਤਿਆਂ ਵਿੱਚ ਕੋਰੋਨਾ ਦੇ ਮਾਮਲਿਆਂ ਵਿੱਚ 90 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਦਰਜ ਕੀਤਾ ਗਿਆ ਹੈ।

**ਵਿਸ਼ਵਵਿਆਪੀ ਜੀਵਨ ਸੰਭਾਵਨਾ ਘਟੀ**

ਵਿਸ਼ਵ ਸਿਹਤ ਸੰਗਠਨ ਦੇ ਮਾਹਿਰਾਂ ਨੇ ਸਾਰੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕੋਰੋਨਾ ਤੋਂ ਬਚਣ ਲਈ ਸਾਵਧਾਨੀ ਵਰਤਦੇ ਰਹਿਣ। ਵਿਸ਼ਵ ਸਿਹਤ ਸੰਗਠਨ ਨੇ ਵੀ ਕੋਰੋਨਾ ਦੇ ਖਤਰਿਆਂ ਨੂੰ ਲੈ ਕੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਹੈ। ਰਿਪੋਰਟ ਵਿੱਚ ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਕੋਵਿਡ-19 ਕਾਰਨ ਵਿਸ਼ਵਵਿਆਪੀ ਜੀਵਨ



ਸੰਭਾਵਨਾ ਲਗਭਗ ਦੋ ਸਾਲਾਂ ਤੱਕ ਘੱਟ ਗਈ ਹੈ।ਜੀਵਨ ਸੰਭਾਵਨਾ ਵਾਧੂ ਸਾਲਾਂ ਦੀ ਔਸਤ ਗਿਣਤੀ ਦਾ ਅੰਦਾਜ਼ਾ ਹੈ ਜੋ ਕਿਸੇ ਖਾਸ ਉਮਰ ਦਾ ਵਿਅਕਤੀ ਜੀਉਣ ਦੀ ਉਮੀਦ ਕਰ ਸਕਦਾ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਕਿਹਾ ਕਿ ਪਿਛਲੇ ਦਹਾਕੇ ਵਿੱਚ ਜੀਵਨ ਸੰਭਾਵਨਾ ਵਿੱਚ ਮਹੱਤਵਪੂਰਨ ਸੁਧਾਰ ਦੇਖਿਆ ਜਾ ਰਿਹਾ ਸੀ। ਹਾਲਾਂਕਿ ਕੋਵਿਡ -19 ਕਾਰਨ ਇਸ ਵਿੱਚ ਗਿਰਾਵਟ ਆਈ ਹੈ। ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਕੋਵਿਡ-19 ਮਹਾਮਾਰੀ ਨੇ ਸਮੁੱਚੀ ਸਿਹਤ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕੀਤਾ ਹੈ, ਸੰਕਰਮਣ ਕਾਰਨ ਲੋਕਾਂ ਵਿੱਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਵੀ ਵਿਕਸਤ ਹੁੰਦੀਆਂ ਵੇਖੀਆਂ ਗਈਆਂ ਹਨ। ਇਨ੍ਹਾਂ ਹਾਲਾਤ ਨੇ ਜੀਵਨ ਦੀ ਸੰਭਾਵਨਾ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਕੋਵਿਡ -19 ਕਾਰਨ ਗਲੋਬਲ ਜੀਵਨ ਸੰਭਾਵਨਾ 1.8 ਸਾਲ ਘਟ ਕੇ ਹੁਣ 71.4 ਸਾਲ ਹੋ ਗਈ ਹੈ। 2012 ਵਿੱਚ ਵੀ ਜੀਵਨ ਸੰਭਾਵਨਾ ਇਸ ਦੇ ਆਸਪਾਸ ਸੀ।

**ਸਮੁੱਚੀ ਸਿਹਤ 'ਤੇ ਕੋਵਿਡ ਦਾ ਪ੍ਰਭਾਵ**

ਵਿਸ਼ਵ ਸਿਹਤ ਸੰਗਠਨ ਦੇ ਖੋਜੀਆਂ ਨੇ ਦੱਸਿਆ ਕਿ ਪਿਛਲੀ ਅੱਧੀ ਸਦੀ ਵਿੱਚ ਕਿਸੇ ਵੀ ਹੋਰ ਘਟਨਾ ਦੇ ਮੁਕਾਬਲੇ ਕੋਵਿਡ-19 ਨੇ ਸਮੁੱਚੀ ਸਿਹਤ ਅਤੇ ਜੀਵਨ ਸੰਭਾਵਨਾ 'ਤੇ ਸਭ ਤੋਂ ਵੱਧ ਡੂੰਘਾ ਪ੍ਰਭਾਵ ਪਾਇਆ ਹੈ।

**(ਬਾਕੀ ਸਫ਼ਾ 30 'ਤੇ)**

# ਸਵ. ਹਰਵਿੰਦਰ ਸਿੰਘ ਬਾਠ (ਹਾਰਵੇ) ਨਮਿਤ ਭੋਗ ਅਤੇ ਅੰਤਿਮ ਅਰਦਾਸ 1 ਜੂਨ ਨੂੰ

ਫਰੀਮਾਂਟ/ਏ.ਟੀ.ਨਿਊਜ਼: ਬੀਤੇ ਦਿਨੀਂ 16 ਮਹੀਨਿਆਂ ਤੋਂ ਦਿਮਾਗ਼ ਦੇ ਕੈਂਸਰ ਨਾਲ ਜੂਝਦੇ ਹੋਏ ਸ. ਹਰਵਿੰਦਰ ਸਿੰਘ ਬਾਠ ਆਪਣੇ ਸਵਾਸ ਪੂਰੇ ਕਰ ਕੇ ਅਕਾਲ ਪੁਰਖ ਦੇ ਘਰ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੀ ਰੂਹ ਦੀ ਸ਼ਾਂਤੀ ਲਈ ਰੱਖੇ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਸ਼ਨੀਵਾਰ, 1 ਜੂਨ 2024 ਨੂੰ ਸ਼ਾਮ 6:30 ਵਜੇ ਸਥਾਨ: ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ ਫਰੀਮਾਂਟ ਵਿਖੇ ਹੋਵੇਗੀ।



ਚੜ੍ਹਦੀਕਲਾ ਵਿੱਚ ਰਹਿਣ ਵਾਲੇ ਸ. ਹਰਵਿੰਦਰ ਸਿੰਘ ਬਾਠ ਅਖੀਰਲੇ ਸ਼ਬਦਾਂ ਵਿੱਚ ਹਰ ਇੱਕ ਨੂੰ ਸਦਾ ਚੜ੍ਹਦੀਕਲਾ ਵਿੱਚ ਰਹਿਣ ਦਾ ਸੁਨੇਹਾ ਦਿੰਦੇ ਆਖਦੇ ਹਨ ਕਿ ਸਿੱਖ ਧਰਮ ਵਿੱਚ, ਚੜ੍ਹਦੀਕਲਾ, ਸਦੀਵੀ ਸਥਿਰਤਾ, ਆਸ਼ਾਵਾਦ ਅਤੇ ਅਨੰਦ ਦੀ ਮਾਨਸਿਕ ਸਥਿਤੀ ਨੂੰ ਕਾਇਮ ਰੱਖਣ ਦੀ ਇੱਛਾ ਰੱਖਣ ਵਾਲੇ ਲਈ ਇੱਕ ਪੰਜਾਬੀ ਦਾ ਸ਼ਬਦ ਹੈ ਕਿ ਜੀਵਨ ਮੁਸ਼ਕਲਾਂ ਨਾਲ ਵਹਿੰਦਾ ਹੈ ਅਤੇ ਸਾਨੂੰ ਉਨ੍ਹਾਂ ਮੁਸ਼ਕਿਲਾਂ ਤੋਂ ਉੱਪਰ ਉੱਠਣਾ ਹੈ।ਇਕ ਸਿੱਖ ਆਦਰਸ਼ਕ ਤੌਰ 'ਤੇ ਦੁੱਖ ਦੇ ਸਮੇਂ ਵੀ, ਪਰਮਾਤਮਾ ਦਾ ਭਾਣਾ ਮਨ ਕੇ ਤੇ ਉਸ ਦੇ ਭਾਣੇ ਵਿੱਚ ਰਹਿ ਕੇ ਸੰਤੁਸ਼ਟ ਹੋਣ ਦੀ ਨਿਸ਼ਾਨੀ ਵਜੋਂ ਮਨ ਨੂੰ ਸਕਾਰਾਤਮਕ ਸਥਿਤੀ ਵਿੱਚ ਰੱਖਦਾ ਹੈ। ਜਿਵੇਂ ਕਿ ਮੈਂ ਅਲਵਿਦਾ ਕਹਿਣ ਦੀ ਤਿਆਰੀ ਕਰਦਾ ਹਾਂ, ਮੈਂ ਸ਼ਾਂਤੀ ਵਿੱਚ ਹਾਂ ਅਤੇ ਹਰ ਰੋਜ਼ ਵਾਹਿਗੁਰੂ ਦੀ ਰਜ਼ਾ ਨੂੰ ਗਲੇ ਲਗਾ ਰਿਹਾ ਹਾਂ।

# ਐਂਟੀ ਟੈਰੀਰਿਜ਼ਮ ਕ੍ਰਾਈਮ ਕਰੱਪਸ਼ਨ ਫ਼ਰੰਟ ਆਫ਼ ਇੰਡੀਆ ਦੇ ਪ੍ਰਧਾਨ ਹਰਪ੍ਰੀਤ ਸਿੰਘ ਟੋਨੀ ਵੱਲੋਂ ਇੰਡੀਆ ਗਠਬੰਧਨ ਨੂੰ ਸਮਰਥਨ ਦੇਣ ਦਾ ਐਲਾਨ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਭਾਰਤ ਵਿੱਚ ਲੋਕ ਸਭਾ ਚੋਣਾਂ ਕਾਰਨ ਸਿਆਸਤ ਦਾ ਮਾਹੌਲ ਭਖਿਆ ਹੋਇਆ ਹੈ ਅਤੇ ਚਾਰੇ ਪਾਸੇ ਚੋਣਾਂ ਦੀ ਗੱਲ ਚੱਲ ਰਹੀ ਹੈ। ਇੱਕ ਪਾਸੇ ਜਿੱਥੇ ਭਾਜਪਾ ਵੱਲੋਂ ਮੋਦੀ 400 ਪਾਰ ਦਾ ਨਾਅਰਾ ਦਿੱਤਾ ਜਾ ਰਿਹਾ ਹੈ ਉੱਧਰ ਦੂਜੇ ਪਾਸੇ ਸਿਆਸੀ ਪਾਰਟੀਆਂ ਦਾ 'ਇੰਡੀਆ' ਗਠਜੋੜ ਮੋਦੀ ਨੂੰ ਟੱਕਰ ਦੇਣ ਲਈ ਪੂਰੀ ਤਿਆਰੀ ਵਿੱਚ ਹੈ। 'ਇੰਡੀਆ' ਗਠਬੰਧਨ ਨੂੰ ਉਸ ਵੇਲੇ ਹੋਰ ਵੀ ਵੱਡਾ ਹੁੰਗਾਰਾ ਮਿਲਿਆ ਜਦੋਂ ਐਂਟੀ ਟੈਰੀਰਿਜ਼ਮ ਕ੍ਰਾਈਮ ਕਰੱਪਸ਼ਨ ਫਰੰਟ ਆਫ ਇੰਡੀਆ ਦੇ ਪ੍ਰਧਾਨ ਹਰਪ੍ਰੀਤ ਸਿੰਘ ਟੋਨੀ ਵੱਲੋਂ 'ਇੰਡੀਆ' ਗਠਬੰਧਨ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ।



ਹਰਪ੍ਰੀਤ ਸਿੰਘ ਟੋਨੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਪੂਰੇ ਭਾਰਤ ਵਿੱਚ ਇੰਡੀਆ ਗਠਬੰਧਨ ਦਾ ਸਮਰਥਨ ਕਰਨਗੇ ਅਤੇ ਖਾਸ ਤੌਰ 'ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਪੂਰੀ ਹਮਾਇਤ ਕਰਨਗੇ।ਸ.

ਹਰਪ੍ਰੀਤ ਸਿੰਘ ਟੋਨੀ, ਜੋ ਕਿ ਰੇਲਵੇ ਬੋਰਡ ਅਤੇ ਟੂਰਿਜ਼ਮ ਐਡਵਾਈਜ਼ਰੀ ਦੇ ਮੈਂਬਰ ਵੀ ਹਨ, ਨੇ ਦੱਸਿਆ ਕਿ 15 ਅਗਸਤ ਨੂੰ ਉਹ ਆਪਣੀ ਸੰਸਥਾ ਐਂਟੀ ਟੈਰੀਰਿਜ਼ਮ ਕ੍ਰਾਈਮ ਕਰੱਪਸ਼ਨ ਫਰੰਟ ਆਫ ਇੰਡੀਆ ਵੱਲੋਂ ਇੱਕ ਵਿਸ਼ਾਲ ਸਮਾਗਮ ਦਾ ਆਯੋਜਨ ਕਰਨਗੇ, ਜਿਸ ਵਿੱਚ ਬਾਲੀਵੁੱਡ, ਸਪੋਰਟਸ, ਸਿਆਸਤ ਅਤੇ ਲੋਕ ਹਿੱਤ ਲਈ ਚੰਗੇ ਕੰਮ ਕਰਨ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ।

# ਕੀ ਮੋਦੀ ਮੁੜ ਪ੍ਰਧਾਨ ਮੰਤਰੀ ਬਣ ਸਕਣਗੇ ?

## ‘ਇੰਡੀਆ’ ਗੱਠਜੋੜ ਮੁਤਾਬਕ ਭਾਜਪਾ ਬੈਕਫੁੱਟ ’ਤੇ | ਭਾਜਪਾ ਫਿਰਕੂ ਪ੍ਰਚਾਰ ਨੂੰ ਕਰਨ ਲੱਗੀ ਉਤਸ਼ਾਹਿਤ

## ਪ੍ਰਸ਼ਾਂਤ ਕਿਸ਼ੋਰ ਤੋਂ ਬਾਅਦ ਯੋਗੇਂਦਰ ਯਾਦਵ ਨੇ ਵੀ ਦੱਸਿਆ ਭਾਜਪਾ ਨੂੰ ਕਿੰਨੀਆਂ ਸੀਟਾਂ ਮਿਲਣਗੀਆਂ





ਲੋਕ ਸਭਾ ਜਿਉਂ ਜਿਉਂ ਚੋਣਾਂ ਆਪਣੇ ਅੰਤਿਮ ਪੜਾਅ ਵੱਲ ਵਧ ਰਹੀਆਂ ਹਨ। ਸਿਆਸੀ ਵਿਸ਼ਲੇਸ਼ਕ ਆਪੋ-ਆਪਣੇ ਦਾਅਵਿਆਂ ਨਾਲ ਅੱਗੇ ਆਉਣ ਲੱਗੇ ਹਨ। ਇੰਡੀਆ ਗਠਜੋੜ ਦਾ ਮੰਨਣਾ ਹੈ ਕਿ ਇਸ ਵਾਰ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ 2019 ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਨੂੰ ਦੁਹਰਾਉਣ ਵਿੱਚ ਅਸਮਰਥ ਨਜ਼ਰ ਆ ਰਹੀਆਂ ਹਨ। ਲੋਕਾਂ ਦਾ ਸਪੱਸ਼ਟ ਤੌਰ ’ਤੇ ਪ੍ਰਧਾਨ ਮੰਤਰੀ ਮੋਦੀ ਅਤੇ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਇੰਡੀਆ ਗੱਠਜੋੜ ਦਾ ਮੰਨਣਾ ਹੈ ਕਿ ਮੁੱਖ ਧਾਰਾ ਮੀਡੀਆ ਵਿੱਚ ਸਰਵੇਖਣ ਸਵੀਕਾਰ ਕਰ ਰਹੇ ਹਨ ਕਿ ਮੋਦੀ ਜਾਦੂ ਖਤਮ ਹੋ ਰਿਹਾ ਹੈ। ਇਸ ਦੇ ਮੁੱਖ ਕਾਰਨ ਦੋ ਵੱਡੇ ਆਰਥਿਕ ਮੁੱਦੇ ਹਨ: ਬੇਰੁਜ਼ਗਾਰੀ ਤੇ ਮਹਿੰਗਾਈ।

ਵਿਆਪਕ ਧਾਰਨਾ ਇਹ ਹੈ ਕਿ ਮੋਦੀ ਸਰਕਾਰ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਵਿੱਚ ਅਸਮਰੱਥ ਰਹੀ ਹੈ। ਇਸੇ ਤਰ੍ਹਾਂ, ਖਪਤਕਾਰਾਂ ਦੀਆਂ ਕੀਮਤਾਂ, ਖਾਸ ਤੌਰ ’ਤੇ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਦੇ ਨਾਲ-ਨਾਲ ਸਿਹਤ ਅਤੇ ਸਿੱਖਿਆ ਅਤੇ ਹੋਰ ਬੁਨਿਆਦੀ ਲੋੜਾਂ ਜਿਵੇਂ ਕਿ ਈਂਧਨ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧੇ ਨੇ ਘਰਾਂ ਦੇ ਬਜਟ ਨੂੰ ਵਿਗਾੜ ਦਿੱਤਾ ਹੈ, ਜੋ ਕਿ ਪਹਿਲਾਂ ਤੋਂ ਮਹਾਂਮਾਰੀ ਨਾਲ ਜੂਝ ਰਹੇ ਹਨ।

ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਦਾ ਮੰਨਣਾ ਹੈ ਕਿ ਪਿਛਲੇ ਦਹਾਕੇ ਵਿੱਚ ਜ਼ਹਿਰੀਲੀ ਫਿਰਕੂ ਵਿਚਾਰਧਾਰਾਵਾਂ ਦਾ ਪ੍ਰਚਾਰ ਤੇ ਪ੍ਰਸਾਰ ਆਪਣੇ ਸਿਖਰ ’ਤੇ ਪਹੁੰਚ ਗਿਆ ਹੈ, ਜਿਵੇਂ ਕਿ ਮੌਜੂਦਾ ਚੋਣ ਮੁਹਿੰਮ ਵਿੱਚ ਦੇਖਿਆ ਜਾ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਖੁਦ ਕਥਿਤ ਤੌਰ ’ਤੇ ਕਹਿ ਰਹੇ ਹਨ ਕਿ ਵਿਰੋਧੀ ਧਿਰ ਲੋਕਾਂ ਦੇ ਮੰਗਲਸੂਤਰ ਅਤੇ ਦੁਧਾਰੂ ਪਸ਼ੂਆਂ ਨੂੰ ਖੋਹ ਕੇ ਮੁਸਲਮਾਨਾਂ ਨੂੰ ਦੇ ਦੇਵੇਗੀ। ਜਦ ਕਿ ਕਾਂਗਰਸ ਜਾਂ ਇੰਡੀਆ ਗੱਠਜੋੜ ਨੇ ਅਜਿਹਾ ਕੋਈ ਬਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਫਿਰਕੂ ਦੋਸ਼ ਆਮ ਲੋਕ ਪਸੰਦ ਨਹੀਂ ਕਰਦੇ।

ਖੱਬੇ ਪੱਖੀ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਵੱਖ-ਵੱਖ ਜਾਤੀ ਆਧਾਰਿਤ ਸਿਆਸੀ ਪਾਰਟੀਆਂ ਨੂੰ ਆਪਣੇ ਘੇਰੇ ਵਿੱਚ ਲਿਆ ਕੇ ਜਾਤੀ ਗਠਜੋੜ ਬਣਾਉਣ ਦੇ ਠੋਸ ਯਤਨਾਂ ਦੇ ਬਾਵਜੂਦ, ਭਾਜਪਾ ਗਠਜੋੜ ਦਲਿਤਾਂ ਅਤੇ ਆਦਿਵਾਸੀਆਂ ਪ੍ਰਤੀ ਦੁਸ਼ਮਣੀ ਦੇ ਅਕਸ ਤੋਂ ਆਪਣੇ ਆਪ ਨੂੰ ਮੁਕਤ ਨਹੀਂ ਕਰ ਸਕਿਆ ਹੈ। ਹੋਰ ਕੀ ਹੈ, ਉਸਦੇ ਨਾਅਰੇ ‘ਅਬ ਕੀ ਬਾਰ, 400 ਪਾਰ’ ਨੂੰ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੀ ਤਿਆਰੀ ਵਜੋਂ ਵਿਆਪਕ ਤੌਰ ’ਤੇ ਪੇਸ਼ ਕੀਤਾ ਗਿਆ ਹੈ - ਜਿਸ ਨੇ ਖਾਸ ਤੌਰ ’ਤੇ ਦਲਿਤ ਭਾਈਚਾਰੇ ਨੂੰ ਨਾਰਾਜ਼ ਕੀਤਾ ਹੈ, ਜਦੋਂ ਕਿ ਇਹ ਡਰ ਸਮਾਜ ਦੇ ਸਾਰੇ ਵਰਗਾਂ ਵਿੱਚ ਫੈਲਿਆ ਹੋਇਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇੱਥੋਂ ਤੱਕ ਕਿ ਭ੍ਰਿਸ਼ਟਾਚਾਰ ਨਾਲ ਲੜਨ ਦੇ ਅਕਸ ਨੂੰ ਵੀ ਉਦੋਂ ਭਾਰੀ ਸੱਟ ਵੱਜੀ ਜਦੋਂ ਚੋਣ ਬਾਂਡ ਦਾ ਮਾਮਲਾ ਸਾਹਮਣੇ ਆਇਆ ਅਤੇ ਸੁਪਰੀਮ ਕੋਰਟ ਵੱਲੋਂ ਸਰਕਾਰ ਅਤੇ ਸਟੇਟ ਬੈਂਕ ਆਫ਼ ਇੰਡੀਆ ਨੂੰ ਸਾਰੇ ਵੇਰਵੇ ਜਨਤਕ ਕਰਨ ਲਈ ਮਜ਼ਬੂਰ ਕਰਨਾ ਪਿਆ, ਜਿਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਭਾਜਪਾ ਨੂੰ ਕਾਰਪੋਰੇਟ ਫੰਡ ਦਾ ਵੱਡਾ ਹਿੱਸਾ ਮਿਲ ਰਿਹਾ ਸੀ। ਇਹ ਸਾਰੇ ਅਤੇ ਹੋਰ ਬਹੁਤ ਸਾਰੇ ਸਥਾਨਕ ਜਾਂ ਰਾਜ ਪੱਧਰੀ ਕਾਰਕ ਮਿਲ ਕੇ ਮੌਜੂਦਾ ਚੋਣਾਂ ਵਿੱਚ ਭਾਜਪਾ ਨੂੰ ਪਿੱਛੇ ਧੱਕ ਰਹੇ ਹਨ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਸੀ ਕਿ ਲੋਕ ਸਭਾ ਚੋਣਾਂ ਦਾ ਹਰ ਪੜਾਅ ਪੂਰਾ ਹੋਣ ਦੇ ਨਾਲ ਹੀ ਇਹ ਸਪੱਸ਼ਟ ਹੋ ਰਿਹਾ ਹੈ ਕਿ ਨਰਿੰਦਰ ਮੋਦੀ ਸਰਕਾਰ ਜਾਣ ਵਾਲੀ ਹੈ ਤੇ 4 ਜੂਨ ਨੂੰ ਇੰਡੀਆ ਗਠਜੋੜ ਸੱਤਾ ਵਿੱਚ ਆ ਰਿਹਾ ਹੈ। ਗਠਜੋੜ ਦੇਸ਼ ਨੂੰ ਸਥਿਰ ਸਰਕਾਰ ਦੇਵੇਗਾ।

ਦੂਜੇ ਪਾਸੇ ਮਸ਼ਹੂਰ ਸਿਆਸੀ ਵਿਸ਼ਲੇਸ਼ਕ ਪ੍ਰਸ਼ਾਂਤ ਕਿਸ਼ੋਰ ਨੇ ਬੀਤੇ ਦਿਨੀਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਯੋਗੇਂਦਰ ਯਾਦਵ ਦਾ ਲੋਕ ਸਭਾ ਚੋਣ ਨਤੀਜਿਆਂ ਦੀ ਭਵਿੱਖਬਾਣੀ ਬਾਰੇ ਵੀਡੀਓ ਦਾ ਸਕ੍ਰੀਨਸ਼ੌਟ ਸਾਂਝਾ ਕੀਤਾ। ਪ੍ਰਸ਼ਾਂਤ ਕਿਸ਼ੋਰ ਨੇ ਯੋਗੇਂਦਰ ਯਾਦਵ ਦੀ ਭਵਿੱਖਬਾਣੀ ਦੇ ਵੀਡੀਓ ਦੇ ਸਕਰੀਨ ਸ਼ਾਟ ਦੇ ਨਾਲ ਆਪਣੀ ਪੋਸਟ ਵਿੱਚ ਲਿਖਿਆ ਕਿ ਦੇਸ਼ ਵਿੱਚ ਚੋਣਾਂ ਅਤੇ ਸਮਾਜਿਕ-ਰਾਜਨੀਤਿਕ ਮੁੱਦਿਆਂ ਨੂੰ ਸਮਝਣ ਵਾਲਿਆਂ ਵਿੱਚ ਇੱਕ ਭਰੋਸੇਮੰਦ ਸਖਸ਼ੀਅਤ ਯੋਗੇਂਦਰ ਯਾਦਵ ਨੇ 2024 ਦੀਆਂ ਲੋਕ ਸਭਾ ਚੋਣਾਂ ਬਾਰੇ ਆਪਣਾ ਅੰਤਿਮ ਮੁਲਾਂਕਣ ਸਾਂਝਾ ਕੀਤਾ ਹੈ। ਯੋਗੇਂਦਰ ਜੀ ਮੁਤਾਬਕ ਇਨ੍ਹਾਂ ਚੋਣਾਂ ਵਿੱਚ ਭਾਜਪਾ ਨੂੰ 240-260 ਸੀਟਾਂ ਮਿਲ ਸਕਦੀਆਂ ਹਨ ਅਤੇ ਐਨ.ਡੀ.ਏ. ਦੀਆਂ ਸਹਿਯੋਗੀ ਪਾਰਟੀਆਂ ਨੂੰ 35-45 ਸੀਟਾਂ ਮਿਲ ਸਕਦੀਆਂ ਹਨ। ਭਾਵ ਭਾਜਪਾ/ਐਨ.ਡੀ.ਏ. ਲਈ 275-305 ਸੀਟਾਂ। ਦੇਸ਼ ਵਿੱਚ ਸਰਕਾਰ ਬਣਾਉਣ ਲਈ 272 ਸੀਟਾਂ ਦੀ ਲੋੜ ਹੈ ਅਤੇ ਇਸ ਲੋਕ ਸਭਾ ਚੋਣ ਵਿੱਚ ਭਾਜਪਾ/ਐਨ.ਡੀ.ਏ. ਕੋਲ 303/323 ਸੀਟਾਂ ਹਨ। ਹੁਣ ਤੁਸੀਂ ਆਪ ਮੁਲਾਂਕਣ ਕਰੋ ਕਿ ਕਿਸ ਦੀ ਸਰਕਾਰ ਬਣ ਰਹੀ ਹੈ।

ਇਸ ਤੋਂ ਪਹਿਲਾਂ 21 ਮਈ ਨੂੰ ਇੰਡੀਆ ਟੂਡੇ ਟੀ.ਵੀ. ਨਾਲ ਗੱਲਬਾਤ ਕਰਦਿਆਂ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਸੀ ਕਿ ਭਾਜਪਾ ਲਈ ਆਪਣੇ ਦਮ ’ਤੇ 370 ਸੀਟਾਂ ਹਾਸਲ ਕਰਨਾ ਅਸੰਭਵ ਹੋਵੇਗਾ ਅਤੇ ਐਨ.ਡੀ.ਏ. ਨੂੰ 400 ਸੀਟਾਂ ਨਹੀਂ ਮਿਲਣਗੀਆਂ। ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਕਈ ਨੇਤਾ ਦਾਅਵੇ ਕਰ ਰਹੇ ਹਨ। ਹਾਲਾਂਕਿ, ਉਨ੍ਹਾਂ ਅੱਗੇ ਕਿਹਾ ਕਿ ਭਾਜਪਾ 270 ਦੇ ਅੰਕੜੇ ਤੋਂ ਹੇਠਾਂ ਨਹੀਂ ਰਹੇਗੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਭਾਜਪਾ ਨੂੰ ਉੱਤਰ ਅਤੇ ਪੱਛਮ ਵਿੱਚ ਕੋਈ ਵੱਡਾ ਝਟਕਾ ਨਹੀਂ ਲੱਗ ਰਿਹਾ ਹੈ, ਜਦਕਿ ਦੱਖਣ ਅਤੇ ਪੂਰਬ ਵਿੱਚ ਉਸ ਦੀਆਂ ਸੀਟਾਂ ਵਧਣਗੀਆਂ।

(ਬਾਕੀ ਸਫ਼ਾ 30 ’ਤੇ)

# ਪਿਛਲੀਆਂ ਦੋ ਚੋਣਾਂ ਤੋਂ ਵੱਖਰੀਆਂ ਹਨ ਮੌਜੂਦਾ ਲੋਕ ਸਭਾ ਚੋਣਾਂ

➢ ਕੀ ਭਾਜਪਾ ਹੈਟ੍ਰਿਕ ਮਾਰਨ ਵਿੱਚ ਹੋ ਸਕੇਗੀ ਕਾਮਯਾਬ ? ➢ਵੱਡੀ ਗਿਣਤੀ ਵੋਟਰਾਂ ਨੇ ਰਾਸ਼ਟਰੀ ਆਗੂਆਂ ਦੀ ਥਾਂ ਸਥਾਨਕ ਆਗੂਆਂ ਨੂੰ ਦਿੱਤੀ ਅਹਿਮੀਅਤ







ਇਸ ਸਮੇਂ ਪੂਰੇ ਦੇਸ਼ ਵਾਸੀਆਂ ਦੀਆਂ ਨਜ਼ਰਾਂ ਲੋਕ ਸਭਾ ਚੋਣਾਂ ’ਤੇ ਲੱਗੀਆਂ ਹੋਈਆਂ ਹਨ, ਹੁਣ ਤੱਕ 6 ਗੇੜਾਂ ਵਿੱਚ ਚੋਣਾਂ ਹੋ ਚੁੱਕੀਆਂ ਹਨ ਤੇ ਸੱਤਵੇਂ ਗੇੜ ਵਿੱਚ ਪੰਜਾਬ ਅਤੇ ਕੁਝ ਹੋਰ ਇਲਾਕਿਆਂ ਵਿੱਚ 1 ਜੂਨ ਨੂੰ ਵੋਟਾਂ ਪੈਣਗੀਆਂ। ਇਹਨਾਂ ਆਮ ਚੋਣਾਂ ਨੂੰ ਪਿਛਲੀਆਂ ਦੋ ਚੋਣਾਂ ਨਾਲੋਂ ਵੱਖਰਾ ਮੰਨਿਆ ਜਾ ਰਿਹਾ ਹੈ। ਇਹਨਾਂ ਚੋਣਾਂ ਦੌਰਾਨ ਮੁੱਖ ਮੁਕਾਬਲਾ ਭਾਜਪਾ ਗਠਜੋੜ ਐਨ.ਡੀ.ਏ. ਅਤੇ ਕਾਂਗਰਸ ਗਠਜੋੜ ਇੰਡੀਆ ਵਿਚਾਲੇ ਹੈ। ਦੋਵੇਂ ਧਿਰਾਂ ਹੀ ਇਹਨਾਂ ਚੋਣਾਂ ਵਿੱਚ ਆਪੋ ਆਪਣੀ ਜਿੱਤ ਦਾ ਦਾਅਵਾ ਕਰ ਰਹੇ ਹਨ, ਜਦੋਂਕਿ ਸਰਕਾਰ ਪੱਖੀ ਲੇਖਕ ਦਾਅਵਾ ਕਰ ਰਹੇ ਹਨ ਕਿ ਇਹਨਾਂ ਚੋਣਾਂ ਵਿੱਚ ਜਿੱਤ ਹਾਸਲ ਕਰਕੇ ਭਾਜਪਾ ਹੈਟ੍ਰਿਕ ਮਾਰੇਗੀ। ਇਹਨਾਂ ਲੇਖਕਾਂ ਦਾ ਕਹਿਣਾ ਹੈ ਕਿ ਨਰਿੰਦਰ ਮੋਦੀ ਲਹਿਰ ਪੈਦਾ ਕਰਨਾ ਜਾਣਦੇ ਹਨ। ਦਸ ਸਾਲ ਪਹਿਲਾਂ ਉਹਨਾਂ ਨੇ ਭਾਜਪਾ ਨੂੰ ਪਹਿਲੀ ਵਾਰ ਲੋਕ ਸਭਾ ਵਿੱਚ ਪੂਰਨ ਬਹੁਮਤ ਦਿਵਾਇਆ ਸੀ। ਪੰਜ ਸਾਲ ਬਾਅਦ ਰਾਸ਼ਟਰਵਾਦੀ ਭਾਵਨਾਵਾਂ ਦੇ ਉਭਾਰ ਦੇ ਨਾਲ ਉਹਨਾਂ ਨੇ ਬਹੁਮਤ ਨੂੰ ਹੋਰ ਮਜ਼ਬੂਤ ਕਰ ਦਿੱਤਾ। ਦੂਜੇ ਪਾਸੇ ਕੁਝ ਨਿਰਪੱਖ ਲੇਖਕ ਕਹਿੰਦੇ ਹਨ ਕਿ ਇਸ ਵਾਰ ਭਾਜਪਾ ਨੂੰ ਚੋਣਾਂ ਵਿੱਚ ਬਹੁਮਤ ਮਿਲਣਾ ਆਸਾਨ ਨਹੀਂ ਹੈ ਅਤੇ ਦੇਸ਼ ਵਿੱਚ ਇਸ ਸਮੇਂ ਮੋਦੀ ਲਹਿਰ ਵਰਗੀ ਕੋਈ ਚੀਜ਼ ਨਹੀਂ ਹੈ। ਵੱਡੀ ਗਿਣਤੀ ਪੇਂਡੂ ਵੋਟਰ ਵੱਧ ਰਹੀ ਮਹਿੰਗਾਈ ਤੋਂ ਬਹੁਤ ਪ੍ਰੇਸ਼ਾਨ ਹਨ।

ਇਹਨਾਂ ਚੋਣਾਂ ਦੌਰਾਨ ਇੱਕ ਗੱਲ ਇਹ ਵੀ ਉਭਰ ਕੇ ਸਾਹਮਣੇ ਆਈ ਹੈ ਕਿ ਦੇਸ਼ ਵਿੱਚ ਭਾਜਪਾ ਦੇ ਪੰਜ ਉਮੀਦਵਾਰਾਂ ਵਿਚੋਂ ਇੱਕ ਦਲ ਬਦਲੀ ਕਰਕੇ ਦੂਜੀਆਂ ਪਾਰਟੀਆਂ ਵਿਚੋਂ ਆਇਆ ਹੋਇਆ ਹੈ। ਅਜਿਹੇ ਉਮੀਦਵਾਰਾਂ ਦੀ ਹਿੰਦੁਤਵ ਪ੍ਰਤੀ ਕੱਟੜ ਸੋਚ ਨਹੀਂ ਰਹੀ ਹੈ। ਇਹ ਠੀਕ ਹੈ ਕਿ ਦੇਸ਼ ਵਿੱਚ ਨਵੇਂ ਐਕਸਪ੍ਰੈਸ ਵੇ ਬਣ ਗਏ ਹਨ ਅਤੇ ਨਵੀਆਂ ਤਕਨੀਕਾਂ ਨਾਲ ਨਵੀਆਂ ਸੜਕਾਂ ਦੀ ਉਸਾਰੀ ਹੋ ਚੁੱਕੀ ਹੈ ਪਰ ਅਸਲੀਅਤ ਤਾਂ ਇਹ ਵੀ ਹੈ ਕਿ ਅਜੇ ਵੀ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਜਾਣ ਲਈ 50 ਕਿਲੋਮੀਟਰ ਪ੍ਰਤੀ ਘੰਟਾ ਦੀ ਗਤੀ ਹੀ ਅਸੀਂ ਪ੍ਰਾਪਤ ਕਰ ਸਕੇ ਹਾਂ ਜੋਂ ਕਿ ਇੱਕ ਚੌਥਾਈ ਸਦੀ ਪਹਿਲਾਂ ਵੀ ਇੰਨੀ ਹੀ ਸੀ, ਫਿਰ ਕਿਹਾ ਜਾ ਸਕਦਾ ਹੈ ਕਿ ਵਿਕਾਸ ਕਿੱਥੇ ਹੋਇਆ ?

ਕੁਝ ਪੱਤਰਕਾਰਾਂ ਨੇ ਇਹਨਾਂ ਚੋਣਾਂ ਦੌਰਾਨ ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਮਹਾਰਾਸ਼ਟਰ ਸਮੇਤ ਪੂਰਬੀ ਤਟ ਤੋਂ ਪੱਛਮ ਤਕ 2 ਹਜ਼ਾਰ ਕਿਲੋਮੀਟਰ ਦੀ ਯਾਤਰਾ ਕੀਤੀ। ਇਹਨਾਂ ਪੱਤਰਕਾਰਾਂ ਅਨੁਸਾਰ ਉਹਨਾਂ ਨੇ ਇਹਨਾਂ ਇਲਾਕਿਆਂ ਵਿੱਚ ਚੱਲ ਰਹੀਆਂ ਚੋਣ ਮੁਹਿੰਮਾਂ ’ਤੇ ਨਜ਼ਰ ਰੱਖੀ, ਜਿਸ ਤੋਂ ਅਹਿਸਾਸ ਹੋਇਆ ਕਿ ਇਸ ਵਾਰ ਚੋਣਾਂ ਵਿੱਚ ਮੋਦੀ ਲਹਿਰ ਨਾਮ ਦੀ ਕੋਈ ਚੀਜ਼ ਨਹੀਂ ਹੈ ਪਰ ਇਸਦੇ ਬਾਵਜੂਦ ਉਹਨਾਂ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਵਿਰੁੱਧ ਵੀ ਕੋਈ ਲਹਿਰ ਨਹੀਂ ਦਿਖਾਈ ਦਿੱਤੀ। ਇਹਨਾਂ ਇਲਾਕਿਆਂ ਵਿੱਚ ਲੋਕਾਂ ਵੱਲੋਂ ਸਥਾਨਕ ਮੁੱਦਿਆਂ ਨੂੰ ਵਧੇਰੇ ਉਭਾਰਿਆ ਗਿਆ ਅਤੇ ਰਾਸ਼ਟਰੀ ਨੇਤਾਵਾਂ ਦੀ ਥਾਂ ਸਥਾਨਕ ਨੇਤਾਵਾਂ ਨੂੰ ਵਧੇਰੇ ਅਹਿਮੀਅਤ ਦਿੱਤੀ ਗਈ। ਇਹ ਰਾਸ਼ਟਰੀ ਰਾਜਨੀਤੀ ਵਿੱਚ ਮੋਦੀ ਦੇ ਉਭਾਰ ਤੋਂ ਪਹਿਲਾਂ ਦੇ ਦੌਰ ਦੀ ਤਰ੍ਹਾਂ ਸੀ। ਇਸਦੇ ਨਵੀਂ ਦਿੱਲੀ ਵਿੱਚ ਕੀ ਮਾਇਨੇ ਨਿਕਲਣਗੇ, ਇਸ ਬਾਰੇ ਬਾਅਦ ਵਿੱਚ ਵਿਚਾਰ ਕੀਤਾ ਜਾਂਦਾ ਸੀ। ਸ਼ਹਿਰੀ ਮੱਧ ਵਰਗ ਮੋਦੀ ਦੇ ਤੀਜੇ ਕਾਰਜਕਾਲ ਦੇ ਲਈ ਇਸ ਆਧਾਰ ’ਤੇ ਉਤਸ਼ਾਹਿਤ ਹੈ ਕਿ ਤੇਜੀ ਨਾਲ ਵਿਕਸਤ ਹੋ ਰਹੀ ਅਰਥਵਿਵਸਥਾ ਭਾਰਤ ਦੇ ਕੱਦ ਨੂੰ ਵਧਾ ਰਹੀ ਹੈ ਪਰ ਪੇਂਡੂ ਵੋਟਰਾਂ ਦੀ ਸੋਚ ਇਸ ਤੋਂ ਵੱਖਰੀ ਹੈ।

ਭਾਰਤ ਵੱਖ- ਵੱਖ ਰਾਜਾਂ ਦਾ ਸਮੂਹ ਹੈ ਅਤੇ ਸਭ ਤੋਂ ਤਾਕਤਵਰ ਲੋਕਾਂ ਦਾ ਵੀ ਪੂਰੇ ਭਾਰਤ ’ਤੇ ਕੰਟਰੋਲ ਕਰਨਾ ਮੁਸ਼ਕਿਲ ਹੁੰਦਾ ਹੈ। ਹਾਲਾਂਕਿ ਬੁੱਧਜੀਵੀਆਂ ਅਤੇ ਪੱਤਰਕਾਰਾਂ ਵੱਲੋਂ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਇਹਨਾਂ ਚੋਣਾਂ ਵਿੱਚ ਭਾਜਪਾ ਗਠਜੋੜ ਦੀ ਜਿੱਤ ਹੋਵੇਗੀ ਪਰ ਇਸ ਜਿੱਤ ਦਾ ਅੰਤਰ ਮਾਮੂਲੀ ਹੋ ਸਕਦਾ ਹੈ। ਜੇ ਭਾਜਪਾ ਘੱਟ ਅੰਤਰ ਨਾਲ ਚੋਣਾਂ ਜਿੱਤਦੀ ਹੈ ਤਾਂ ਇਹ ਡਰ ਖਤਮ ਹੋ ਜਾਵੇਗਾ ਕਿ ਉਹ ਹੋਰ ਜ਼ਿਆਦਾ ਮਜ਼ਬੂਤ ਹੋ ਰਹੀ ਹੈ। ਭਾਵੇਂਕਿ ਵੱਖ ਵੱਖ ਵਿਸ਼ਲੇਸ਼ਕਾਂ ਵੱਲੋਂ ਇਹ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਇਹਨਾਂ ਚੋਣਾਂ ਵਿੱਚ ਭਾਜਪਾ ਦੀ ਹੀ ਕੁਝ ਅੰਤਰ ਨਾਲ ਜਿੱਤ ਹੋਵੇਗੀ, ਪਰ ਅਸਲ ਵਿੱਚ ਭਾਰਤ ਦੀ ਜਨਤਾ ਕਿਸ ਸਿਆਸੀ ਪਾਰਟੀ ਨੂੰ ਦੇਸ਼ ਦੀ ਸੱਤਾ ਸੌਂਪਦੀ ਹੈ, ਇਸ ਦਾ ਪਤਾ ਤਾਂ ਚੋਣ ਨਤੀਜਿਆਂ ਤੋਂ ਹੀ ਲੱਗੇਗਾ।

# ਅਮਰੀਕਾ ਖ਼ਬਰਨਾਮਾ

## ਭਾਰਤੀ ਅਮਰੀਕੀ ਜੱਜ ਬਲਸਾਰਾ ਡਿਸਟ੍ਰਿਕਟ ਜੱਜ ਬਣੇ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਯੂ. ਐਸ. ਸੈਨੇਟ ਨੇ ਭਾਰਤੀ ਅਮਰੀਕੀ ਜੱਜ ਸੰਕੇਟ ਬਲਸਾਰਾ ਦੀ ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਲਈ ਡਿਸਟ੍ਰਿਕਟ ਜੱਜ ਵਜੋਂ 51-42 ਵੋਟਾਂ ਦੇ ਅੰਤਰ ਨਾਲ ਪੁਸ਼ਟੀ ਕਰ ਦਿੱਤੀ ਹੈ। ਇਸ ਪੂਰਬੀ ਜ਼ਿਲ੍ਹੇ ਵਿੱਚ ਬਰੁਕਲਿਨ, ਕੁਈਨਜ ਤੇ ਲੌਂਗ ਆਈਲੈਂਡ ਆਉਂਦੇ ਹਨ, ਜਿਨ੍ਹਾਂ ਦੀ ਆਬਾਦੀ 70 ਲੱਖ ਹੈ।



ਸੈਨੇਟ ਦੇ ਬਹੁਗਿਣਤੀ ਆਗੂ ਚਕ ਸ਼ੂਮਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਮੈ ਇਸ ਅਦਭੁੱਤ ਨਿਊਯਾਰਕ ਵਾਸੀ ਸੰਕੇਟ ਬਲਸਾਰਾ ਦੇ ਨਾਂ ਦੀ ਡਿਸਟ੍ਰਿਕਟ ਜੱਜ ਵਜੋਂ ਪੁਸ਼ਟੀ ਕਰਦਾ ਹਾਂ। ਉਨ੍ਹਾਂ ਕਿਹਾ ਕਿ ਸੰਕੇਟ ਬਲਸਾਰਾ 2017 ਵਿੱਚ ਸੈਕੰਟ ਸਰਕਟ ਵਿਖੇ ਪਹਿਲੇ ਭਾਰਤੀ ਅਮਰੀਕੀ ਮਜਿਸਟ੍ਰੇਟ ਜੱਜ ਬਣੇ ਸਨ। ਰਾਸ਼ਟਰਪਤੀ ਜੋ ਬਾਇਡਨ ਦੁਆਰਾ ਨਾਮਜ਼ਦ ਉਹ 195 ਵੇਂ ਜੱਜ ਹਨ, ਜਿਨ੍ਹਾਂ ਦੇ ਨਾਂਅ ਦੀ ਅਸੀਂ ਪੁਸ਼ਟੀ ਕਰਦੇ ਹਾਂ। ਬਲਸਾਰਾ ਦੇ ਮਾਪੇ 50 ਸਾਲ ਪਹਿਲਾਂ ਅਮਰੀਕਾ ਆਏ ਸਨ। ਉਨ੍ਹਾਂ ਦੇ ਪਿਤਾ ਨੇ ਨਿਊਯਾਰਕ ਵਿੱਚ ਇੰਜੀਨੀਅਰ ਵਜੋਂ ਕੰਮ ਕੀਤਾ ਹੈ, ਜਦ ਕਿ ਉਨ੍ਹਾਂ ਦੀ ਮਾਂ ਇੱਕ ਸਮਰਪਿਤ ਨਰਸ ਸਨ।

## ਘਰ ਨੂੰ ਅੱਗ ਲਾ ਕੇ 5 ਪਰਿਵਾਰਕ ਮੈਂਬਰਾਂ ਦੀ ਹੱਤਿਆ ਕਰਨ ਦੇ ਮਾਮਲੇ 'ਚ ਦੋਸ਼ੀ ਨੇ ਗੁਨਾਹ ਕਬੂਲਿਆ




ਸੈਕਰਾਮੈਂਟੋ ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਕੋਲੋਰਾਡਾ ਰਾਜ ਦੀ ਰਾਜਧਾਨੀ ਡੈਨਵਰ ਵਿੱਚ ਤਕਰੀਬਨ 4 ਸਾਲ ਪਹਿਲਾਂ ਇੱਕ ਘਰ ਨੂੰ ਅੱਗ ਲਾ ਕੇ ਪਰਿਵਾਰ ਦੇ 5 ਜੀਆਂ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿੱਚ ਦੋਸ਼ੀ ਨਬਾਲਗ ਕੈਵਿਨ ਹੂਈ ਬੂਈ ਨੇ ਆਪਣਾ ਗੁਨਾਹ ਮੰਨ ਲਿਆ ਹੈ। ਦਰਅਸਲ ਬੂਈ ਜੋ ਉਸ ਵੇਲੇ 16 ਸਾਲਾਂ ਦਾ ਸੀ ਤੇ ਇਸ ਵੇਲੇ 20 ਸਾਲ ਦਾ ਹੋ ਚੁੱਕਾ ਹੈ,ਦਾ ਆਈ ਫੋਨ ਗਵਾਚ ਗਿਆ ਸੀ। ਉਸ ਦਾ ਵਿਸ਼ਵਾਸ਼ ਸੀ ਕਿ ਇਹ ਫੋਨ ਡੈਨਵਰ ਦੇ ਇੱਕ ਘਰ ਵਿੱਚ ਹੈ। ਜਿਸ ਦਾ ਬਦਲਾ ਲੈਣ ਲਈ ਉਸ ਨੇ ਇਸ ਘਰ ਨੂੰ ਅੱਗ ਲਾ ਦਿੱਤੀ। ਇਸ ਘਟਨਾ ਵਿੱਚ 2 ਬੱਚਿਆਂ ਸਮੇਤ ਸੈਨੇਗਾਲੀ ਪਰਿਵਾਰ ਦੇ 5 ਮੈਂਬਰ ਮਾਰੇ ਗਏ ਸਨ ਤੇ 3 ਹੋਰ ਕਿਸੇ ਤਰਾਂ ਆਪਣੀ ਜਾਨ ਬਚਾਉਣ ਵਿੱਚ ਸਫਲ ਹੋ ਗਏ ਸਨ। ਅਧਿਕਾਰੀਆਂ ਅਨੁਸਾਰ ਬੂਈ ਨੇ ਫਾਈਂਡ ਮਾਈ ਆਈ ਫੋਨ ਐਪ ਦੀ ਵਰਤੋਂ ਦੁਆਰਾ ਪਤਾ ਲਾਇਆ ਕਿ ਉਸ ਦਾ ਗਵਾਚਾ ਫੋਨ ਇੱਕ ਘਰ ਵਿੱਚ ਹੈ ਜਦ ਕਿ ਉਹ ਗਲਤ ਸੀ।



ਦਾਇਰ ਦੂਸਰਾ ਦਰਜਾ ਹੱਤਿਆਵਾਂ ਦੇ ਦੋਸ਼ਾਂ ਤਹਿਤ ਉਸ ਨੂੰ 60 ਸਾਲ ਜੇਲ ਦੀ ਸਜ਼ਾ ਹੋ ਸਕਦੀ ਹੈ। ਅਦਾਲਤੀ ਦਸਤਾਵੇਜਾਂ ਅਨੁਸਾਰ ਉਸ ਨਾਲ ਬਣਾਏ ਸਹਿ ਦੋਸ਼ੀ ਦੋ ਹੋਰ ਨਬਾਲਗਾਂ ਨੂੰ ਪਹਿਲਾਂ ਹੀ ਵੱਖ ਵੱਖ ਸਜ਼ਾ ਸੁਣਾਈ ਜਾ ਚੁੱਕੀ ਹੈ।

### ਐਲੋਨ ਮਸਕ ਨੇ ਕੀਤੀ ਡਰਾਉਣੀ ਭਵਿੱਖਬਾਣੀ

## 'ਹਰ ਨੌਕਰੀ ਖਾ ਜਾਵੇਗਾ 'ਏ.ਆਈ.', ਲੋਕ ਹੋ ਜਾਣਗੇ ਵਿਹਲੇ'

ਵਾਸ਼ਿੰਗਟਨ/ਏ.ਟੀ.ਨਿਊਜ਼ : ਅੱਜ ਕੱਲ੍ਹ ਹਰ ਚੀਜ਼ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ ਦੀ ਚਰਚਾ ਹੋ ਰਹੀ ਹੈ। ਐਲੋਨ ਮਸਕ ਨੇ ਇਸ ਨੂੰ ਮਨੁੱਖ ਲਈ ਸਭ ਤੋਂ ਵੱਡਾ ਚੈਲਿੰਜ ਦੱਸਿਆ। ਉਸਨੇ ਕਿਹਾ ਹੈ ਕਿ ਸ਼ਾਇਦ ਸਾਡੇ ਵਿੱਚੋਂ ਕਿਸੇ ਨੂੰ ਵੀ ਏ.ਆਈ. ਕਾਰਨ ਭਵਿੱਖ ਵਿੱਚ ਨੌਕਰੀ ਨਹੀਂ ਮਿਲੇਗੀ। ਐਲੋਨ ਮਸਕ ਪੈਰਿਸ ਵਿੱਚ ਵਿਵਾ ਟੈਕ 2024 ਵਿੱਚ ਬੋਲ ਰਿਹਾ ਸੀ, ਜਿੱਥੇ ਉਸਨੇ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਜੇਕਰ ਆਰਟੀਫੀਸ਼ਲ ਇੰਟੈਲੀਜੈਂਸ ਨੇ ਸਾਰਾ ਕੰਮ ਸੰਭਾਲ ਲਿਆ ਤਾਂ ਜ਼ਿੰਦਗੀ ਦਾ ਕੋਈ ਅਰਥ ਹੋਵੇਗਾ ਜਾਂ ਨਹੀਂ, ਇਸ ਬਾਰੇ ਉਹ ਯਕੀਨ ਨਾਲ



ਕੁਝ ਨਹੀਂ ਕਹਿ ਸਕਦਾ। ਆਰਟੀਫੀਸ਼ਲ ਇੰਟੈਲੀਜੈਂਸ ਬਾਰੇ ਭਵਿੱਖਬਾਣੀ ਕਰਦੇ ਹੋਏ, ਐਲੋਨ ਮਸਕ ਨੇ ਮਾਪਿਆਂ ਨੂੰ ਇਸ ਬਾਰੇ ਚਿਤਾਵਨੀ ਵੀ ਦਿੱਤੀ ਕਿ ਇਹ ਆਖਰਕਾਰ ਬੱਚਿਆਂ ਨੂੰ ਕਿਵੇਂ ਨੁਕਸਾਨ ਪਹੁੰਚਾ ਸਕਦਾ ਹੈ।

ਉਹ ਵੀਵਾਟੈਕ 2024 'ਤੇ ਵੈਬਕੈਮ ਰਾਹੀਂ ਗੱਲ ਕਰ ਰਿਹਾ ਸੀ। ਟੇਸਲਾ ਦੇ ਸੀ.ਈ.ਓ. ਨੇ ਕਿਹਾ ਕਿ ਸ਼ਾਇਦ ਸਾਡੇ ਵਿੱਚੋਂ ਕਿਸੇ ਕੋਲ ਨੌਕਰੀ ਨਹੀਂ ਹੋਵੇਗੀ। ਮਸਕ ਨੇ ਕਿਹਾ, 'ਜੇ ਤੁਸੀਂ ਕੋਈ ਅਜਿਹਾ ਕੰਮ ਕਰਨਾ ਚਾਹੁੰਦੇ ਹੋ ਜੋ ਸ਼ੌਕ ਵਰਗਾ ਹੋਵੇ, ਤਾਂ ਤੁਸੀਂ ਇਹ ਕਰ ਸਕਦੇ ਹੋ।' ਪਰ ਭਵਿੱਖ ਵਿੱਚ, ਆਰਟੀਫੀਸ਼ਲ ਇੰਟੈਲੀਜੈਂਸ ਅਤੇ ਰੋਬੋਟ ਉਹ ਸਾਰੀਆਂ ਸੁਵਿਧਾਵਾਂ ਪ੍ਰਦਾਨ ਕਰਨਗੇ ਜੋ ਤੁਸੀਂ ਚਾਹੁੰਦੇ ਹੋ। ਉਸਨੇ ਸਮਝਾਇਆ ਕਿ ਇਸ ਦ੍ਰਿਸ਼ ਨੂੰ ਕੰਮ ਕਰਨ ਲਈ, ਯੂਨੀਵਰਸਲ ਹਾਈ ਇਨਕਮ ਦੀ ਲੋੜ ਹੈ। ਯੂਨੀਵਰਸਲ ਹਾਈ ਇਨਕਮ ਇੱਕ ਸੰਕਲਪ ਹੈ ਜੋ ਇੱਕ ਅਜਿਹੇ ਸਮਾਜ ਦੀ ਕਲਪਨਾ ਕਰਦਾ ਹੈ ਜਿੱਥੇ ਆਰਟੀਫੀਸ਼ਲ ਇੰਟੈਲੀਜੈਂਸ ਮਨੁੱਖੀ ਕਿਰਤ ਦੀ ਲਾਗਤ ਨੂੰ ਘਟਾਉਂਦਾ ਹੈ ਜੋ ਬੁਨਿਆਦੀ ਲੋੜਾਂ ਨੂੰ ਸਭ ਲਈ ਕਿਫਾਇਤੀ ਬਣਾ ਦੇਵੇਗਾ।

ਯੂਨੀਵਰਸਲ ਹਾਈ ਇਨਕਮ ਨੂੰ ਯੂਨੀਵਰਸਲ ਬੇਸਿਕ ਇਨਕਮ ਨਾਲ ਉਲਝਣਾ ਨਹੀਂ ਚਾਹੀਦਾ, ਜਿਸ ਵਿੱਚ ਸਰਕਾਰ ਆਮਦਨ ਦੀ ਪਰਵਾਹ ਕੀਤੇ ਬਿਨਾਂ, ਹਰੇਕ ਨੂੰ ਇੱਕ ਨਿਸ਼ਚਿਤ ਰਕਮ ਦਿੰਦੀ ਹੈ। ਆਰਟੀਫੀਸ਼ਲ ਇੰਟੈਲੀਜੈਂਸ ਦੇ ਭਵਿੱਖ ਬਾਰੇ ਦੱਸਦਿਆਂ ਐਲੋਨ ਮਸਕ ਨੇ ਕਿਹਾ, 'ਸਾਮਾਨ (**ਬਾਕੀ ਸਫ਼ਾ 31 'ਤੇ**)

## ਅਮਰੀਕਾ ਵਿੱਚ ਤਕਰੀਬਨ ਡੇਢ ਮਹੀਨਾ ਪਹਿਲਾਂ ਲਾਪਤਾ ਹੋਈਆਂ 2 ਔਰਤਾਂ ਦੀਆਂ ਲਾਸ਼ਾਂ ਫਰੀਜ਼ਰ 'ਚੋਂ ਮਿਲੀਆਂ

### 5 ਸ਼ੱਕੀ ਦੋਸ਼ੀਆਂ ਵਿਰੁੱਧ ਦੋਸ਼ ਤੈਅ

ਸੈਕਰਾਮੈਂਟੋ/ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: -ਕੰਸਾਸ ਤੇ ਓਕਲਾਹੋਮਾ ਵਿਚਾਲੇ ਇਸ ਸਾਲ 30 ਮਾਰਚ ਨੂੰ ਲਾਪਤਾ ਹੋਈਆਂ ਦੋ ਔਰਤਾਂ ਦੀਆਂ ਲਾਸ਼ਾਂ ਇੱਕ ਫਰੀਜ਼ਰ ਵਿਚੋਂ ਮਿਲਣ ਦਾ ਹੈਰਾਨੀਜਨਕ ਖ਼ੁਲਾਸਾ ਹੋਇਆ ਹੈ। ਨਵੇਂ ਜਾਰੀ ਤਲਾਸ਼ੀ ਵਾਰੰਟਾਂ ਅਨੁਸਾਰ ਇਹ ਲਾਸ਼ਾਂ ਇੱਕ ਪਸ਼ੂਆਂ ਦੀ ਚਰਾਗਾਹ, ਜੋ 5 ਸ਼ੱਕੀ ਦੋਸ਼ੀਆਂ ਵਿਚੋਂ ਇੱਕ ਨੇ ਪਟੇ ਉੱਪਰ ਲਈ ਹੋਈ ਸੀ, ਵਿੱਚ ਦੱਬੇ ਇੱਕ ਫਰੀਜ਼ਰ ਵਿਚੋਂ ਬਰਾਮਦ ਕੀਤੀਆਂ ਗਈਆਂ ਹਨ। ਅਧਿਕਾਰੀਆਂ ਵੱਲੋਂ ਮਾਮਲੇ ਵਿੱਚ ਦਾਇਰ ਹਲਫੀਆ ਬਿਆਨ ਵਿੱਚ ਕਿਹਾ ਗਿਆ ਹੈ ਕਿ



ਵੇਰੋਨੀਕਾ ਬਟਲਰ (27) ਤੇ ਜਿਲੀਅਨ ਕੈਲੀ (39) ਦੀਆਂ ਲਾਸ਼ਾਂ ਉਸ ਵੇਲੇ ਬਰਾਮਦ ਹੋਈਆਂ, ਜਦੋਂ ਜਾਂਚ ਅਧਿਕਾਰੀਆਂ ਵੱਲੋਂ 14 ਅਪ੍ਰੈਲ, 2024 ਨੂੰ ਟੈਡ ਕੁਲਮ ਨਾਮੀ ਸ਼ੱਕੀ ਦੋਸ਼ੀ ਦੁਆਰਾ ਪਟੇ ਉੱਪਰ ਲਈ ਗਈ ਜਾਇਦਾਦ ਚਰਾਗਾਹ ਦੀ ਤਲਾਸ਼ੀ ਲਈ ਗਈ। ਤਾਜਾ ਮਿੱਟੀ ਦੇ ਢੇਰ ਉੱਪਰ ਸ਼ੱਕ ਪੈਣ 'ਤੇ ਉਸ ਨੂੰ ਪੁੱਟਿਆ ਗਿਆ ਤੇ ਉਸ ਵਿੱਚ ਦੱਬੇ ਇੱਕ ਫਰੀਜ਼ਰ ਨੂੰ ਖੋਲਿਆ ਗਿਆ ਤਾਂ ਸਾਰਾ ਮਾਮਲਾ ਹੱਲ ਹੋ ਗਿਆ। ਟੈਡ ਕੁਲਮ ਸਮੇਤ 5 ਦੋਸ਼ੀਆਂ ਵਿਰੁੱਧ ਪਹਿਲਾ ਦਰਜਾ ਹੱਤਿਆਵਾਂ, ਅਗਵਾ ਤੇ ਹੱਤਿਆਵਾਂ ਕਰਨ ਲਈ ਸਾਜਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਅਦਾਲਤੀ ਦਸਤਾਵੇਜ਼ਾਂ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਔਰਤਾਂ ਦੀਆਂ ਹੱਤਿਆਵਾਂ ਕਿਸ (**ਬਾਕੀ ਸਫ਼ਾ 31 'ਤੇ**)

## ਅਮਰੀਕੀ ਮਿਸ਼ਨਰੀ ਜੋੜੇ ਸਮੇਤ 3 ਅਮਰੀਕੀਆਂ ਦੀ ਹੈਤੀ 'ਚ ਹੱਤਿਆ

### ਮਿਸ਼ਨਰੀ ਜੋੜਾ ਰਿਪਬਲੀਕਨ ਆਗੂ ਬੇਨ ਬੇਕਰ ਦੇ ਧੀ ਜਵਾਈ ਸਨ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕੀ ਮਿਸ਼ਨਰੀ ਜੋੜੇ ਸਮੇਤ 3 ਅਮਰੀਕੀ ਮਿਸ਼ਨਰੀਆਂ ਦੀ ਹੈਤੀ ਦੀ ਰਾਜਧਾਨੀ ਪੋਰਟ- ਔ-ਪ੍ਰਿੰਸ ਵਿਖੇ ਹੱਤਿਆ ਕਰ ਦੇਣ ਦੀ ਖ਼ਬਰ ਹੈ। ਅਮਰੀਕੀ ਜੋੜੇ ਦੀ ਪਛਾਣ ਡੇਵੀ ਤੇ ਨਟਾਲੀ ਲੋਇਡ ਵਜੋਂ ਹੋਈ ਹੈ ਜੋ ਅਮਰੀਕੀ ਰਾਜ ਮਿਸੂਰੀ ਦੇ ਰਿਪਬਲੀਕਨ ਆਗੂ ਦੀ ਧੀ ਤੇ ਜਵਾਈ ਸਨ। ਇਹ ਜਾਣਕਾਰੀ ਨਟਾਲੀ ਲੋਇਡ ਦੇ ਪਿਤਾ ਰਿਪਬਲੀਕਨ ਆਗੂ ਬੇਨ ਬੇਕਰ ਨੇ ਆਪਣੀ ਫੇਸਬੁੱਕ 'ਤੇ ਪਾਈ ਇੱਕ ਪੋਸਟ ਵਿੱਚ ਦਿੱਤੀ ਹੈ। ਬੇਨ ਬੇਕਰ ਨੇ ਕਿਹਾ ਹੈ ਕਿ ਡੇਵੀ ਲਾਇਡ ਤੇ ਨਟਾਲੀ ਲਾਇਡ ਉੱਪਰ ਬਦਮਾਸ਼ਾਂ ਨੇ ਹਮਲਾ ਕੀਤਾ ਤੇ ਇਸ ਹਮਲੇ ਵਿੱਚ ਦੋਵਾਂ ਦੀ ਮੌਤ ਹੋ ਗਈ। ਉਸ ਨੇ ਕਿਹਾ ਹੈ ਉਸ ਦਾ ਦਿੱਲ ਟੁੱਟ ਗਿਆ ਹੈ ਤੇ ਉਸ ਨੇ ਕਦੀ ਵੀ ਏਨਾ ਦੁੱਖ ਮਹਿਸੂਸ ਨਹੀਂ ਕੀਤਾ। ਉਸ ਨੇ ਕਿਹਾ ਹੈ ਮੇਰੀ ਧੀ ਤੇ ਜਵਾਈ ਹੈਤੀ ਵਿੱਚ ਕੁਲਵਕਤੀ ਮਿਸ਼ਨਰੀ ਸਨ। ਬੇਕਰ ਨਿਊਟੋਨ ਕਾਊਂਟੀ (ਡਿਸਟ੍ਰਿਕਟ 160) ਤੋਂ ਰਿਪਬਲੀਕਨ ਪ੍ਰਤੀਨਿੱਧ ਹਨ। ਇਸ ਹਮਲੇ ਵਿੱਚ ਮਿਸ਼ਨ ਦੇ ਡਾਇਰੈਕਟਰ ਜਿਊਡ ਮੋਨਟਿਸ (45) ਦੀ ਵੀ ਮੌਤ ਹੋ ਗਈ। ਇਹ ਤਿੰਨੇ ਹੈਤੀ ਇੰਕ ਵਿੱਚ ਮਿਸ਼ਨ ਤਹਿਤ ਕੰਮ ਕਰਦੇ ਸਨ, ਜਿਸ ਨੂੰ ਡੇਵੀ ਲਾਇਡ ਦੇ ਮਾਪਿਆਂ ਵੱਲੋਂ ਪਿਛਲੇ 2



ਦਹਾਕਿਆਂ ਦੇ ਵੀ ਵਧ ਸਮੇ ਤੋਂ ਚਲਾਇਆ ਜਾ ਰਿਹਾ ਹੈ। ਡੇਵੀ ਲਾਇਡ ਦੇ ਪਿਤਾ ਡੇਵਿਡ ਲਾਇਡ ਨੇ ਕਿਹਾ ਹੈ ਕਿ ਉਸ ਦੇ ਪੁੱਤਰ ਨੂੰ ਹੈਤੀ ਨਾਲ ਪਿਆਰ ਸੀ। ਉਨਾਂ ਕਿਹਾ ਕਿ ਉਹ ਤੇ ਨਟਾਲੀ ਲਾਇਡ (21) ਉੱਪਰ ਬੀਤੇ ਦਿਨ ਉਸ ਵੇਲੇ ਘਾਤ ਲਾ ਕੇ ਹਮਲਾ ਕੀਤਾ ਗਿਆ ਜਦੋਂ ਉਹ ਪੋਰਟ-ਔ-ਪ੍ਰਿੰਸ ਵਿੱਚ ਚਰਚ ਵਿਚੋਂ ਨਿਕਲ ਰਹੇ ਸਨ। ਮਿਸ਼ਨ ਵੱਲੋਂ ਫੇਸਬੁੱਕ 'ਤੇ ਪਾਈ ਇੱਕ ਪੋਸਟ ਅਨੁਸਾਰ ਹਮਲਾਵਰ ਡੇਵੀ ਲਾਇਡ ਨੂੰ ਅਗਵਾ ਕਰਕੇ ਇੱਕ ਘਰ ਵਿੱਚ ਲੈ ਗਏ ਜਿਥੇ ਉਸ ਨੂੰ ਬੰਨ ਕੇ ਕੁੱਟਿਆ ਮਾਰਿਆ ਗਿਆ। ਉਪਰੰਤ ਹਮਲਾਵਰ ਮਿਸ਼ਨ ਦਾ ਸਮਾਨ ਨਾਲ ਭਰਿਆ ਟਰੱਕ ਲੈ ਕੇ ਉਥੋਂ ਚਲੇ ਗਏ। ਮਿਸ਼ਨ ਨੇ ਕਿਹਾ ਹੈ ਕਿ ਇਸ ਘਟਨਾ ਨੇ ਉਨਾਂ ਨੂੰ ਬੁਰੀ ਤਰਾਂ ਝੰਝੋੜ ਦਿੱਤਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟਰੂਡੋ ਨੇ ਕਾਮਾਗਾਟਾਮਾਰੂ ਘਟਨਾ ਨੂੰ ਦੱਸਿਆ ਕੈਨੇਡਾ ਦੇ ਇਤਿਹਾਸ ਦਾ 'ਕਾਲਾ ਅਧਿਆਏ'

## ਜਹਾਜ਼ ਵਿੱਚ ਸਵਾਰ ਲੋਕਾਂ ਨਾਲ ਹੋਇਆ ਨਿੰਦਣਯੋਗ ਵਿਵਹਾਰ



ਓਟਾਵਾ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੀਤੇ ਦਿਨੀਂ ਕਾਮਾਗਾਟਾਮਾਰੂ ਦੀ ਦੁਖਦਾਈ ਘਟਨਾ ਨੂੰ ਦੇਸ਼ ਦੇ ਇਤਿਹਾਸ ਦਾ ਇੱਕ ਕਾਲਾ ਅਧਿਆਏ ਕਰਾਰ ਦਿੱਤਾ ਅਤੇ ਕੈਨੇਡੀਅਨਾਂ ਨੂੰ ਕਿਹਾ ਕਿ ਉਹ ਸਾਰਿਆਂ ਲਈ ਇੱਕ ਬਿਹਤਰ, ਨਿਰਪੱਖ ਅਤੇ ਵਧੇਰੇ ਸਮਾਵੇਸ਼ੀ ਦੇਸ਼ ਬਣਾਉਣ ਲਈ ਮਿਲ ਕੇ ਕੰਮ ਕਰਨ। ਟਰੂਡੋ ਨੇ ਇੱਕ ਬਿਆਨ ਵਿੱਚ ਕਿਹਾ, 'ਇੱਕ ਸੌ ਦਸ ਸਾਲ ਪਹਿਲਾਂ ਸਟੀਮਸ਼ਿਪ ਕਾਮਾਗਾਟਾਮਾਰੂ ਪ੍ਰਸ਼ਾਂਤ ਮਹਾਸਾਗਰ ਦੀ ਲੰਮੀ ਯਾਤਰਾ ਤੋਂ ਬਾਅਦ ਵੈਨਕੂਵਰ ਦੀ ਬੰਦਰਗਾਹ 'ਤੇ ਪਹੁੰਚਿਆ ਸੀ, ਜਿਸ 'ਤੇ ਸਵਾਰ 376 ਲੋਕ - ਪੰਜਾਬੀ ਮੂਲ ਦੇ ਸਿੱਖ, ਮੁਸਲਮਾਨ ਅਤੇ ਹਿੰਦੂ - ਕੈਨੇਡਾ ਵਿੱਚ ਇੱਕ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਤਿਆਰ ਸਨ ਪਰ ਨਵੇਂ ਆਉਣ ਵਾਲਿਆਂ ਨੂੰ ਕੈਨੇਡਾ ਨੇ ਦੇਸ਼ ਵਿੱਚ ਦਾਖਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।'

ਟਰੂਡੋ ਨੇ ਕਿਹਾ ਕਿ ਜਾਪਾਨੀ ਸਟੀਮਸ਼ਿਪ ਕਾਮਾਗਾਟਾਮਾਰੂ ਦੇ ਯਾਤਰੀਆਂ ਨੂੰ 1914 ਵਿੱਚ ਭੋਜਨ, ਪਾਣੀ ਜਾਂ ਮੈਡੀਕਲ ਦੇਖਭਾਲ ਦੇ ਬਿਨਾਂ ਦੋ ਮਹੀਨਿਆਂ ਤੱਕ ਹਿਰਾਸਤ ਵਿੱਚ ਰੱਖਿਆ ਗਿਆ ਸੀ। ਫਿਰ ਅਖੀਰ ਵਿੱਚ ਕਾਮਾਗਾਟਾਮਾਰੂ ਨੂੰ ਭਾਰਤ ਵਾਪਸ ਜਾਣ ਲਈ ਮਜਬੂਰ ਹੋਣਾ ਪਿਆ।ਹਾਂਗਕਾਂਗ ਤੋਂ ਵੈਨਕੂਵਰ ਤੱਕ ਅਤੇ ਵਾਪਸੀ ਉੱਤੇ 29 ਸਤੰਬਰ 1914 ਨੂੰ ਕੋਲਕਾਤਾ ਦੇ ਬਜਬਜ ਘਾਟ ਉੱਤੇ ਵਾਪਸ ਪਰਤਦੇ ਜਹਾਜ਼ ਦੇ ਯਾਤਰੀਆਂ ਨੂੰ ਜਬਰੀ ਹਿਰਾਸਤ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਵਿਰੋਧ ਹੋਣ ਉੱਤੇ ਗੋਲੀਬਾਰੀ ਕਰ ਦਿੱਤੀ ਗਈ।ਜਿਸ ਵਿੱਚ 20 ਜਣਿਆਂ ਦੀ ਮੌਤ ਹੋਈ ਅਤੇ ਵੱਡੀ ਗਿਣਤੀ ਯਾਤਰੀ ਜ਼ਖ਼ਮੀ ਹੋਏ। ਇਸ ਤੋਂ ਬਾਅਦ ਵੀ ਕਈ ਸਾਲ ਤੱਕ ਇਸ ਨਾਲ ਜੁੜੇ ਲੋਕਾਂ ਨੂੰ ਤਸੀਹੇ ਅਤੇ ਜੇਲ੍ਹਾਂ ਕੱਟਣੀਆਂ ਪਈਆਂ। ਟਰੂਡੋ ਨੇ ਕਿਹਾ.,'ਇਹ ਦੁਖਦਾਈ ਘਟਨਾ ਸਾਡੇ ਦੇਸ਼ ਦੇ ਇਤਿਹਾਸ ਵਿੱਚ ਇੱਕ ਕਾਲਾ ਅਧਿਆਏ ਹੈ। ਕਾਮਾਗਾਟਾਮਾਰੂ ਦੇ ਯਾਤਰੀਆਂ ਨਾਲ ਜੋ ਹੋਇਆ ਉਸ ਲਈ ਅੱਠ ਸਾਲ ਪਹਿਲਾਂ ਕੈਨੇਡਾ ਦੀ ਸਰਕਾਰ ਤਰਫ਼ੋਂ ਮੁਆਫ਼ੀ ਮੰਗੀ ਗਈ ਸੀ।' ਉਸ ਨੇ ਕਿਹਾ ਕਿ ਜਹਾਜ਼ ਵਿੱਚ ਸਵਾਰ ਲੋਕਾਂ ਨਾਲ ਨਿੰਦਣਯੋਗ ਵਿਵਹਾਰ ਉਸ ਸਮੇਂ ਦੇ ਕੈਨੇਡਾ ਦੇ ਨਸਲਵਾਦੀ ਅਤੇ ਪੱਖਪਾਤੀ ਕਾਨੂੰਨਾਂ ਨੂੰ ਦਰਸਾਉਂਦਾ ਹੈ ਅਤੇ ਸਾਨੂੰ ਇਸ ਘਟਨਾ ਨੂੰ ਕਦੇ ਵੀ ਦੁਹਰਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਹੈ। ਟਰੂਡੋ ਨੇ ਕਿਹਾ, ਇਸ ਘਟਨਾ ਦੇ ਯਾਦਗਾਰ ਦੁਖਦਾਈ ਦਿਨ ਕੈਨੇਡੀਅਨ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਸਾਰਿਆਂ ਨਾਲ ਸਨਮਾਨ ਨਾਲ ਪੇਸ਼ ਆਉਣ ਦੀ ਮਹੱਤਤਾ 'ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਦੁਖਾਂਤ ਤੋਂ ਬਾਅਦ ਦੇ ਸਾਲਾਂ ਵਿੱਚ ਇੱਕ ਦੇਸ਼ ਦੇ ਰੂਪ ਵਿੱਚ ਅਸੀਂ ਸਾਰੇ ਪਿਛੋਕੜ ਵਾਲੇ ਲੋਕਾਂ ਲਈ ਇੱਕ ਹੋਰ ਸਮਾਵੇਸ਼ੀ, ਸੁਆਗਤ ਕਰਨ ਵਾਲੇ ਸਮਾਜ ਦੀ ਸਿਰਜਣਾ ਵੱਲ ਇੱਕ ਕਦਮ ਚੁੱਕਿਆ ਹੈ। ਸਾਡੀ ਨਸਲਵਾਦ ਵਿਰੋਧੀ ਰਣਨੀਤੀ ਵਰਗੀਆਂ ਪਹਿਲਕਦਮੀਆਂ ਰਾਹੀਂ ਅਸੀਂ ਰੁਕਾਵਟਾਂ ਨੂੰ ਦੂਰ ਕਰ ਰਹੇ ਹਾਂ ਤਾਂ ਜੋ ਕੈਨੇਡਾ ਵਿੱਚ ਹਰ ਕੋਈ ਆਪਣੀ ਪੂਰੀ ਸਮਰੱਥਾ ਤੱਕ ਪਹੁੰਚ ਸਕੇ।

ਉਸ ਨੇ ਕਿਹਾ, 'ਅੱਜ, ਅਸੀਂ ਕਾਮਾਗਾਟਾਮਾਰੂ ਕਾਂਡ ਵਿੱਚ ਮਾਰੇ ਗਏ ਲੋਕਾਂ ਨੂੰ ਯਾਦ ਕਰਦੇ ਹਾਂ ਅਤੇ ਉਨ੍ਹਾਂ ਦਾ ਸਨਮਾਨ ਕਰਦੇ ਹਾਂ। ਜਿਵੇਂ ਕਿ ਅਸੀਂ ਪੀੜਤਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ, ਮੈਂ ਸਾਰੇ ਕੈਨੇਡੀਅਨਾਂ ਨੂੰ ਉਹਨਾਂ ਅਨਮੋਲ ਯੋਗਦਾਨਾਂ ਬਾਰੇ ਹੋਰ ਜਾਣਨ ਲਈ ਉਤਸ਼ਾਹਿਤ ਕਰਦਾ ਹਾਂ ਜੋ ਦੱਖਣੀ ਏਸ਼ੀਆਈ ਭਾਈਚਾਰੇ ਦੇ ਮੈਂਬਰਾਂ ਨੇ ਕੈਨੇਡਾ ਲਈ ਕੀਤੇ ਹਨ ਅਤੇ ਕਰਦੇ ਰਹਿਣਗੇ।

# ਕੈਨੇਡਾ ਵਿੱਚ ਪ੍ਰਵਾਸੀਆਂ ਖ਼ਿਲਾਫ਼ ਕਿਉਂ ਹੋ ਰਹੇ ਹਨ ਪ੍ਰਦਰਸ਼ਨ

## ਪੀ.ਈ.ਆਈ. ਸੂਬੇ ਨੇ ਬਦਲੇ ਨਿਯਮ, ਭਾਰਤੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵਧੀਆਂ



ਓਟਾਵਾ/ਏ.ਟੀ.ਨਿਊਜ਼: ਕੈਨੇਡਾ ਹਮੇਸ਼ਾ ਹੀ ਪ੍ਰਵਾਸੀਆਂ ਦਾ ਸੁਆਗਤ ਕਰਨ ਲਈ ਜਾਣਿਆ ਜਾਂਦਾ ਹੈ ਪਰ ਹੁਣ ਦੇਸ਼ ਦੇ ਕਈ ਹਿੱਸੇ ਖਾਸ ਕਰਕੇ ਪ੍ਰਿੰਸ ਐਡਵਰਡ ਆਈਲੈਂਡਜ਼ (ਪੀ.ਈ.ਆਈ.) ਸੂਬੇ ਨੇ ਆਪਣੇ ਇਮੀਗ੍ਰੇਸ਼ਨ ਪਰਮਿਟਾਂ ਵਿੱਚ ਕਟੌਤੀ ਕੀਤੀ ਹੈ। ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਨਾਲ ਜੂਝ ਰਹੀ ਪੀ.ਈ.ਆਈ. ਨੇ ਸਥਾਨਕ ਲੋਕਾਂ ਦੇ ਵਿਰੋਧ ਵਿੱਚ ਕੁਝ ਨਿਯਮਾਂ ਵਿੱਚ ਬਦਲਾਅ ਕੀਤਾ ਹੈ। ਨਿਯਮਾਂ ਵਿੱਚ ਬਦਲਾਅ ਦਾ ਅਸਰ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਪੈ ਰਿਹਾ ਹੈ। ਇਸ ਕਾਰਨ ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਭਾਰਤੀ ਵਿਦਿਆਰਥੀ ਨਵੇਂ ਨਿਯਮਾਂ ਦਾ ਵਿਰੋਧ ਕਰ ਰਹੇ ਹਨ। ਅਜਿਹਾ ਉਦੋਂ ਹੋਇਆ ਹੈ ਜਦੋਂ ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਪੀ.ਈ.ਆਈ. ਦੇ ਸਥਾਨਕ ਲੋਕਾਂ ਵਿੱਚ ਵਿਰੋਧ ਹੈ। ਸੂਬੇ ਦੇ ਵਸਨੀਕਾਂ ਨੇ ਖੁਦ ਭਾਰਤੀ ਪਰਵਾਸੀਆਂ ਦੇ ਖ਼ਿਲਾਫ਼ ਹੋਣ ਦਾ ਕਾਰਨ ਦੱਸਿਆ ਹੈ। ਕੈਨੇਡਾ ਦੇ ਸਭ ਤੋਂ ਛੋਟੇ ਸੂਬੇ ਪੀ.ਈ.ਆਈ. ਦੇ ਵਸਨੀਕਾਂ ਦਾ ਕਹਿਣਾ ਹੈ ਕਿ ਉਹ ਹੋਰ ਪ੍ਰਵਾਸੀ ਕਿਉਂ ਨਹੀਂ ਚਾਹੁੰਦੇ ਹਨ।

ਇੰਡੀਆ ਟੂਡੇ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਵਿੱਚ ਪ੍ਰਿੰਸ ਐਡਵਰਡ ਆਈਲੈਂਡਜ਼ (ਪੀ.ਈ.ਆਈ.) ਵਿੱਚ ਇਮੀਗ੍ਰੇਸ਼ਨ ਨੀਤੀ ਵਿੱਚ ਬਦਲਾਅ ਦਾ ਕਾਰਨ ਰਿਹਾਇਸ਼, ਸਿਹਤ ਸੰਭਾਲ ਅਤੇ ਨੌਕਰੀਆਂ ਦੇ ਮੁੱਦੇ ਸਨ। ਇਸ ਦੇ ਮੱਦੇਨਜ਼ਰ ਇਮੀਗ੍ਰੇਸ਼ਨ ਪਰਮਿਟ ਵਿੱਚ 25 ਫੀਸਦੀ ਦੀ ਕਟੌਤੀ ਕੀਤੀ ਗਈ ਹੈ। ਸਥਾਨਕ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਸੂਬੇ ਵਿੱਚ ਰਹਿ ਰਹੇ ਪ੍ਰਵਾਸੀ ਉਨ੍ਹਾਂ ਦੇ ਹਿੱਸੇ ਦੇ ਮੌਕੇ ਖੋਹ ਰਹੇ ਹਨ। ਇਹ ਗੁੱਸਾ ਵਿਦਿਆਰਥੀ ਵੀਜ਼ੇ 'ਤੇ ਆਏ ਨੌਜਵਾਨਾਂ ਉੱਪਰ ਜ਼ਿਆਦਾ ਹੈ। ਕੈਨੇਡਾ ਵਿੱਚ ਸਥਾਈ ਨਿਵਾਸ ਅਤੇ ਨਾਗਰਿਕਤਾ ਲਈ ਵਿਦਿਆਰਥੀ ਵੀਜ਼ਿਆਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਇੱਕ ਸਥਾਨਕ ਵਿਅਕਤੀ ਨੇ ਕਿਹਾ ਕਿ ਵਿਦੇਸ਼ੀਆਂ ਨੇ ਸਾਨੂੰ ਬਾਹਰ ਕੱਢ ਦਿੱਤਾ ਹੈ। ਪ੍ਰਿੰਸ ਐਡਵਰਡ ਆਈਲੈਂਡ ਵਿੱਚ ਜੋ ਕੁਝ ਵਾਪਰ ਰਿਹਾ ਹੈ, ਉਹ ਕੈਨੇਡਾ ਦੇ ਹੋਰਨਾਂ ਸੂਬਿਆਂ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ।

ਕਾਰਲਸੈਕ 'ਤੇ ਇੱਕ ਰਿਪੋਰਟ ਦੇ ਅਨੁਸਾਰ, ਪ੍ਰਿੰਸ ਐਡਵਰਡ ਆਈਲੈਂਡ ਵਿੱਚ 2006 ਤੋਂ ਬਾਅਦ ਅੰਤਰਰਾਸ਼ਟਰੀ ਪ੍ਰਵਾਸੀਆਂ ਵਿੱਚ ਭਾਰੀ ਵਾਧਾ ਹੋਇਆ ਹੈ। ਪੀ.ਈ.ਆਈ. ਦੇ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀਆਂ ਨੌਕਰੀਆਂ ਪਰਵਾਸੀਆਂ ਕੋਲ ਜਾ ਰਹੀਆਂ ਹਨ। ਇਸ 'ਤੇ ਇੱਕ ਸਥਾਨਕ ਵਿਅਕਤੀ ਨੇ ਕਿਹਾ, 'ਸਾਨੂੰ ਇੱਥੇ ਸਮੱਸਿਆਵਾਂ ਨੂੰ ਹੱਲ ਕਰਨ ਦੀ ਜ਼ਰੂਰਤ ਹੈ। ਟਾਪੂਆਂ ਦੀਆਂ ਸਾਰੀਆਂ ਨੌਕਰੀਆਂ ਉਨ੍ਹਾਂ ਲੋਕਾਂ ਕੋਲ ਜਾ ਰਹੀਆਂ ਹਨ ਜੋ ਇੱਥੋਂ ਦੇ ਨਹੀਂ ਹਨ।' ਪਰਵਾਸੀਆਂ ਪ੍ਰਤੀ ਇਸ ਨਾਰਾਜ਼ਗੀ ਦਾ ਇੱਕ ਕਾਰਨ ਆਬਾਦੀ ਵਿੱਚ ਵਾਧਾ ਅਤੇ ਰਿਹਾਇਸ਼ੀ ਸਹੂਲਤਾਂ ਦੀ ਘਾਟ ਹੈ। ਮਕਾਨਾਂ ਦੇ ਕਿਰਾਏ ਵਿੱਚ ਵੀ ਭਾਰੀ ਵਾਧਾ ਹੋਇਆ ਹੈ। ਸਥਾਨਕ ਲੋਕਾਂ ਨੇ ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਲਈ ਪੀ.ਈ.ਆਈ. ਦੇ ਨਿਯਮਾਂ ਨੂੰ ਜ਼ਿੰਮੇਵਾਰ ਠਹਿਰਾਇਆ। ਲਚਕਦਾਰ ਨਿਯਮਾਂ ਕਾਰਨ ਪ੍ਰਵਾਸੀਆਂ ਲਈ ਇੱਥੇ ਰਹਿਣਾ ਆਸਾਨ ਹੋ ਗਿਆ। ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਪਰਵਾਸੀਆਂ ਕਾਰਨ ਪੀ.ਈ.ਆਈ. ਵਿੱਚ ਸਿਹਤ ਸੇਵਾਵਾਂ ਦਾ ਬੋਝ ਵਧਿਆ ਹੈ। ਅਜਿਹੇ ਵਿੱਚ ਲੋਕ ਮਹਿਸੂਸ ਕਰਦੇ ਹਨ ਕਿ ਕੈਨੇਡੀਅਨ ਸੂਬੇ ਦੇ ਮੂਲ ਨਿਵਾਸੀਆਂ ਨੂੰ ਨੌਕਰੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਸਿਹਤ ਸੰਭਾਲ ਅਤੇ ਰਿਹਾਇਸ਼ ਦੀਆਂ ਸਮੱਸਿਆਵਾਂ ਵੀ ਹੱਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

# ਸਭ ਤੋਂ ਵੱਧ 2 ਲੱਖ 50 ਹਜ਼ਾਰ ਭਾਰਤੀ ਪਹੁੰਚੇ ਬਰਤਾਨੀਆ

## ਦੂਜੇ ਨੰਬਰ 'ਤੇ ਨਾਈਜੀਰੀਅਨ, ਤੀਜੇ 'ਤੇ ਚੀਨੀ ਲੋਕ



ਲੰਡਨ/ਏ.ਟੀ.ਨਿਊਜ਼ : ਬਰਤਾਨੀਆ ਵਿੱਚ ਗ੍ਰੈਜੂਏਸ਼ਨ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਵਧੀ ਹੈ ਪਰ ਮਾਸਟਰਾਂ ਦੀ ਗਿਣਤੀ ਘਟੀ ਹੈ। 2023 ਵਿੱਚ ਵੱਧ ਤੋਂ ਵੱਧ 2 ਲੱਖ 50 ਹਜ਼ਾਰ ਭਾਰਤੀ ਬਰਤਾਨੀਆ ਪਹੁੰਚੇ। ਇਨ੍ਹਾਂ ਵਿੱਚੋਂ 1 ਲੱਖ 27 ਹਜ਼ਾਰ ਲੋਕ ਕੰਮ ਲਈ ਗਏ ਸਨ। ਇਸ ਤੋਂ ਇਲਾਵਾ 1 ਲੱਖ 15 ਹਜ਼ਾਰ ਲੋਕ ਪੜ੍ਹਾਈ ਲਈ ਅਤੇ 9 ਹਜ਼ਾਰ ਲੋਕ ਹੋਰ ਕਾਰਨਾਂ ਕਰਕੇ ਬ੍ਰਿਟੇਨ ਪਹੁੰਚੇ।

ਭਾਰਤੀਆਂ ਤੋਂ ਬਾਅਦ ਦੂਜੇ ਸਥਾਨ 'ਤੇ ਨਾਈਜੀਰੀਅਨ (1 ਲੱਖ 41 ਹਜ਼ਾਰ), ਚੀਨੀ ਤੀਜੇ (90 ਹਜ਼ਾਰ) ਅਤੇ ਪਾਕਿਸਤਾਨੀ ਚੌਥੇ (83 ਹਜ਼ਾਰ) 'ਤੇ ਸਨ।

2023 ਵਿੱਚ ਕੁੱਲ 3 ਲੱਖ 37 ਹਜ਼ਾਰ ਲੋਕਾਂ ਨੂੰ ਕੰਮ ਕਰਨ ਲਈ ਵਰਕ ਵੀਜ਼ਾ ਮਿਲਿਆ ਹੈ। ਇਨ੍ਹਾਂ 'ਚੋਂ 18 ਹਜ਼ਾਰ ਭਾਰਤੀਆਂ ਨੂੰ ਕੇਅਰ ਵਰਕਰ ਵੀਜ਼ਾ ਮਿਲਿਆ, ਜਿਨ੍ਹਾਂ 'ਚੋਂ 11 ਹਜ਼ਾਰ ਨਰਸਾਂ ਦਾ ਵੀਜ਼ਾ ਸੀ। 1 ਲੱਖ 14 ਹਜ਼ਾਰ ਲੋਕਾਂ ਨੂੰ ਗ੍ਰੈਜੂਏਸ਼ਨ ਵੀਜ਼ੇ ਦਿੱਤੇ ਗਏ। ਇਨ੍ਹਾਂ ਵਿੱਚੋਂ 50 ਹਜ਼ਾਰ ਭਾਰਤੀਆਂ ਨੂੰ ਇਹ ਵੀਜ਼ਾ ਮਿਲਿਆ ਹੈ। ਇਸ ਤਹਿਤ ਭਾਰਤੀ ਪੜ੍ਹਾਈ ਤੋਂ ਬਾਅਦ ਉੱਥੇ ਕੰਮ ਕਰ ਸਕਦੇ ਹਨ, ਯਾਨੀ ਉਨ੍ਹਾਂ ਨੂੰ ਵੱਖਰੇ ਵਰਕ ਵੀਜ਼ੇ ਦੀ ਲੋੜ ਨਹੀਂ ਹੋਵੇਗੀ। ਇਸ ਦੇ ਨਾਲ ਹੀ ਮਾਸਟਰਜ਼ ਲਈ ਭਾਰਤੀ ਨਾਗਰਿਕਾਂ ਨੂੰ ਦਿੱਤੇ ਜਾਣ ਵਾਲੇ ਵੀਜ਼ਿਆਂ ਵਿੱਚ ਵੀ ਕਮੀ ਆਈ ਹੈ। ਪਿਛਲੇ ਸਾਲ ਦੇ ਮੁਕਾਬਲੇ ਮਾਰਚ 2024 ਵਿੱਚ 21,800 ਭਾਰਤੀ ਵਿਦਿਆਰਥੀ ਮਾਸਟਰ ਡਿਗਰੀ ਲਈ ਬ੍ਰਿਟੇਨ ਆਏ ਸਨ।

ਨੈਸ਼ਨਲ ਸਟੈਟਿਸਟਿਕਸ ਡਿਪਾਰਟਮੈਂਟ ਦੇ ਅਨੁਸਾਰ, ਇੱਕ ਸਾਲ ਦੇ ਅੰਦਰ ਬਰਤਾਨੀਆ ਜਾਣ ਵਾਲੇ ਲੋਕਾਂ ਵਿੱਚ 10% ਦੀ ਕਮੀ ਆਈ ਹੈ। 2023 'ਚ 6 ਲੱਖ 85 ਹਜ਼ਾਰ ਲੋਕ ਬ੍ਰਿਟੇਨ ਪਹੁੰਚੇ, ਇਹ ਗਿਣਤੀ 2022 'ਚ ਸਭ ਤੋਂ ਜ਼ਿਆਦਾ 7 ਲੱਖ 64 ਹਜ਼ਾਰ ਸੀ।

ਨੌਕਰੀਆਂ ਲਈ ਬਰਤਾਨੀਆ ਜਾਣ ਵਾਲੇ ਗੈਰ-ਯੂਰਪੀ ਲੋਕਾਂ ਦੀ ਗਿਣਤੀ ਵਧੀ ਹੈ। ਬਰਤਾਨੀਆ ਜਾਣ ਵਾਲੇ 85% ਲੋਕ ਗੈਰ-ਯੂਰਪੀਅਨ ਹਨ। 2021 ਤੱਕ ਇਹ ਲੋਕ ਕੰਮ ਕਰਨ ਦੀ ਬਜਾਏ ਪੜ੍ਹਾਈ ਕਰਨ ਲਈ ਜ਼ਿਆਦਾ ਜਾਂਦੇ ਸਨ। ਪਰ, 2023 ਦੇ ਅੰਕੜਿਆਂ ਅਨੁਸਾਰ, ਗੈਰ-ਯੂਰਪੀਅਨ ਲੋਕ ਪੜ੍ਹਾਈ ਨਾਲੋਂ ਨੌਕਰੀਆਂ ਲਈ ਵਧੇਰੇ ਬ੍ਰਿਟੇਨ ਆਏ।

ਸਾਲ 2023 'ਚ 4 ਲੱਖ 23 ਹਜ਼ਾਰ ਗੈਰ-ਯੂਰਪੀਅਨ ਲੋਕ ਰੁਜ਼ਗਾਰ ਦੀ ਭਾਲ 'ਚ ਬ੍ਰਿਟੇਨ ਪਹੁੰਚੇ, ਜਦਕਿ ਪਿਛਲੇ ਸਾਲ ਇਹੀ ਗਿਣਤੀ 2 ਲੱਖ 77 ਹਜ਼ਾਰ ਸੀ। ਭਾਵ ਪਿਛਲੇ ਇੱਕ ਸਾਲ ਵਿੱਚ 53% ਦਾ ਵਾਧਾ ਦੇਖਿਆ ਗਿਆ ਹੈ। 2023 'ਚ 2 ਲੱਖ 19 ਹਜ਼ਾਰ ਲੋਕਾਂ ਨੇ ਥੋੜ੍ਹੇ ਸਮੇਂ ਲਈ ਬ੍ਰਿਟੇਨ 'ਚ ਰਹਿਣ ਲਈ ਅਪਲਾਈ ਕੀਤਾ ਸੀ ਅਤੇ 2 ਲੱਖ 4 ਹਜ਼ਾਰ ਲੋਕਾਂ ਨੇ ਲੰਬੇ ਸਮੇਂ ਲਈ ਬ੍ਰਿਟੇਨ 'ਚ ਰਹਿਣ ਲਈ ਅਪਲਾਈ ਕੀਤਾ ਸੀ।

ਗੈਰ-ਯੂਰਪੀਅਨ ਲੋਕ ਬ੍ਰਿਟੇਨ ਵਿੱਚ ਥੋੜ੍ਹੇ ਸਮੇਂ ਲਈ ਰਹਿੰਦੇ ਹਨ। ਇਸ ਦੇ ਨਾਲ ਹੀ, ਲੰਬੇ ਸਮੇਂ ਤੋਂ ਰੁਕਣ ਵਾਲੇ ਜ਼ਿਆਦਾਤਰ ਲੋਕ ਸਿਹਤ ਕਾਰਨਾਂ ਕਰਕੇ ਉੱਥੇ ਰਹਿਣਾ ਚਾਹੁੰਦੇ ਹਨ। 2023 ਵਿੱਚ ਵਰਕ ਵੀਜ਼ਾ ਧਾਰਕਾਂ 'ਤੇ ਨਿਰਭਰ 2 ਲੱਖ 79 ਹਜ਼ਾਰ ਲੋਕਾਂ ਨੂੰ ਵੀਜ਼ਾ ਮਿਲਿਆ।

ਪਿਛਲੇ ਪੰਜ ਸਾਲਾਂ ਵਿੱਚ 83 ਹਜ਼ਾਰ 468 ਭਾਰਤੀਆਂ ਨੇ ਭਾਰਤੀ ਨਾਗਰਿਕਤਾ ਛੱਡ ਕੇ ਬ੍ਰਿਟਿਸ਼ ਨਾਗਰਿਕਤਾ ਲੈ ਲਈ ਹੈ। ਇਹ ਯੂਰਪ ਦੇ ਕਿਸੇ ਵੀ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਸ ਤੋਂ ਪਹਿਲਾਂ 2022 ਤੱਕ 254 ਭਾਰਤੀ ਅਮੀਰ ਲੋਕਾਂ ਨੇ ਗੋਲਡਨ ਵੀਜ਼ਾ ਸਕੀਮ ਤਹਿਤ ਬ੍ਰਿਟਿਸ਼ ਨਾਗਰਿਕਤਾ ਲੈ ਲਈ ਸੀ।



# ਪੰਥਕ ਕੌਣ?

**ਬਲਰਾਜ ਪੰਨੂੰ**

ਪੰਜਾਬ ਦੇ ਵਿੱਚ ਪੰਥ- ਪੰਥ ਹੋਈ ਪਈ ਹੈ, ਉਹ ਪੰਥ ਦੀ ਗੱਲ ਪੰਜਾਬ ਦੇ ਵਿੱਚ ਤੁਰੀ ਹੈ ਜੋ ਚੜ੍ਹਦੀਕਲਾ ਦਾ ਪ੍ਰਤੀਕ ਹੈ। ਜਿਹੜੇ ਸੱਚ ਵਿੱਚ ਪੰਥਕ ਨੇ, ਉਹ ਸਮਝਦੇ ਨੇ ਕਿ ਪੰਥ ਦੇ ਪਿੱਛੇ ਬਹੁਤ ਵੱਡਾ ਦੁਖਾਂਤ ਹੈ। ਇਹ ਇੱਕ ਸੰਘਰਸ਼ ਦੀ ਲੰਬੀ ਕਹਾਣੀ ਹੈ। ਇੱਕ ਵਾਰ ਸੰਤ ਭਿੰਡਰਾਂਵਾਲੇ ਨੂੰ ਕਿਸੇ ਪੱਤਰਕਾਰ ਨੇ ਪੁੱਛਿਆ ਕਿ ਤੁਸੀਂ ਹਿੰਦੋਸਤਾਨ ਵਿੱਚ ਕਿਵੇਂ ਰਹਿਣਾ ਚਾਹੁੰਦੇ ਹੋ? ਸੰਤ ਭਿੰਡਰਾਂਵਾਲਿਆਂ ਨੇ ਧੌਣ ਸਿੱਧੀ ਕਰਕੇ, ਅਕੜਾਅ ਕੇ ਕਿਹਾ ਕਿ "ਧੌਣ ਸਿੱਧੀ ਕਰਕੇ"। ਬਿਲਕੁਲ ਸਹੀ ਹੈ ਕਿਉਂਕਿ ਧੌਣ ਸਿੱਧੀ ਕਰਕੇ ਤੁਰਨ ਦੇ ਲਈ ਅਸੀਂ ਬੜਾ ਵੱਡਾ ਮੁੱਲ ਤਾਰਿਆ ਹੈ। ਜੋ ਦਸਤਾਰ ਅੱਜ ਤੁਹਾਡੇ ਸਿਰਾਂ ਦੀ ਸਰਦਾਰੀ ਹੈ, ਯਾਦ ਰੱਖਿਓ ਕਈ ਯੋਧਿਆਂ-ਸੂਰਬੀਰਾਂ ਨੇ ਆਪਣੇ ਆਪ ਨੂੰ ਮਾਰ ਕੇ ਤੁਹਾਨੂੰ ਜਿਉਂਦਿਆਂ ਕੀਤਾ ਸੀ। ਕਿੱਡੇ ਜੇਰੇ ਹੋਣਗੇ, ਉਹਨਾਂ ਮਾਂ ਬਾਪ ਦੇ, ਜਿਹੜੇ ਪੁੱਤਾਂ ਨੂੰ ਜੇਲ੍ਹ ਵਿੱਚ ਆਖ਼ਰੀ ਵਾਰ ਵੇਖ ਕੇ ਜੈਕਾਰੇ ਛੱਡ ਦੇ ਜੇਲ੍ਹਾਂ ਤੋਂ ਬਾਹਰ ਆਏ ਸਨ ਪਰ ਅੱਜ ਦੇ ਸਮੇਂ ਵਿੱਚ ਭੇਖਾਧਾਰੀ ਸਿੱਖਾਂ ਨੇ ਪੰਥ ਨੂੰ ਮਜ਼ਾਕ ਬਣਾ ਦਿੱਤਾ ਹੈ। ਹਰ ਕੋਈ ਉੱਠ ਕੇ ਕਹਿ ਦਿੰਦਾ ਹੈ ਕਿ ਅਸੀਂ ਪੰਥ ਦੇ ਰਖਵਾਲੇ ਹਾਂ। ਆਪਣੀ ਸਹੂਲਤ ਮੁਤਾਬਕ ਹੀ ਕਹਿ ਦਿੰਦੇ ਨੇ ਕਿ ਪੰਥ ਨੂੰ ਖ਼ਤਰਾ ਹੈ। ਪੰਥ ਨੂੰ ਕਦੇ ਕਿਸੇ ਤੋਂ ਖ਼ਤਰਾ ਹੋਇਆ ਹੀ ਨਹੀਂ। ਸ਼ੁਕਰ ਕਰੋ ਪੰਥ ਨੇ ਬਹੁਰੂਪੀਆਂ ਦੇ ਪਰਦੇ ਕੱਜੇ ਹੋਏ ਨੇ। ਗੁਰੂ ਵੱਲੋਂ ਦੱਸਿਆ ਮਾਰਗ ਗੁਰਮਤਿ ਦਾ ਰਾਹ ਪੰਥ ਹੈ। ਪੰਥ ਦਾ ਹਿੱਸਾ ਉਹ ਲੋਕ ਹਨ ਜੋ ਉਸ ਦੇ ਰਾਹ 'ਤੇ ਚੱਲਦੇ ਹਨ ਪਰ ਪੰਜਾਬ ਦੇ ਵਿੱਚ ਇੱਕ ਵੱਡਾ ਸਵਾਲ ਹੈ ਕਿ ਪੰਥਕ ਕੌਣ? ਅਕਾਲੀ, ਭਾਈ ਅੰਮ੍ਰਿਤਪਾਲ ਸਿੰਘ, ਸਿਮਰਨਜੀਤ ਸਿੰਘ ਮਾਨ, ਕੁਲਵੰਤ ਸਿੰਘ ਜੀਰਾ, ਕੌਣ ਹੈ ਪੰਥਕ? ਪੰਥਕ ਚਿਹਰਾ ਤਾਂ ਇੱਕ ਹੋਣਾ ਚਾਹੀਦਾ ਹੈ, ਦੁਚਿੱਤੀ ਵਿੱਚ ਨੇ ਲੋਕ ਕਿ ਕਿਸ ਨੂੰ ਪੰਥਕ ਮੰਨੀਏ? ਖਡੂਰ ਸਾਹਿਬ ਸੀਟ ਦੀ ਗੱਲ ਕਰੀਏ ਤਾਂ ਹਵਾ ਦਾ ਰੁਖ਼ ਭਾਈ ਅੰਮ੍ਰਿਤਪਾਲ ਸਿੰਘ ਵੱਲ ਵਗਦਾ ਦਿਖਾਈ ਦਿੰਦਾ ਹੈ ਪਰ ਬੁੱਧੀਜੀਵੀ ਕਹਿੰਦੇ ਨੇ ਕਿ ਅੰਮ੍ਰਿਤਪਾਲ ਦੇ ਜਿੱਤਣ ਦੇ ਨਾਲ ਕੀ ਫ਼ਰਕ ਪਵੇਗਾ? ਸਹੀ ਗੱਲ ਹੈ ਕਿ ਇੱਕ ਬੇਲਗਾਮ ਸਿਆਸਤ ਦੇ ਵਿੱਚ ਹਿੱਸੇਦਾਰ ਹੋਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ, ਪਰ ਨਿੰਦਣ ਵਾਲਿਆਂ ਦੇ ਲਈ ਇਹ ਸੁਨੇਹਾ ਹੈ ਕਿ ਕੁਝ ਲੜਾਈਆਂ ਹੋਂਦ ਲਈ ਹੁੰਦੀਆਂ ਨੇ। ਪੰਜਾਬ ਸਦਾ ਹੋਂਦ ਦੀ ਲੜਾਈ ਲੜਦਾ ਆ ਰਿਹਾ ਹੈ। ਮੰਨਿਆ ਸਿਸਟਮ ਦੀਆਂ ਜੜ੍ਹਾਂ ਡੂੰਘੀਆਂ ਨੇ, ਪਰ ਸਾਡੇ ਸੂਰਮਿਆਂ ਨੇ ਵੀ ਆਪਣੇ ਅਸੂਲਾਂ ਖਾਤਰ ਇਹਨਾਂ ਜੜ੍ਹਾਂ ਨੂੰ ਕੁਰੇਦਿਆ ਹੈ। ਹੋਂਦ ਦੇ ਲਈ ਹੀ ਤੁਹਮਤਾਂ, ਟਿੱਚਰਾਂ, ਟਿੱਪਣੀਆਂ, ਸਭ ਕੁਝ ਯੋਧਿਆਂ ਨੇ ਜਰਿਆ ਪਰ ਵੱਖਰੇ ਸੰਕਲਪ ਵਾਲੀ ਸੋਚ ਨੇ ਉਹਨਾਂ ਨੂੰ ਡੋਲਣ ਨਹੀਂ ਦਿੱਤਾ। ਪੰਥ ਉਹਨਾਂ ਲਈ ਹੈ, ਜਿਹਨਾਂ ਨੇ ਆਪਣਾ ਸਾਰਾ ਕੁਝ ਕੌਮੀ ਅਣਖ, ਆਬਰੂ ਵਾਲੀ ਤਕੜੀ ਦੇ ਵਿੱਚ ਤੋਲ ਦਿੱਤਾ। ਪੰਥ ਉਹਨਾਂ ਲਈ ਸੀ ਜੋ ਕਾਲੇਪਾਣੀ ਗਏ। ਪੰਥ ਉਹਨਾਂ ਬੰਦੀ ਸਿੰਘਾਂ ਦੇ ਲਈ ਹੈ, ਜੋ ਵੱਖਰੇ ਸੰਕਲਪ ਕਰਕੇ ਸਜ਼ਾ ਪੂਰੀ ਦੇ ਬਾਵਜੂਦ ਜੇਲ੍ਹਾਂ ਵਿੱਚ ਬੈਠੇ ਨੇ। ਖੁੱਲ ਕੇ ਉਹੀ ਖੇਡਦੇ ਨੇ, ਜਿਹਨਾਂ ਕੋਲ ਗਵਾਉਣ ਲਈ ਕੁਝ ਨਹੀਂ ਹੁੰਦਾ। ਠੀਕ ਭਾਈ ਅੰਮ੍ਰਿਤਪਾਲ ਸਿੰਘ ਕੋਲ ਵੀ ਇਸ ਸਮੇਂ ਗਵਾਉਣ ਲਈ ਕੁਝ ਨਹੀਂ ਹੈ। ਇਹ ਵੱਖਰੀ ਗੱਲ ਹੈ ਤੇ ਅਫ਼ਸੋਸ ਵੀ ਹੈ ਕਿ ਅੰਮ੍ਰਿਤਪਾਲ ਦੇ ਚੋਣ ਮੈਨੀਫ਼ੈਸਟੋ ਵਿੱਚ ਸਿੱਖ ਲਫ਼ਜ਼ ਤੋਂ ਗੁਰੇਜ਼ ਕੀਤੀ ਗਈ ਹੈ। ਜਦੋਂਕਿ ਸ਼ੁਰੂਆਤ ਸਮੇਂ ਅੰਮ੍ਰਿਤਪਾਲ ਨੇ ਸਿੱਖ ਲਫ਼ਜ਼ ਦੀ ਹੋਂਦ ਤੋਂ ਹੀ ਸ਼ੁਰੂਆਤ ਕੀਤੀ ਸੀ। ਇਹ ਕਮਜੋਰੀ ਸਮਝ ਲਵੋ ਜਾਂ ਸਿਆਸਤ ਵਿੱਚ ਉਤਰਨ ਦਾ ਇੱਕ ਵਸੀਲਾ। ਹਾਲ ਦੀ ਘੜੀ ਪੂਰੇ ਪੰਜਾਬ ਦੀ ਨਜ਼ਰ ਖਡੂਰ ਸਾਹਿਬ ਦੀ ਸੀਟ 'ਤੇ ਟਿਕੀ ਹੋਈ ਹੈ। ਪੰਜਾਬ ਦੇ ਲੋਕਾਂ ਦੀਆਂ ਜਦੋਂ ਤੈਹਾਂ ਨੂੰ ਫ਼ਰੋਲਦੇ ਹਾਂ ਤਾਂ ਉਹ ਬਹੁਤ ਕੁਝ ਆਪਣੇ ਅਤੀਤ ਦਾ ਸਾਂਭੀ ਬੈਠੇ ਨਜ਼ਰ ਆਉਂਦੇ ਨੇ। ਥੋੜਾ ਜਿਹਾ ਪਿਛਾਂਹ ਨੂੰ ਨਜ਼ਰ ਮਾਰੀਏ ਤਾਂ ਬੇਅਦਬੀ ਦੀ ਚੀਸ ਪੰਜਾਬੀ ਅਜੇ ਵੀ ਦਿਲਾਂ ਵਿੱਚ ਲੈ ਕੇ ਜੀਅ ਰਹੇ ਨੇ। ਬਰਗਾੜੀ ਦੁਨੀਆਂ ਭਰ ਦੇ ਵਿੱਚ ਬੇਅਦਬੀ ਕਰਕੇ ਹੀ ਚਰਚਾ ਵਿੱਚ ਆਇਆ ਸੀ। 2015 ਦੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ 110 ਅੰਗ ਖਿਲਰੇ ਮਿਲੇ ਸਨ। ਇਸ ਬਰਗਾੜੀ ਬੇਅਦਬੀ ਨੇ ਹੀ ਅਕਾਲੀਆਂ ਨੂੰ ਅਜਿਹੇ ਖੱਡੇ ਵਿੱਚ ਸੁੱਟਿਆ ਕਿ ਲੋਕ ਸਭਾ ਚੋਣਾਂ ਦੇ ਵਿੱਚ ਵੀ ਉਹ ਪੰਥ- ਪੰਥ ਦੀਆਂ ਕੂਕਾਂ ਮਾਰ ਰਹੇ ਨੇ ਪਰ ਉਹਨਾਂ ਦੀ ਬਾਂਹ ਫੜਨ ਨੂੰ ਕੋਈ ਝੂਠਾ ਲਾਰਾ ਵੀ ਨਹੀਂ ਲਾ ਰਿਹਾ। ਕੈਪਟਨ ਵੀ ਪੰਥ ਲਈ ਨਿਆਂ ਦਾ ਵਾਅਦਾ ਲੈ ਕੇ ਸੱਤਾ ਵਿੱਚ ਆਇਆ ਸੀ ਪਰ ਵਾਅਦਾ ਪੂਰਾ ਨਾ ਹੋਣ 'ਤੇ ਪੰਜਾਬ ਦੇ ਲੋਕਾਂ ਨੇ ਕੈਪਟਨ ਨੂੰ ਬੀਜੇਪੀ ਦੇ ਪੈਰਾਂ ਵਿੱਚ ਬੈਠਾ ਦਿੱਤਾ। 'ਆਪ' ਵਾਲਿਆਂ ਨੇ ਨਿਆਂ ਤਾਂ ਕੀ ਦੇਣਾ ਸੀ ਪਤਾ ਲੱਗਿਆ ਹੈ ਕਿ ਉਹਨਾਂ ਨੇ ਤਾਂ ਬਰਗਾੜੀ ਵਾਲਿਆਂ ਦੀ ਦਾਣਾ ਮੰਡੀ ਹੀ ਖੋਹ ਲਈ ਹੈ। ਪੰਜ ਹਜ਼ਾਰ ਏਕੜ ਦੀ ਫ਼ਸਲ ਆਉਂਦੀ ਸੀ ਇਸ ਮੰਡੀ ਵਿੱਚ। ਬਰਗਾੜੀ ਬੇਅਦਬੀ ਦੀ ਸੱਟ ਨੇ ਕਈ ਪਾਰਟੀਆਂ ਤੋਂ ਰਾਜ ਭਾਗ ਖੋਹ ਲਏ। ਬਰਗਾੜੀ ਦੀ ਚੀਸ ਇਕੱਲੇ ਬਰਗਾੜੀ ਦੀ ਨਹੀਂ, ਪੂਰੇ ਪੰਜਾਬ ਦੀ ਚੀਸ ਹੈ ਤੇ ਇਹ ਰੜਕ ਇਨਸਾਫ਼ ਮਿਲਣ ਤੱਕ ਜ਼ਿੰਦਾ ਰਹੇਗੀ। ਕਿੰਨਾ ਕੁ ਧੱਕਾ ਪੰਜਾਬ ਵਾਸੀ ਬਰਦਾਸ਼ਤ ਕਰਨਗੇ? ਹਾਕਮ ਸਰਕਾਰਾਂ ਬਾਗੀ ਲਫ਼ਜ਼ ਵਰਤਣ ਲੱਗੀਆਂ ਗੁਰੇਜ਼ ਨਹੀਂ ਕਰਦੀਆਂ ਤੇ ਇਹ ਗੱਲ ਹੈ ਵੀ ਸਹੀ। ਸਿੱਖ ਜਾਂ ਤਾਂ ਬਾਗੀ ਹੁੰਦੇ ਨੇ ਜਾਂ ਬਾਦਸ਼ਾਹ।








**ਸਿੱਖਾਂ ਨੂੰ ਜਾਂ ਤਾਂ ਤਖ਼ਤ ਚਾਹੀਦਾ ਜਾਂ ਤਖ਼ਤਾ।**

ਪੰਥ ਦਾ ਬਹੁਤ ਕੁਝ ਸਵਾਰਿਆ ਜਾ ਸਕਦਾ ਸੀ ਪਰ ਅਖੌਤੀ ਪੰਥਕਾਂ ਦੀ ਸਰਕਾਰ ਪੰਜਾਬੀਆਂ ਦੀਆਂ ਜੜ੍ਹਾਂ ਦੇ ਵਿੱਚ ਬੈਠ ਗਈ। ਬਲਵਿੰਦਰ ਸਿੰਘ ਭੂੰਦੜ, ਸਿਕੰਦਰ ਸਿੰਘ ਮਲੂਕਾ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਰਤਨ ਸਿੰਘ ਅਜਨਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਸੁੱਚਾ ਸਿੰਘ ਲੰਗਾਹ ਆਦਿ ਨੇ ਸੱਤ ਸੱਤ ਮੀਟਰ ਦੀਆਂ ਪੱਗਾਂ ਬੰਨ ਕੇ ਪੰਥਕ ਆਗੂ ਕਹਾ ਕੇ ਪੰਥ ਦੇ ਲਈ ਕੀਤਾ ਕੀ?

ਹੁਣ ਫ਼ੇਰ ਅਕਾਲੀ ਪਾਰਟੀ ਨੇ ਪੰਥ ਦੇ ਨਾਂਅ ਵਾਲਾ ਝੰਡਾ ਚੁੱਕ ਲਿਆ ਹੈ, ਚੱਲੋ ਤੁਹਾਨੂੰ ਖਲੀਲ ਜ਼ਿਬਰਾਨ ਦੀ ਇੱਕ ਕਹੌਤ ਸੁਣਾਉਂਦੇ ਹਾਂ। ਸੁੱਤੀ ਲੂੰਬੜੀ ਗਾਰ ਵਿਚੋਂ ਸਵੇਰੇ ਬਾਹਰ ਨਿੱਕਲੀ, ਚੜ੍ਹਦੇ ਸੂਰਜ ਵਿੱਚ ਆਪਣਾ ਕੋਹਾਂ ਲੰਬਾ ਪਰਛਾਵਾਂ ਵੇਖ ਕੇ ਉਸ ਨੇ ਕਿਹਾ ਕਿ ਅੱਜ ਤਾਂ ਨਾਸ਼ਤੇ ਵਿੱਚ ਊਠ ਬਿਨਾਂ ਨਹੀਂ ਸਰਨਾ। ਊਠ ਭਾਲ਼ਦਿਆਂ ਭਾਲ਼ਦਿਆਂ ਦੁਪਹਿਰਾ ਸਿਰ 'ਤੇ ਆ ਗਿਆ। ਕੋਹਾਂ ਲੰਬਾ ਪਰਛਾਵਾਂ ਸੁੰਗੜ ਕੇ ਪੈਰਾਂ ਵਿੱਚ ਆ ਗਿਆ। ਹਉਂਕਾ ਲਿਆ ਤੇ ਆਖਿਆ ਕਿ ਹੁਣ 'ਤੇ ਇੱਕ ਚੂਹਾ ਹੀ ਮਿਲ ਜਾਵੇ। ਇਹ ਕਹਾਣੀ ਇੱਥੇ ਹੀ ਖ਼ਤਮ। ਗੱਲ ਅਕਾਲੀਆਂ ਦੀ ਕਰਦੇ ਹਾਂ। ਹੁਣ ਤਾਂ ਬੱਸ ਪੈਰ ਰੱਖਣ ਦੇ ਲਈ ਅਕਾਲੀ ਜ਼ਮੀਨ ਭਾਲ ਰਹੇ ਨੇ। ਕਦੇ ਪੰਜਾਬ ਦੀ ਸਾਰੀ ਸਿਆਸੀ ਜ਼ਮੀਨ ਅਕਾਲੀਆਂ ਦਾ ਵਿਹੜਾ ਸੀ ਪਰ ਕੁਚੱਜੇ ਲੋਕਾਂ ਨੇ ਆਪ ਹੀ ਵਿਹੜੇ ਦੀ ਮਿੱਟੀ ਪੁੱਟਣੀ ਸ਼ੁਰੂ ਕਰ ਦਿੱਤੀ ਤੇ ਹੁਣ ਪੰਜਾਬ ਦੀ ਹੋਂਦ ਲਈ ਨਹੀਂ, ਸਗੋਂ ਆਪਣੀ ਹੋਂਦ ਦੇ ਲਈ ਤਰਲੋ ਮੱਛੀ ਹੋ ਰਹੇ ਨੇ। ਬਾਦਲ ਸਾਹਿਬ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦੀ ਤਾਸੀਰ ਅਣਖੀ ਹੈ ਤੇ ਹਮੇਸ਼ਾ ਹੋਇਆ ਇਹ ਹੈ ਕਿ ਅਣਖ ਦੀ ਪਾਣ ਚੜ੍ਹੇ ਪੰਜਾਬੀ ਕਿਸੇ ਦੇ ਵਲ਼ ਵਿੱਚ ਨਹੀਂ ਆਉਂਦੇ। ਸਿਆਸਤਦਾਨ ਪੰਜਾਬ ਦੇ ਲੋਕਾਂ ਨੂੰ ਜਾਗਦਿਆਂ ਨੂੰ ਪੈਂਦ ਵੱਲ ਨਹੀਂ ਪਾ ਸਕਦੇ। ਪੰਜਾਬ ਦੀ ਹੋਂਦ 'ਤੇ ਭਾਵੇਂ ਨਿੱਤ ਹਮਲੇ ਹੋਣ ਪਰ ਪੰਜਾਬੀਆਂ ਨੂੰ ਪੰਜਾਬ ਸਾਂਭਣਾ ਆਉਂਦਾ ਹੈ। ਪੰਜਾਬ ਦੀ ਜ਼ਰਖੇਜ਼ ਮਿੱਟੀ ਨਿੱਤ ਖੜੱਪੇ ਜੰਮਦੀ ਹੈ। ਆਓ ਪੰਥ ਦੀ ਚੜ੍ਹਦੀਕਲਾ ਦੇ ਲਈ ਅਰਦਾਸ ਕਰੀਏ। ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬਤ ਦਾ ਭਲਾ।

# ਵਿਪਸਾਅ ਕੈਲੀਫ਼ੋਰਨੀਆ ਵੱਲੋਂ ਡਾ. ਸੁਰਜੀਤ ਪਾਤਰ ਦੀ ਨਿੱਘੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ





ਹੇਵਰਡ/ ਏ.ਟੀ.ਨਿਊਜ਼: ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਵੱਲੋਂ ਫਰੀਮੌਂਟ ਵਿਖੇ ਪਦਮ ਸ੍ਰੀ ਡਾ. ਸੁਰਜੀਤ ਪਾਤਰ ਨੂੰ ਨਿੱਘੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਪਸਾਅ ਦੀ ਸਾਹਿਤ ਸਕੱਤਰ ਲਾਜ ਨੀਲਮ ਸੈਣੀ ਨੇ ਦਸਿਆ ਕਿ ਗ਼ਮਗੀਨ ਮਾਹੌਲ ਵਿੱਚ ਵਿਪਸਾਅ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਪ੍ਰੋਗਰਾਮ ਦੇ ਸ਼ੁਰੂ ਵਿੱਚ ਵਿਪਸਾਅ ਦੇ ਲੰਮਾ ਵਕਤ ਮੈਂਬਰ ਰਹੇ ਅਤੇ ਅਮਰੀਕਾ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਰਹੇ ਸ਼ਾਇਰ ਆਜ਼ਾਦ ਜਲੰਧਰੀ ਦੇ ਸਦੀਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਉਪਰੰਤ ਡਾ. ਸੁਰਜੀਤ ਪਾਤਰ ਅਤੇ ਆਜ਼ਾਦ ਜਲੰਧਰੀ ਦੀਆਂ ਵਿੱਛੜੀਆਂ ਰੂਹਾਂ ਦੀ ਸ਼ਾਂਤੀ ਲਈ ਸਭ ਵੱਲੋਂ ਮੋਨ ਧਾਰਨ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਵਿਪਸਾਅ ਪ੍ਰਧਾਨ ਕੁਲਵਿੰਦਰ, ਹਰਜਿੰਦਰ ਕੰਗ, ਸੁਰਜੀਤ ਸਖੀ, ਡਾ. ਸੁਖਵਿੰਦਰ ਕੰਬੋਜ, ਸਾਹਿਤ ਪ੍ਰੇਮੀ ਲਾਲੀ ਧਨੋਆ ਅਤੇ ਜਸਵੀਰ ਗਿੱਲ ਸ਼ਾਮਲ ਹੋਏ।

ਵਿਪਸਾਅ ਦੇ ਸਰਗਰਮ ਮੈਂਬਰ ਅਤੇ ਪੰਜਾਬ ਲੋਕ ਰੰਗ ਨਾਲ਼ ਜੁੜੇ ਕਲਾਕਾਰ ਮੁਕੇਸ਼ ਸ਼ਰਮਾ ਦਾ ਕਾਵਿ ਸੰਗ੍ਰਹਿ 'ਆਪੇ ਨਾਲ਼ ਬਾਤ' ਲੋਕ ਅਰਪਣ ਕੀਤਾ ਗਿਆ। ਪੰਜਾਬ ਲੋਕ ਰੰਗ ਦੇ ਸੁਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਮੁਕੇਸ਼ ਇੱਕ ਸ਼ਾਇਰ ਹੋਣ ਦੇ ਨਾਲ਼ ਵਧੀਆ ਰੰਗ-ਕਰਮੀ ਅਤੇ ਕਲਾਕਾਰ ਵੀ ਹੈ। ਉਹ ਉਸਦੀ ਅਗਲੀ ਕਿਤਾਬ ਵਿੱਚ ਹਰ ਨਜ਼ਮ ਦੇ ਨਾਲ਼ ਉਸਦਾ ਬਣਾਇਆ ਸਕੈੱਚ ਦੇਖਣਾ ਚਾਹੁੰਦੇ ਹਨ। ਹਰਜਿੰਦਰ ਕੰਗ ਨੇ ਕਿਹਾ ਕਿ ਕਿਤਾਬ ਦਾ ਨਾਮ 'ਆਪੇ ਨਾਲ਼ ਬਾਤ' ਹੀ ਸਪਸ਼ਟ ਕਰਦਾ ਹੈ ਕਿ ਇਸ ਵਿੱਚ ਕਵੀ ਨੇ ਆਤਮ ਮੰਥਨ ਕਰਦੇ ਹੋਏ ਸਮਾਜ ਨਾਲ਼ ਸਾਂਝ ਪਾਈ ਹੈ।

ਸੁਖਵਿੰਦਰ ਕੰਬੋਜ ਨੇ ਇਸੇ ਸੰਦਰਭ ਵਿੱਚ ਕਿਹਾ ਕਿ ਮੁਕੇਸ਼ ਮੰਚ ਦਾ ਧਨੀ ਹੈ। ਇਸ ਦੀ ਕਵਿਤਾ ਮਨ ਦੇ ਕਈ ਭਾਵਾਂ ਨੂੰ ਬਿਆਨਦੀ ਹੈ। ਸਮਾਗਮ ਵਿੱਚ ਹਾਜ਼ਰ ਲੇਖਕਾਂ, ਸਾਹਿਤ ਪ੍ਰੇਮੀਆਂ ਅਤੇ ਡਾ. ਸੁਰਜੀਤ ਪਾਤਰ ਦੇ ਨਜ਼ਦੀਕੀਆਂ ਵਲੋਂ ਉਹਨਾਂ ਦੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਹਨਾਂ ਦੇ ਜੀਵਨ ਅਤੇ ਸਾਹਿਤਕ ਸਫ਼ਰ ਦੀ ਗੱਲ ਤੋਰਦਿਆਂ ਜਗਜੀਤ ਨੇ ਦੱਸਿਆ ਕਿ 14 ਜਨਵਰੀ 1945 ਨੂੰ ਪੱਤੜ ਕਲਾਂ ਵਿੱਚ ਜਨਮਿਆਂ ਇਹ ਬਾਲ




ਪੰਜਾਹ ਸਾਲ ਤੋਂ ਵੱਧ ਪੰਜਾਬੀ ਸਾਹਿਤ ਜਗਤ ਦੀ ਆਭਾ ਬਣਿਆ ਰਿਹਾ। ਉਸਦੀ ਸਖ਼ਸ਼ੀਅਤ ਅਤੇ ਸ਼ਾਇਰੀ ਦੋਵਾਂ ਵਿੱਚ ਹੀ ਅਜਿਹੀ ਚੁੰਬਕੀ ਖਿੱਚ ਸੀ ਕਿ ਪਾਠਕ ਅਤੇ ਸਰੋਤੇ ਉਸ ਵੱਲ ਖਿੱਚੇ ਜਾਂਦੇ ਸਨ। ਲੇਖਕ ਵਰਿਆਮ ਸੰਧੂ ਦੇ ਸ਼ਬਦਾਂ ਵਿੱਚ, 'ਸੁਰਜੀਤ ਪਾਤਰ ਨਾਅਰੇ ਜਾਂ ਲਲਕਾਰੇ ਦਾ ਨਹੀਂ, ਰਮਜ਼ ਤੇ ਇਸ਼ਾਰੇ ਦਾ ਸ਼ਾਇਰ ਹੈ'। ਇਸ ਉਪਰੰਤ ਜਯੋਤੀ ਸਿੰਘ, ਚਰਨਜੀਤ ਸਿੰਘ ਪਨੂੰ ਅਵਤਾਰ ਸਿੰਘ ਗੋਂਦਾਰਾ, ਅਮਰ ਸੂਫ਼ੀ, ਮੁਕੇਸ਼ ਸ਼ਰਮਾ, ਜਸਵੰਤ ਸਿੰਘ ਸੰਧੂ, ਅਮਰਜੀਤ ਕੌਰ ਪੰਨੂੰ, ਮਨਦੀਪ ਗੋਰਾ, ਹਰਪ੍ਰੀਤ ਕੌਰ ਧੂਤ, ਐਸ਼ ਕੁਮ ਐਸ਼ ਵਿਕ , ਲਾਜ ਨੀਲਮ ਸੈਣੀ, ਪ੍ਰੋ. ਸੁਰਿੰਦਰ ਸਿੰਘ ਸੀਰਤ, ਲਾਲੀ ਧਨੋਆ, ਸੁਰਜੀਤ ਸਖੀ, ਹਰਜਿੰਦਰ ਕੰਗ, ਡਾ. ਸੁਖਵਿੰਦਰ ਕੰਬੋਜ, ਜਸਵੀਰ ਗਿੱਲ ਅਤੇ ਕੁਲਵਿੰਦਰ ਨੇ ਡਾ. ਪਾਤਰ ਨਾਲ਼ ਜੁੜੀਆਂ ਯਾਦਾਂ ਸਾਂਝੀਆਂ ਕਰਕੇ, ਉਨ੍ਹਾਂ ਦੀਆਂ ਗ਼ਜਲਾਂ ਦੇ ਸ਼ਿਅਰ ਅਤੇ ਸ਼ਬਦ ਚਿੱਤਰ ਪੜ੍ਹ ਕੇ ਗ਼ਮਗੀਨ ਕਾਇਨਾਤ ਨੂੰ ਸਹਿਜ ਕਰ ਦਿੱਤਾ। ਉਨ੍ਹਾਂ ਦੇ ਸ਼ਬਦਾਂ ਦੀ ਲੋਅ ਹਨੇਰੇ ਵਿੱਚ ਰੌਸ਼ਨੀ ਦੀ ਕਿਰਨ ਦਿਖਾ ਰਹੀ ਸੀ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਡਾ. ਸੁਰਜੀਤ ਪਾਤਰ ਉਸ ਸਮਾਗਮ ਵਿੱਚ ਆਪ ਸ਼ਾਮਲ ਹੋਣ। ਉਨ੍ਹਾਂ ਦੀ ਸ਼ਾਇਰੀ ਵਿੱਚੋਂ ਉਨ੍ਹਾਂ ਦੀ ਸੂਰਤ ਤੇ ਸੀਰਤ ਝਲਕਦੀ ਸੀ। ਸਭ ਤੋਂ ਵੱਡੀ ਗੱਲ ਇਹ ਕਿ ਜਦੋਂ ਵੀ ਕੋਈ ਬੁਲਾਰਾ ਉਨ੍ਹਾਂ ਦਾ ਸ਼ਿਅਰ ਬੋਲਦਾ ਤਾਂ ਹਾਲ ਵਿੱਚ ਬੈਠਾ ਹਰ ਸਰੋਤਾ ਉਸ ਸ਼ਿਅਰ ਨੂੰ ਨਾਲ਼ ਹੀ ਬੋਲਦਾ। ਅਜਿਹਾ ਉਦੋਂ ਹੀ ਹੁੰਦਾ ਹੈ ਜਦੋਂ ਕਿਸੇ ਕਵੀ ਦੀ ਕਵਿਤਾ ਲੋਕ ਮਨਾ ਵਿੱਚ ਵੱਸੀ ਹੋਵੇ। ਪਾਤਰ ਦੀ ਸ਼ਾਇਰੀ ਹਰ ਕਿਸੇ ਦੇ ਮਨ ਨੂੰ ਟੁੰਬਦੀ, ਕੀਲਦੀ ਤੇ ਗੁੱਝੀਆਂ ਰਮਜ਼ਾਂ ਦੇ ਭੇਦ ਪਛਾਣਨ ਦੇ ਯੋਗ ਬਣਾਉਂਦੀ ਹੈ। ਪਾਠਕ ਨੂੰ ਇਹ ਵੀ ਮਹਿਸੂਸ ਹੁੰਦਾ ਹੈ ਜਿਵੇਂ ਇਹ ਉਸ ਲਈ ਲਿਖੀ ਹੋਵੇ। ਪ੍ਰੋ. ਸੁਰਿੰਦਰ ਸੀਰਤ ਨੇ ਪਾਤਰ ਸਾਹਿਬ ਨੂੰ ਇਸ ਸਦੀ ਦਾ ਕਵੀ ਕਹਿੰਦੇ ਹੋਏ ਆਪਣੀ ਗ਼ਜ਼ਲ 'ਡੁੱਬਿਆ ਹੈ ਅੰਤ ਸੂਰਜਾ ਆਪਣੇ ਸਮੇਂ ਦੇ ਨਾਲ' ਪਾਤਰ ਸਾਹਿਬ ਨੂੰ ਸਮਰਪਿਤ ਕੀਤੀ। ਹਰਜਿੰਦਰ ਕੰਗ ਨੇ ਕਿਹਾ ਕਿ ਪਾਤਰ ਅਸੀਮ ਸ਼ਾਇਰ ਸੀ ਜੋ ਖ਼ੂਬਸੂਰਤ ਸਾਹਿਤਕ ਜੀਵਨ ਜੀ ਕੇ ਨਵਿਆਂ ਰਾਹਾਂ ਨੂੰ ਤੁਰ ਗਿਆ। ਡਾ. ਸੁਖਵਿੰਦਰ ਕੰਬੋਜ ਨੇ ਇਤਿਹਾਸ ਸਿਰਜਕ ਦਾ ਦਰਜਾ ਦਿੱਤਾ।

ਜ਼ਿਕਰਯੋਗ ਹੈ ਕਿ 2002 ਵਿੱਚ ਵਿਪਸਾਅ ਦਾ ਸੰਗਠਨ ਡਾ. ਸੁਰਜੀਤ ਪਾਤਰ ਦੇ ਕਰ-ਕਮਲਾਂ ਨਾਲ਼ ਹੋਇਆ ਸੀ। ਇਸ ਲਈ ਉਹ ਵਿਪਸਾਅ ਦਾ ਅੰਗ ਹੀ ਸਨ। ਕੁਲਵਿੰਦਰ ਨੇ ਪਾਤਰ ਜੀ ਨਾਲ ਬਿਤਾਏ ਵਕਤਾਂ ਦੀਆਂ ਕਈ ਨਿੱਘੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਪਾਤਰ ਦੀ ਸਖ਼ਸ਼ੀਅਤ ਉੱਪਰ ਲਿਖੀ ਆਪਣੀ ਇੱਕ ਨਜ਼ਮ ਸੁਣਾ ਕੇ ਸ਼ਰਧਾਂਜਲੀ ਭੇਂਟ ਕਿਤੀ। ਅਮਰ ਸੂਫ਼ੀ ਨੇ ਦੋਹੜਾ ਛੰਦ ਵਿੱਚ ਪਾਤਰ ਜੀ ਤੇ ਲਿਖਿਆ ਸ਼ਬਦ ਚਿੱਤਰ ਸੁਣਾਇਆ ਅਤੇ ਉਹਨਾਂ ਨਾਲ ਵਾਬਸਤਾ ਕਈ ਯਾਦਾਂ ਸਾਂਝੀਆਂ ਕੀਤੀਆਂ।

ਜਸਵੀਰ ਗਿੱਲ ਨੇ ਕਿਹਾ ਕਿ ਪਾਤਰ ਸਾਹਿਬ ਕੁਦਰਤ ਅਤੇ ਧਰਤੀ ਨਾਲ਼ ਜੁੜੇ ਹੋਏ ਸ਼ਾਇਰ ਸਨ। ਉਨ੍ਹਾਂ ਦੀ ਗ਼ਜ਼ਲ 'ਮੈਂ ਰਾਹਾਂ 'ਤੇ ਨਹੀਂ ਤੁਰਦਾ' ਮੈਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਇਹ ਸੱਚ ਹੈ ਕਿ ਸਾਰੀ ਦੁਨੀਆਂ ਪੈੜਾਂ 'ਤੇ ਹੀ ਤੁਰਦੀ ਹੈ। ਅਸੀਂ ਅਮਰੀਕਾ ਪਹੁੰਚ ਕੇ ਇਸ ਗ਼ਜ਼ਲ ਦੀ ਤਰ੍ਹਾਂ ਆਪਣੇ ਰਾਹ ਬਣਾਏ ਹਨ। ਲਾਲੀ ਧਨੋਆ ਨੇ ਕਿਹਾ ਕਿ ਇਸ ਦਰਵੇਸ਼ ਸ਼ਾਇਰ ਨੂੰ ਅਸੀਂ ਕਾਲਜ ਦੇ ਸਮੇਂ ਤੋਂ ਹੀ ਪੜ੍ਹਦੇ ਅਤੇ ਸੁਣਦੇ ਆਏ ਹਾਂ। ਉਨ੍ਹਾਂ ਦੇ ਬਹੁਤ ਸਾਰੇ ਗੀਤ ਅਤੇ ਸ਼ਿਅਰ ਸਾਡੇ ਮਨਾਂ ਵਿੱਚ ਵੱਸੇ ਹੋਏ ਹਨ। ਹਰਪ੍ਰੀਤ ਧੂਤ ਨੇ ਕਿਹਾ ਕਿ ਉਹ ਪਾਤਰ ਸਾਹਿਬ ਨੂੰ ਭਾਵੇਂ ਮਿਲੀ ਪਰ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਦੇ ਇੰਝ ਮਹਿਸੂਸ ਹੁੰਦਾ ਕਿ ਉਹ ਮੇਰੇ ਨਾਲ਼ ਹੀ ਹਨ। ਉਸ ਨੇ ਪਾਤਰ ਸਾਹਿਬ ਨੂੰ ਸਮਰਪਿਤ ਬਹੁਤ ਭਾਵ-ਪੂਰਤ ਨਜ਼ਮ ਪੇਸ਼ ਕੀਤੀ।

ਸੁਖਦੇਵ ਸਾਹਿਲ ਨੇ ਡਾ. ਪਾਤਰ ਦੀਆਂ ਗ਼ਜ਼ਲਾਂ ਦਾ ਗਾਇਨ ਕਰਕੇ ਸਮਾਂ ਬੰਨ੍ਹਦੇ ਹੋਏ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿੱਚ ਅਮਰੀਕ ਸਿੰਘ ਪੰਨੂੰ, ਮਨਜੀਤ ਪਲਾਹੀ, ਮਨਜੀਤ ਕੌਰ, ਕਮਲਜੀਤ ਸਿੰਘ ਬਾਸੀ, ਰਮਜੀਤ ਕੌਰ, ਜਸਵਿੰਦਰ ਧਨੋਆ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਗਿੰਮੀ ਸੰਧੂ, ਜੇਅ ਸੰਧੂ, ਇਜਾਜ਼ ਸਈਅਦ, ਕੁਲਦੀਪ ਸੇਖੋਂ, ਵਿਜੇ ਸਿੰਘ,ਤਾਰਾ ਸਾਗਰ, ਰਮੇਸ਼ ਬੰਗੜ, ਲਾਜ ਨੀਲਮ ਸੈਣੀ ਆਦਿ ਨੇ ਸ਼ਿਰਕਤ ਕੀਤੀ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਨੇ ਬਾਖ਼ੂਬੀ ਨਿਭਾਇਆ। ਅਗਲੇ ਮਹੀਨੇ ਦੀ ਬੈਠਕ ਵਿੱਚ ਹਰਪ੍ਰੀਤ ਕੌਰ ਧੂਤ ਦੇ ਕਹਾਣੀ ਸੰਗ੍ਰਹਿ 'ਸੂਰਜ ਹਾਰ ਗਿਆ ਹੈ' 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com


CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Drug and Alcohol Test
Capital DRUG TESTING
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਭਾਜਪਾ ਨੇ ਸੰਘ ਪਰਿਵਾਰ ਨੂੰ ਹਕੀਕਤ ਦਾ ਸ਼ੀਸ਼ਾ ਦਿਖਾਇਆ

## ਭਾਜਪਾ ਪ੍ਰਧਾਨ ਨੱਡਾ ਨੇ ਕਿਹਾ ਕਿ ਪਾਰਟੀ ਹੁਣ ਸੰਘ ਤੋਂ ਆਜ਼ਾਦ ਹੋ ਗਈ ਹੈ

## ਮੋਦੀ ਨੇ ਆਰ.ਐਸ.ਐਸ. ਨੂੰ ਦੂਰ ਰੱਖ ਕੇ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾਇਆ

ਦੀ ਪ੍ਰਿੰਟ ਵੈਬਸਾਈਟ, ਜੋ ਸੰਘ ਪੱਖੀ ਨਿਊਜ ਸਾਈਟ ਹੈ, ਦੀ ਰਿਪੋਰਟ ਅਨੁਸਾਰ ਭਾਜਪਾ ਤੇ ਰਾਸ਼ਟਰੀ ਸਵੈਮ ਸੇਵਕ ਸੰਘ ਵਿੱਚ ਦੁਫੇੜ ਪੈਦਾ ਹੋ ਗਈ ਹੈ। ਭਾਜਪਾ ਪ੍ਰਧਾਨ ਜੇਪੀ ਨੱਡਾ ਨੇ ਮੀਡੀਆ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਸੀ ਕਿ ਪਾਰਟੀ ਹੁਣ ਆਰ.ਐਸ.ਐਸ. ਤੋਂ ਆਜ਼ਾਦ ਹੋ ਗਈ ਹੈ ਅਤੇ ਇਸ ਨੂੰ ਹੁਣ ਕਿਸੇ ਸਹਾਇਕ ਦੀ ਲੋੜ ਨਹੀਂ ਹੈ। ਇਹ ਬਿਆਨ 2024 ਦੀਆਂ ਮਹੱਤਵਪੂਰਨ ਲੋਕ ਸਭਾ ਚੋਣਾਂ ਦੇ ਮੱਧ ਵਿੱਚ ਆਇਆ ਸੀ।

ਇਸ ਕਥਨ ਬਾਰੇ ਉਲਝਨ ਵਾਲੀ ਗੱਲ ਇਹ ਹੈ ਕਿ ਨੱਡਾ ਨੇ ਸੰਘ ਪਰਿਵਾਰ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ ਕਿ ਭਾਜਪਾ ਨੂੰ ਹੁਣ ਸੰਘ ਦੀ ਅਗਵਾਈ ਦੀ ਲੋੜ ਨਹੀਂ। ਜਦ ਕਿ ਸੰਘ ਨੇ ਬੜੀ ਮਿਹਨਤ ਨਾਲ ਭਾਜਪਾ ਨੂੰ ਉਸਾਰਿਆ ਸੀ ਤੇ ਬੁਲੰਦੀ ਦੀਆਂ ਲੀਹਾਂ ਉੱਪਰ ਪਹੁੰਚਾਇਆ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਸਪੱਸ਼ਟ ਤੌਰ ’ਤੇ ਢੁਕਵੇਂ ਸਮੇਂ ’ਤੇ ਇਸ ਮੁੱਦੇ ਨੂੰ ਉਠਾਉਣ ਦੀ ਕੋਸ਼ਿਸ਼ ਕਰ ਰਹੀ ਸੀ ਅਤੇ ਨੱਡਾ ਨੇ ਹੁਣ ਇੰਡੀਅਨ ਐਕਸਪ੍ਰੈਸ ਨਾਲ ਇੰਟਰਵਿਊ ਦੌਰਾਨ ਭਾਜਪਾ ਹਾਈਕਮਾਂਡ ਦੀ ਭਾਵਨਾ ਨੂੰ ਪ੍ਰਗਟ ਕਰ ਦਿਤਾ।

ਨੱਡਾ ਦੇ ਖੁਲਾਸੇ ਨੇ ਇਸ ਭਰਮ ਨੂੰ ਖਤਮ ਕਰ ਦਿੱਤਾ ਹੈ ਕਿ ਆਰ.ਐਸ.ਐਸ. ਅਤੇ ਭਾਜਪਾ ਇਕਮੁਠ ਹਨ। ਕਈਆਂ ਨੂੰ ਭਰਮ ਹੋਵੇਗਾ ਕਿ ਆਰ.ਐਸ.ਐਸ. ਮੋਦੀ ਸਰਕਾਰ ਦੁਆਰਾ ਆਪਣੇ ਵਿਚਾਰਧਾਰਕ ਏਜੰਡੇ ਨੂੰ ਅੱਗੇ ਵਧਾਉਣ ਲਈ ਕੀਤੇ ਗਏ ਕੰਮਾਂ ਤੋਂ ਖੁਸ਼ ਹੈ, ਪਰ ਅਸਲੀਅਤ ਇਹ ਬਿਲਕੁਲ ਨਹੀਂ ਹੈ। ਆਰ.ਐਸ.ਐਸ. ਆਪਣੇ ਏਜੰਡੇ ਨੂੰ ਲਾਗੂ ਹੁੰਦਾ ਦੇਖਣਾ ਚਾਹੁੰਦੀ ਹੈ, ਪਰ ਆਪਣੀ ਰਾਜਨੀਤਕ ਤੇ ਸੰਠਨਾਤਮਕ ਹੋਂਦ ਦੀ ਬਰਬਾਦੀ ਦੀ ਕੀਮਤ ਉਪਰ ਨਹੀਂ। ਉਹ ਕਿੰਗਮੇਕਰ ਹੀ ਬਣੀ ਰਹਿਣਾ ਚਾਹੁੰਦੀ ਹੈ ਕਿ ਭਾਜਪਾ ਉਸਦੀ ਅਗਵਾਈ ਵਿੱਚ ਚਲੇ। ਉਹ ਵਿਅਕਤੀ ਪੂਜਾ ਦੇ ਵਿਰੁੱਧ ਹੈ, ਜਿਸ ਉੱਪਰ ਹੁਣ ਭਾਜਪਾ ਚਲ ਰਹੀ ਹੈ।

ਭਾਜਪਾ ਨਾਲ ਆਰ.ਐਸ.ਐਸ. ਦੀ ਮੌਜੂਦਾ ਬੇਚੈਨੀ ਦਾ ਕਾਰਨ ਉਹ ਸਲੂਕ ਹੈ ਜੋ ਪਿਛਲੇ 10 ਸਾਲਾਂ ਵਿੱਚ ਮੋਦੀ ਸ਼ਾਸਨ ਵਿੱਚ ਸਮੁੱਚੇ ਸੰਘ ਪਰਿਵਾਰ ਨਾਲ ਕੀਤਾ ਗਿਆ ਸੀ।

ਮੋਦੀ ਨੇ ਆਰ.ਐਸ.ਐਸ. ਨੂੰ ਦੂਰ ਰੱਖ ਕੇ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾਇਆ ਹੈ। ਉਸ ਨੇ ਕਿਸੇ ਨੂੰ ਵੀ ਆਪਣਾ ਕਮਾਂਡਰ ਨਹੀਂ ਬਣਨ



ਦਿੱਤਾ, ਇੱਥੋਂ ਤੱਕ ਕਿ ਆਰ.ਐਸ.ਐਸ. ਨੂੰ ਵੀ ਨਹੀਂ। ਰਿਸ਼ਤੇ ਵਿੱਚ ਤਣਾਅ ਇੰਨਾ ਸਪੱਸ਼ਟ ਸੀ ਕਿ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਸੀ। ਪ੍ਰਧਾਨ ਮੰਤਰੀ ਵਜੋਂ ਆਪਣੇ 10 ਸਾਲਾਂ ਦੇ ਸ਼ਾਸਨ ਦੌਰਾਨ, ਮੋਦੀ ਵੱਲੋਂ ਆਰ.ਐਸ.ਐਸ. ਤੋਂ ਸਲਾਹ ਲੈਣ ਦੀ ਸ਼ਾਇਦ ਹੀ ਕੋਈ ਉਦਾਹਰਣ ਹੋਵੇ।

ਆਰ.ਐਸ.ਐਸ. ਦੇ ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਵੀ ਆਰ.ਐਸ.ਐਸ. ਦੇ ਦੂਤ ਸਰਕਾਰ ਨੂੰ ਕੁਝ ਸਲਾਹ ਦੇਣਾ ਚਾਹੁੰਦੇ ਸਨ, ਮੋਦੀ ਨੇ ਉਨ੍ਹਾਂ ਨਾਲ ਗੱਲ ਨਹੀਂ ਕੀਤੀ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ, ਉਨ੍ਹਾਂ ਦਾ ਨਾਗਪੁਰ ਵਿੱਚ ਆਰ.ਐਸ.ਐਸ. ਦੇ ਸੰਸਥਾਪਕ ਕੇਸ਼ਵ ਬਲੀਰਾਮ ਹੇਡਗੇਵਾਰ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਐਮ.ਐਸ. ਗੋਲਵਲਕਰ ਦੀਆਂ ਸਮਾਧਾਂ/ਸਮਾਰਕਾਂ ਦਾ ਦੌਰਾ ਨਾ ਕਰਨਾ ਅਤੇ ਪ੍ਰਧਾਨ ਮੰਤਰੀ ਬਣਨ ਵਿੱਚ ਸਹਾਇਤਾ ਕਰਨ ਲਈ ਆਰ.ਐਸ.ਐਸ. ਦਾ ਰਿਣੀ ਨਾ ਹੋਣਾ ਸੰਘ ਪ੍ਰਤੀ ਬੇਰੁਖੀ ਦਾ ਸੰਕੇਤ ਹੈ।

ਇਹ ਆਰ.ਐਸ.ਐਸ. ਦੇ ਬੁਨਿਆਦੀ ਸਿਧਾਂਤ ਦੇ ਵਿਰੁੱਧ ਹੈ। ਸੰਘ ਦੀ ਨੀਤੀ ਅਨੁਸਾਰ ਕੋਈ ਵੀ ਸੰਗਠਨ ਤੋਂ ਉੱਪਰ ਨਹੀਂ ਹੈ, ਇੱਥੋਂ ਤੱਕ ਕਿ ਆਰ.ਐਸ.ਐਸ. ਮੁਖੀ ਵੀ ਨਹੀਂ। ਆਪਣੀ ਸਿਰਜਣਾ ਤੋਂ ਹੀ, ਆਰ.ਐਸ.ਐਸ. ਨੇ ਕਿਸੇ ਵੀ ਵਿਅਕਤੀ ਨੂੰ ਮਹਾਨ ਤੇ ਤਾਨਾਸ਼ਾਹ ਬਣਾਉਣ ਦੀ ਥਾਂ ਭਗਵੇਂ ਝੰਡੇ ਨੂੰ ਗੁਰੂ ਮੰਨਣ ’ਤੇ ਜ਼ੋਰ ਦਿੱਤਾ ਹੈ। ਮੋਦੀ ਨੇ ਆਪਣੀ ਠੇਠ ਤਾਨਾਸ਼ਾਹੀ ਸ਼ੈਲੀ ਵਿੱਚ ਉਸ ਸਿਧਾਂਤ ਦੀ ਉਲੰਘਣਾ ਕੀਤੀ ਹੈ ਅਤੇ ਇਹੀ ਆਰ.ਐਸ.ਐਸ. ਦੀ ਉਸ ਪ੍ਰਤੀ ਬੇਚੈਨੀ ਦਾ ਕਾਰਨ ਹੈ। ਆਰ.ਐਸ.ਐਸ. ਦਾ ਮੰਨਣਾ ਹੈ ਕਿ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿਣਗੀਆਂ, ਪਰ ਜਥੇਬੰਦੀ ਕਾਇਮ ਰਹਿਣੀ ਚਾਹੀਦੀ ਹੈ। ਆਪਣੇ ਬਚਾਅ ਦੀ ਇਹੀ ਚਿੰਤਾ ਸੰਘ ਨੂੰ ਸਤਾ ਰਹੀ ਹੈ । ਇਸ ਕਾਰਨ ਆਰ.ਐਸ.ਐਸ. ਤੇ ਨਰਿੰਦਰ ਮੋਦੀ ਵਿਚਾਲੇ ਤਣਾਅ ਹੈ। ਇਸ ਦੇ ਨਾਲ ਹੀ ਮੋਦੀ ਦੀ ਬੀਜੇਪੀ ਬਹੁਤ ਸਾਰੇ ਆਰ.ਐਸ.ਐਸ. ਵਰਕਰਾਂ ਨੂੰ ਸਰਕਾਰ ਦੇ ਨਾਲ-ਨਾਲ ਪਾਰਟੀ ਸੰਗਠਨ ਦੇ ਅੰਦਰ ਵੀ ਅਹਿਮ ਅਹੁੱਦਿਆਂ ਅਤੇ ਅਹਿਮ ਭੂਮਿਕਾਵਾਂ ਵੱਲ ਆਕਰਸ਼ਿਤ ਕਰ ਰਹੀ ਹੈ। ਇਸ ਨੇ ਸੰਘ ਦੀ ਨੈਤਿਕ ਨੀਤੀ ਨੂੰ ਕਾਫੀ ਹੱਦ ਤੱਕ ਵਿਗਾੜ ਦਿੱਤਾ ਹੈ ਜੋ ਆਰ.ਐਸ.ਐਸ. ਸ਼ੁਰੂ ਤੋਂ ਆਪਣੇ ਵਰਕਰਾਂ ਵਿੱਚ ਪੈਦਾ ਕਰਦੀ ਆ ਰਹੀ ਹੈ। ਇਸੇ ਲਈ ਆਰ.ਐਸ.ਐਸ. ਇਸ ਚੋਣ ਵਿੱਚ ਸਪੱਸ਼ਟ ਤੌਰ ’ਤੇ ਆਪਣੇ ਆਪ ਨੂੰ ਭਾਜਪਾ ਤੋਂ ਵੱਖ ਰੱਖ ਰਹੀ ਹੈ। ਮੋਦੀ ਨੂੰ ਇਸ ਦੀ ਬੇਲੋੜੀ ਚੁਣੌਤੀ ਹੈ: ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਆਰ.ਐੱਸ.ਐੱਸ. ਦੀ ਲੋੜ ਨਹੀਂ ਹੈ, ਤਾਂ ਜਾਓ ਅਤੇ ਆਪਣੇ ਦਮ ’ਤੇ ਜਿੱਤ ਕੇ ਦਿਖਾਓ।

ਨੱਡਾ ਨੇ ਇਹ ਵੀ ਕਿਹਾ ਕਿ ਆਰ.ਐਸ.ਐਸ. ਇੱਕ ‘ਵਿਚਾਰਧਾਰਕ ਮੋਰਚਾ’ ਹੈ ਜਦੋਂ ਕਿ ਇਹ ਮੂਲ ਸੰਗਠਨ ਹੈ ਅਤੇ ਭਾਜਪਾ ਇਸਦਾ ਸਿਆਸੀ ਮੋਰਚਾ ਹੈ।

ਕੀ ਨੱਡਾ ਨੇ ਆਰ.ਐਸ.ਐਸ. ਲਈ ‘ਮੋਰਚਾ’ ਸ਼ਬਦ ਜਾਣਬੁੱਝ ਕੇ ਵਰਤਿਆ ਹੈ ਜਾਂ ਭਾਸ਼ਾਈ ਹੁਨਰ ਦੀ ਘਾਟ ਕਾਰਨ ਉਹ ਸਪੱਸ਼ਟ ਨਹੀਂ ਕਰ ਸਕੇ, ਪਰ ਨੱਢਾ ਦਾ ਇਹ ਵਿਚਾਰ ਆਰ.ਐਸ.ਐਸ. ਦੀ ਵਿਆਪਕ ਮਹੱਤਤਾ ਨੂੰ ਘੱਟ ਕਰਦਾ ਹੈ। ਆਰ.ਐਸ.ਐਸ. ਅਤੇ ਭਾਜਪਾ ਵਿਚਕਾਰ ਇਹ ਦੂਰੀਆਂ ਕਿੱਥੋਂ ਤਕ ਜਾਣਗੀਆਂ, ਸਾਨੂੰ ਚੋਣ ਨਤੀਜੇ ਆਉਣ ਤੱਕ ਉਡੀਕ ਕਰਨੀ ਪਵੇਗੀ। ਜੇਕਰ ਮੋਦੀ ਬਹੁਮਤ ਜਿੱਤ ਜਾਂਦੇ ਹਨ ਤਾਂ ਆਰ.ਐਸ.ਐਸ. ਲਈ ਪਿਤਾਮਾ ਜਾਂ ਸਿਰਜਣਹਾਰ ਬਣੇ ਰਹਿਣਾ ਮੁਸ਼ਕਿਲ ਹੋ ਜਾਵੇਗਾ।

# ਗਾਰਡੀਅਨ ਨੇ ਭਾਰਤੀ ਸੋਸ਼ਲ ਮੀਡੀਆ ਉੱਪਰ ਮੁਸਲਮਾਨਾਂ ਵਿਰੁੱਧ ਨ.ਫਰਤ ਉਤਸ਼ਾਹਿਤ ਕਰਨ ਦੇ ਦੋਸ਼ ਲਗਾਏ

## ਮੈਟਾ ਨੇ ਹਿੰਸਾ ਭੜਕਾਉਣ ਵਾਲੇ ਫੇਕ ਸਿਆਸੀ ਇਸ਼ਤਿਹਾਰਾਂ ਨੂੰ ਮਨਜ਼ੂਰੀ ਦਿੱਤੀ

## ਮੋਦੀ ਖ਼ਿਲਾਫ਼ ਇਸ਼ਤਿਹਾਰ ਰੋਕੇ, ਮੁਸਲਮਾਨਾਂ ਵਿਰੁੱਧ ਭੜਕਾਊ ਇਸ਼ਤਿਹਾਰ ਚੱਲਣ ਦਿੱਤੇ

ਲੰਡਨ/ਏ.ਟੀ.ਨਿਊਜ਼ : ਇੱਕ ਰਿਪੋਰਟ ਦੇ ਅਨੁਸਾਰ, ਫੇਸਬੁੱਕ ਅਤੇ ਇੰਸਟਾਗ੍ਰਾਮ ਦੀ ਮੂਲ ਕੰਪਨੀ ਮੇਟਾ ਨੇ ਭਾਰਤੀ ਚੋਣਾਂ ਦੌਰਾਨ ਏਆਈ ਰਾਹੀਂ ਹੇਰਾਫੇਰੀ ਨਾਲ ਸਿਰਜੇ ਰਾਜਨੀਤਿਕ ਇਸ਼ਤਿਹਾਰਾਂ ਨੂੰ ਮਨਜ਼ੂਰੀ ਦਿੱਤੀ। ਇਹ ਉਹ ਇਸ਼ਤਿਹਾਰ ਸਨ ਜੋ ਗਲਤ ਜਾਣਕਾਰੀ ਅਤੇ ਧਾਰਮਿਕ ਹਿੰਸਾ ਨੂੰ ਭੜਕਾਉਣ ’ਤੇ ਆਧਾਰਿਤ ਸਨ। ਇਹ ਦਾਅਵਾ ਬ੍ਰਿਟੇਨ ਦੇ ਮਸ਼ਹੂਰ ਅਖ਼ਬਾਰ ‘ਦਿ ਗਾਰਡੀਅਨ’ ਦੀ ਰਿਪੋਰਟ ਵਿੱਚ ਕੀਤਾ ਗਿਆ ਹੈ।

ਰਿਪੋਰਟ ਦੇ ਅਨੁਸਾਰ, ਫੇਸਬੁੱਕ ਨੇ ਭਾਰਤ ਵਿੱਚ ਮੁਸਲਮਾਨਾਂ ਪ੍ਰਤੀ ਨ.ਫਰਤ ਫੈਲਾਉਣ ਵਾਲੇ ਇਸ਼ਤਿਹਾਰਾਂ ਨੂੰ ਮਨਜ਼ੂਰੀ ਦਿੱਤੀ ਸੀ -‘ਇਨ੍ਹਾਂ ਕੀੜਿਆਂ ਨੂੰ ਸਾੜ ਦਿਉ ਅਤੇ ਹਿੰਦੂਆਂ ਦਾ ਖ਼ੂਨ ਵਹਿ ਰਿਹਾ ਹੈ, ਇਨ੍ਹਾਂ ਹਮਲਾਵਰਾਂ ਨੂੰ ਸਾੜ ਦਿਉ।’ ਇਸ ਦੇ ਨਾਲ ਹੀ ਰਾਜਸੀ ਨੇਤਾਵਾਂ ਨੂੰ ਹਿੰਦੂ ਸਰਵਉੱਚਤਾਵਾਦੀ ਭਾਸ਼ਾ ਅਤੇ ਪ੍ਰਚਾਰ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

ਇੱਕ ਅਜਿਹੇ ਇਸ਼ਤਿਹਾਰ ਨੂੰ ਵੀ ਮਨਜ਼ੂਰੀ ਦਿੱਤੀ ਗਈ, ਜਿਸ ਵਿੱਚ ਪਾਕਿਸਤਾਨ ਦੇ ਝੰਡੇ ਦੀ ਤਸਵੀਰ ਅੱਗੇ ਵਿਰੋਧੀ ਧਿਰ ਦੇ ਨੇਤਾ ਨੂੰ ਫਾਂਸੀ ਦੇਣ ਦਾ ਸੱਦਾ ਦਿੱਤਾ ਗਿਆ। ਇਸ ਵਿੱਚ ਝੂਠਾ ਦਾਅਵਾ ਕੀਤਾ ਗਿਆ ਸੀ ਕਿ ਉਹ ‘ਹਿੰਦੂਆਂ ਨੂੰ ਭਾਰਤ ਵਿੱਚੋਂ ਖ਼ਤਮ’ ਕਰਨਾ ਚਾਹੁੰਦਾ ਹੈ। ਹਾਲਾਂ ਕਿ ਇਨ੍ਹਾਂ ਇਸ਼ਤਿਹਾਰਾਂ ਨੂੰ ਪ੍ਰਕਾਸ਼ਿਤ ਕੀਤੇ ਜਾਣ ਤੋਂ ਪਹਿਲਾਂ ਹੀ ਇਨ੍ਹਾਂ ਨੂੰ ਹਟਾ ਦਿੱਤਾ ਗਿਆ ਸੀ। ਇਨ੍ਹਾਂ ਇਸ਼ਤਿਹਾਰਾਂ ਨੂੰ ਇੰਡੀਆ ਸਿਵਲ ਵਾਚ ਇੰਟਰਨੈਸ਼ਨਲ ਅਤੇ ਕਾਰਪੋਰੇਟ , ਜਵਾਬਦੇਹੀ ਸੰਗਠਨ ਈਕੋ ਦੁਆਰਾ ਬਣਾਇਆ ਗਿਆ ਸੀ, ਅਤੇ ਮੇਟਾ ਦੀ ਵਿਗਿਆਪਨ ਲਾਇਬ੍ਰੇਰੀ - ਫੇਸਬੁੱਕ ਅਤੇ ਇੰਸਟਾਗ੍ਰਾਮ ’ਤੇ ਸਾਰੇ ਇਸ਼ਤਿਹਾਰਾਂ ਦਾ ਇੱਕ ਡੇਟਾਬੇਸ ਵਿੱਚ ਸਬਮਿਟ ਕੀਤਾ ਗਿਆ ਸੀ। ਇਹ ਸੰਗਠਨ ਇਸ ਗੱਲ ਦੀ ਜਾਂਚ ਕਰਨਾ ਚਾਹੁੰਦੇ ਸਨ ਕਿ ਮੈਟਾ ਭਾਰਤ ਵਿੱਚ ਚੋਣਾਂ ਦੌਰਾਨ ਭੜਕਾਊ ਜਾਂ ਨੁਕਸਾਨਦੇਹ ਭਾਸ਼ਣਾਂ ’ਤੇ ਕਿਸ ਹੱਦ ਤੱਕ ਪਾਬੰਦੀ ਲਗਾਉਣ ਦੇ ਸਮਰੱਥ ਹੈ।

ਰਿਪੋਰਟ ਦੇ ਅਨੁਸਾਰ, ਇਹ ਸਾਰੇ ਇਸ਼ਤਿਹਾਰ ਭਾਰਤ ਵਿੱਚ ਪ੍ਰਚਲਿਤ ਨ.ਫਰਤ ਭਰੇ ਭਾਸ਼ਣ ਅਤੇ ਗਲਤ ਜਾਣਕਾਰੀ ਦੇ ਆਧਾਰ ’ਤੇ ਬਣਾਏ ਗਏ ਸਨ। ਤੁਹਾਨੂੰ ਦੱਸ ਦੇਈਏ ਕਿ ਮਨੁੱਖੀ ਅਧਿਕਾਰ ਸਮੂਹਾਂ, ਕਾਰਕੁਨਾਂ ਅਤੇ ਵਿਰੋਧੀਆਂ ਵੱਲੋਂ ਦੋਸ਼ ਲਾਇਆ ਜਾ ਰਿਹਾ ਹੈ ਕਿ ਮੋਦੀ ਸਰਕਾਰ ਦੌਰਾਨ ਭਾਰਤ ਦੀਆਂ ਮੁਸਲਿਮ ਘੱਟ ਗਿਣਤੀਆਂ ’ਤੇ ਅੱਤਿਆਚਾਰ ਅਤੇ ਜ਼ੁਲਮ ਵਧੇ ਹਨ। ਹਾਲਾਂ ਕਿ ਮੋਦੀ




ਸਰਕਾਰ ਇਸ ਤੋਂ ਲਗਾਤਾਰ ਇਨਕਾਰ ਕਰਦੀ ਰਹੀ ਹੈ।

ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣਾਂ ’ਤੇ ਵੀ ਲਗਾਤਾਰ ਸਵਾਲ ਉੱਠ ਰਹੇ ਹਨ। ਰਾਜਸਥਾਨ ਵਿੱਚ ਇੱਕ ਰੈਲੀ ਦੌਰਾਨ ਪੀਐਮ ਮੋਦੀ ਨੇ ਮੁਸਲਮਾਨਾਂ ਬਾਰੇ ਭੜਕਾਊ ਬਿਆਨ ਦਿੱਤਾ ਸੀ। ਇਸ ਤੋਂ ਬਾਅਦ ਵੀ ਉਹ ਲਗਾਤਾਰ ਅਜਿਹੇ ਭਾਸ਼ਣ ਦੇ ਰਹੇ ਹਨ।

ਉਨ੍ਹਾਂ ਨੇ ਇੱਕ ਚੋਣ ਰੈਲੀ ਵਿੱਚ ਕਿਹਾ ਸੀ ਕਿ ਦੇਸ਼ ਦੀ ਜਾਇਦਾਦ ’ਤੇ ਪਹਿਲਾ ਹੱਕ ਮੁਸਲਮਾਨਾਂ ਦਾ ਹੈ। ਇਸ ਦਾ ਮਤਲਬ ਹੈ ਕਿ ਉਹ ਇਹ ਜਾਇਦਾਦ ਇਕੱਠੀ ਕਰਕੇ ਕਿਸ ਨੂੰ ਵੰਡਣਗੇ? ਜਿਨ੍ਹਾਂ ਦੇ ਵੱਧ ਬੱਚੇ ਹਨ ਉਨ੍ਹਾਂ ਵਿੱਚ ਵੰਡਣਗੇ। ਘੁਸਪੈਠੀਆਂ ਨੂੰ ਵੰਡ ਦੇਣਗੇ। ...ਇਹ ਕਾਂਗਰਸ ਦਾ ਮੈਨੀਫੈਸਟੋ ਕਹਿ ਰਿਹਾ ਹੈ ਕਿ ਅਸੀਂ ਮਾਵਾਂ-ਭੈਣਾਂ ਦੇ ਸੋਨੇ ਦਾ ਹਿਸਾਬ ਲਵਾਂਗੇ। ..

ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਕਿਹਾ ਸੀ ਕਿ ਜਾਇਦਾਦ ’ਤੇ ਪਹਿਲਾ ਹੱਕ ਮੁਸਲਮਾਨਾਂ ਦਾ ਹੈ। ਇਹ ਸ਼ਹਿਰੀ ਨਕਸਲੀ ਸੋਚ, ਮਾਵਾਂ-ਭੈਣਾਂ ਦਾ ਮੰਗਲਸੂਤਰ ਵੀ ਨਹੀਂ ਬਚਣ ਦੇਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਇੱਕ ਹੋਰ ਭਾਸ਼ਣ ਵਿੱਚ ਕਿਹਾ ਸੀ, ‘ਕਾਂਗਰਸ ਦੁਆਰਾ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਤੋਂ ਉਹੀ ਸੋਚ ਪ੍ਰਗਟ ਹੁੰਦੀ ਹੈ ਜੋ ਆਜ਼ਾਦੀ ਅੰਦੋਲਨ ਦੌਰਾਨ ਮੁਸਲਿਮ ਲੀਗ ਵਿੱਚ ਸੀ। ਕਾਂਗਰਸ ਦਾ ਮੈਨੀਫੈਸਟੋ ਪੂਰੀ ਤਰ੍ਹਾਂ ਮੁਸਲਿਮ ਲੀਗ ਦੀ ਛਾਪ ਰੱਖਦਾ ਹੈ ਅਤੇ ਇਸ ਦਾ ਜੋ ਵੀ ਹਿੱਸਾ ਬਚਿਆ ਹੈ, ਉਸ ’ਤੇ ਖੱਬੇਪੱਖੀਆਂ ਦਾ ਪੂਰੀ ਤਰ੍ਹਾਂ ਦਬਦਬਾ ਹੈ। ਇਸ ਵਿੱਚ ਕਾਂਗਰਸ ਬਿਲਕੁਲ ਵੀ ਨਜ਼ਰ ਨਹੀਂ ਆ ਰਹੀ। ਹਾਲਾਂ ਕਿ, ਰਿਪੋਰਟ ਤਿਆਰ ਕਰਨ ਵਾਲੇ ਖੋਜਕਰਤਾਵਾਂ ਨੇ ਮੇਟਾ ਨੂੰ ਅੰਗਰੇਜ਼ੀ, ਹਿੰਦੀ, ਬੰਗਾਲੀ, ਗੁਜਰਾਤੀ ਅਤੇ ਕੰਨੜ ਵਿੱਚ 22 ਇਸ਼ਤਿਹਾਰ ਦਿੱਤੇ ਸਨ। ਇਨ੍ਹਾਂ ਵਿੱਚੋਂ 14 ਨੂੰ ਮਨਜ਼ੂਰੀ ਦਿੱਤੀ ਗਈ ਸੀ। ਬਾਕੀ ਤਿੰਨਾਂ ਨੂੰ ਮਾਮੂਲੀ ਤਬਦੀਲੀਆਂ ਤੋਂ ਬਾਅਦ ਮਨਜ਼ੂਰੀ ਦਿੱਤੀ ਗਈ, ਜਿਸ ਭੜਕਾਊ ਸੰਦੇਸ਼ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਉਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਖੋਜਕਰਤਾਵਾਂ ਦੁਆਰਾ ਤੁਰੰਤ ਹਟਾ ਦਿੱਤਾ ਗਿਆ ਸੀ। ਦਿ ਗਾਰਡੀਅਨ ਰਿਪੋਰਟ ਵਿੱਚ ਕਿਹਾ ਗਿਆ ਕਿ ਮੈਟਾ ਦਾ ਸਿਸਟਮ ਇਹ ਪਤਾ ਲਗਾਉਣ ਵਿੱਚ ਅਸਫਲ ਰਿਹਾ ਕਿ ਸਾਰੇ ਪ੍ਰਵਾਨਿਤ ਇਸ਼ਤਿਹਾਰਾਂ ਵਿੱਚ ਏ ਆਈ ਹੇਰਾਫੇਰੀ ਵਾਲੀਆਂ ਤਸਵੀਰਾਂ ਸਨ। ਅਜਿਹਾ ਉਦੋਂ ਹੈ ਜਦੋਂ ਕੰਪਨੀ ਨੇ ਕਿਹਾ ਸੀ ਕਿ ਆਰਟੀਫੀਸ਼ਲ ਇੰਟੈਲੀਜੈਂਸ ਜਨਰੇਟਿਡ ਫੋਟੋਆਂ ਨੂੰ ਰੋਕ ਦਿੱਤਾ ਜਾਵੇਗਾ। ਪੰਜ ਇਸ਼ਤਿਹਾਰਾਂ ਨੂੰ ਨ.ਫਰਤ ਭਰੇ ਭਾਸ਼ਣ ਅਤੇ ਹਿੰਸਾ ’ਤੇ ਮੈਟਾ ਦੀ ਕਮਿਊਨਿਟੀ ਸਟੈਂਡਰਡਜ਼ ਨੀਤੀ ਨੂੰ ਤੋੜਨ ਲਈ ਰੱਦ ਕਰ ਦਿੱਤਾ ਗਿਆ ਸੀ, ਜਿਸ ਵਿੱਚ ਮੋਦੀ ਬਾਰੇ ਗਲਤ ਜਾਣਕਾਰੀ ਵਾਲਾ ਇਸ਼ਤਿਹਾਰ ਵੀ ਸ਼ਾਮਲ ਹੈ। ਪਰ ਜਿਨ੍ਹਾਂ 14 ਨੂੰ ਮਨਜ਼ੂਰੀ ਦਿੱਤੀ ਗਈ ਸੀ, ਉਨ੍ਹਾਂ ਨੇ ਜ਼ਿਆਦਾਤਰ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

ਈਕੋ ਪ੍ਰਚਾਰਕ ਮੇਨ ਹਮਦ ਨੇ ਮੇਟਾ ’ਤੇ ਨ.ਫਰਤ ਭਰੇ ਭਾਸ਼ਣ ਦੇ ਫੈਲਾਅ ਤੋਂ ਲਾਭ ਉਠਾਉਣ ਦਾ ਦੋਸ਼ ਲਗਾਇਆ। ਜਵਾਬ ਵਿੱਚ, ਇੱਕ ਮੇਟਾ ਦੇ ਬੁਲਾਰੇ ਨੇ ਕਿਹਾ ਕਿ ਜਿਹੜੇ ਲੋਕ ਚੋਣਾਂ ਜਾਂ ਰਾਜਨੀਤੀ ਬਾਰੇ ਵਿਗਿਆਪਨ ਚਲਾਉਣਾ ਚਾਹੁੰਦੇ ਹਨ, ‘ਸਾਡੇ ਪਲੇਟਫਾਰਮਾਂ ’ਤੇ ਲੋੜੀਂਦੀ ਪ੍ਰਵਾਨਗੀ ਪ੍ਰਕਿਰਿਆ ਵਿੱਚੋਂ ਲੰਘਣਾ ਹੋਵੇਗਾ ਅਤੇ ਸਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਨ ਲਈ ਪਾਬੰਦ ਹਨ। ਕੰਪਨੀ ਨੇ ਕਿਹਾ, ਜਦੋਂ ਸਾਨੂੰ ਇਸ਼ਤਿਹਾਰਬਾਜ਼ੀ ਸਮੇਤ ਸਮੱਗਰੀ ਮਿਲਦੀ ਹੈ, ਜੋ ਸਾਡੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਦੀ ਹੈ, ਤਾਂ ਅਸੀਂ ਇਸ ਦੀ ਰਚਨਾ ਪ੍ਰਕਿਰਿਆ ਦੀ ਪਰਵਾਹ ਕੀਤੇ ਬਿਨਾਂ, ਇਸ ਨੂੰ ਹਟਾ ਦਿੰਦੇ ਹਾਂ। ਆਰਟੀਫੀਸ਼ਲ ਇੰਟੈਲੀਜੈਂਸ ਦੁਆਰਾ ਤਿਆਰ ਕੀਤੀ ਸਮੱਗਰੀ ਸਾਡੇ ਸੁਤੰਤਰ ਫੈਕਟਚੈਕਰਜ ਦੇ ਨੈਟਵਰਕ ਦੁਆਰਾ ਸਮੀਖਿਆ ਅਤੇ ਮੁਲਾਂਕਣ ਲਈ ਵੀ ਯੋਗ ਹੈ। ਇੱਕ ਵਾਰ ਜਦ ਕਿਸੇ ਸਮਗਰੀ ਨੂੰ ਪਰਿਵਰਤਿਤ ਦੇ ਰੂਪ ਵਿੱਚ ਲੇਬਲ ਕੀਤਾ ਜਾਂਦਾ ਹੈ,

(ਬਾਕੀ ਸਫ਼ਾ 31 ’ਤੇ)

ਦਰਪਣ ਝੂਠ ਨਹੀਂ ਬੋਲਦਾ

# ਪ੍ਰਧਾਨ ਮੰਤਰੀ ਤੋਂ ਸਿੱਖ ਜਗਤ ਨਿਰਾਸ਼ ਕਿਉਂ ?

## ਜੱਟ ਸਿੱਖਾਂ ਤੇ ਮਜ਼੍ਹਬੀ ਸਿੱਖਾਂ ਵਿੱਚ ਵਿਵਾਦ ਪਾਉਣ ਵਾਲੀ ਭਾਜਪਾ ਦੀ ਧਰੁਵੀਕਰਨ ਸਿਆਸਤ ਖ਼ਤਰਨਾਕ

## ਸਿੱਖ ਲੀਡਰਾਂ ਦੀ ਖ਼ੁਸ਼ਾਮਦੀ ਪ੍ਰਾਪਤ ਕਰਕੇ ਭਾਜਪਾ ਪੰਜਾਬ ਵਿੱਚ ਸਫ਼ਲ ਨਹੀਂ ਹੋ ਸਕੇਗੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋ ਦਿਨਾਂ ਵਿੱਚ ਪੰਜਾਬ ਵਿੱਚ ਤਿੰਨ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ, ਜਦੋਂਕਿ ਸੂਬੇ ਦੇ ਕਿਸਾਨਾਂ ਨੇ ਪਿਛਲੇ ਕਾਫ਼ੀ ਸਮੇਂ ਤੋਂ ਆਪਣੀਆਂ ਮੰਗਾਂ ਦੀ ਖ਼ਾਤਿਰ ਅੰਦੋਲਨ ਵਿੱਢਿਆ ਹੋਇਆ ਹੈ। ਮੋਦੀ ਦਾ ਇਹ ਚੁਣਾਵੀ ਦੌਰਾ ਕਰੀਬ ਦੋ ਸਾਲਾਂ ਬਾਅਦ ਹੋਇਆ ਹੈ। ਉਹ ਜਨਵਰੀ 2022 ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਆਏ ਸਨ ਪਰ ਕਿਸਾਨਾਂ ਦੇ ਵਿਰੋਧ ਦੇ ਮੱਦੇਨਜ਼ਰ ਉਹ ਰਾਹ ਵਿੱਚੋਂ ਹੀ ਮੁੜ ਗਏ ਸਨ। 2020 ਵਿੱਚ ਜਦੋਂ ਤੋਂ ਕੇਂਦਰ ਸਰਕਾਰ ਨੇ ਤਿੰਨ ਖੇਤੀਬਾੜੀ ਕਾਨੂੰਨ ਬਣਾ ਕੇ ਲਾਗੂ ਕਰਨ ਦਾ ਰਾਹ ਅਪਣਾਇਆ ਸੀ ਤਾਂ ਪੰਜਾਬ ਦੀ ਕਿਸਾਨੀ ਨੇ ਸੰਘਰਸ਼ ਦਾ ਬਿਗਲ ਵਜਾ ਦਿੱਤਾ ਸੀ। ਯਾਦ ਰਖਣ ਵਾਲੀ ਗੱਲ ਇਹ ਹੈ ਕਿ ਪੰਜਾਬ ਦੀ ਕਿਸਾਨੀ ਸਿੱਖ ਹੈ ਤੇ ਭਾਰਤ ਦੇ ਕਿਸਾਨਾਂ ਦੀ ਅਗਵਾਈ ਕਰ ਰਹੀ ਹੈ। ਉਦੋਂ ਤੋਂ ਹੀ ਕਿਸਾਨਾਂ ਦਾ ਉਨ੍ਹਾਂ ਨਾਲ ਪੇਚਾ ਪਿਆ ਹੋਇਆ ਹੈ। ਪੰਜਾਬ ਦੇ ਕਿਸਾਨਾਂ ਲਈ ਭਗਵਿਆਂ ਵੱਲੋਂ ਖ਼ਾਲਿਸਤਾਨੀ ਤੇ ਅੰਦੋਲਨਜੀਵੀ ਵਰਗੇ ਨਫਰਤੀ ਢੰਗ ਨਾਲ ਸ਼ਬਦ ਵਰਤੇ ਜਾ ਰਹੇ ਹਨ। ਭਾਜਪਾ ਦੇ ਉਮੀਦਵਾਰਾਂ ਵੱਲੋਂ ਜੱਟ ਸਿੱਖਾਂ ਤੇ ਮਜਹਬੀ ਸਿੱਖਾਂ ਵਿੱਚ ਵਿਵਾਦ ਪਾਕੇ ਧਰੁਵੀਕਰਨ ਦੀ ਸਿਆਸਤ ਖੇਡੀ ਜਾ ਰਹੀ ਹੈ ਤਾਂ ਜੋ ਸਿੱਖ ਧਰਮ ਵਿੱਚ ਵੰਡੀਆਂ ਪਾਕੇ ਸਿੱਖ ਪੰਥ ਦੇ ਸਿਆਸੀ ਤੇ ਕਿਸਾਨੀ ਉਭਾਰ ਨੂੰ ਖਤਮ ਕੀਤਾ ਜਾਵੇ।

ਵਿਵਾਦ ਵਾਲੇ ਖੇਤੀਬਾੜੀ ਕਾਨੂੰਨਾਂ ਖ਼ਿਲਾਫ਼ ਪੰਜਾਬ, ਹਰਿਆਣਾ ਅਤੇ ਹੋਰ ਸੂਬਿਆਂ ਦੇ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ ’ਤੇ ਇੱਕ ਸਾਲ ਤੋਂ ਵੱਧ ਸਮਾਂ ਅੰਦੋਲਨ ਚਲਾਇਆ ਅਤੇ ਇਸ ਦੌਰਾਨ ਵੱਡੀਆਂ ਮੁਸੀਬਤਾਂ ਝੱਲੀਆਂ ਸਨ ਪਰ ਇਸ ਦੇ ਬਾਵਜੂਦ ਹਾਕਮਾਂ ਦੇ ਮਨ ਵਿੱਚ ਉਨ੍ਹਾਂ ਪ੍ਰਤੀ ਤੇਹ ਨਹੀਂ ਪੈਦਾ ਹੋ ਸਕਿਆ। ਅੰਤ ਨੂੰ ਨਵੰਬਰ 2021 ਵਿੱਚ ਮੋਦੀ ਸਰਕਾਰ ਨੂੰ ਝੁਕਣਾ ਪਿਆ ਅਤੇ ਉਸ ਨੇ ਖੇਤੀਬਾੜੀ ਕਾਨੂੰਨ ਰੱਦ ਕਰਨ ਦਾ ਐਲਾਨ ਕਰ ਦਿੱਤਾ।

ਕਿਸਾਨ ਅੰਦੋਲਨ ਲਈ ਇਹ ਲਾਮਿਸਾਲ ਜਿੱਤ ਸੀ ਪਰ ਇਸ ਦੇ ਬਾਵਜੂਦ ਉਨ੍ਹਾਂ ਦੇ ਤੌਖ਼ਲੇ ਖ਼ਤਮ ਨਾ ਹੋ ਸਕੇ ਕਿਉਂਕਿ



ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਦੀ ਉਨ੍ਹਾਂ ਦੀ ਮੰਗ ਜਿਉਂ ਦੀ ਤਿਉਂ ਪਈ ਸੀ। ਐੱਮਐੱਸਪੀ ਅਤੇ ਕੁਝ ਹੋਰ ਮੰਗਾਂ ਨੂੰ ਲੈ ਕੇ ਇਸ ਸਾਲ ਫਰਵਰੀ ਮਹੀਨੇ ਕੁਝ ਕਿਸਾਨ ਜਥੇਬੰਦੀਆਂ ਨੇ ‘ਦਿੱਲੀ ਚਲੋ’ ਦਾ ਸੱਦਾ ਦਿੱਤਾ ਸੀ ਪਰ ਇਸ ਵਾਰ ਕੇਂਦਰ ਅਤੇ ਹਰਿਆਣਾ ਦੀ ਭਾਜਪਾ ਸਰਕਾਰ ਨੇ ਪਹਿਲਾਂ ਨਾਲੋਂ ਵੀ ਸਖ਼ਤ ਰੁਖ਼ ਅਖਤਿਆਰ ਕਰਦੇ ਹੋਏ ਫ਼ੌਜੀ ਤਾਕਤ ਨਾਲ ਕਿਸਾਨਾਂ ਨੂੰ ਕੁਚਲਣ ਦਾ ਯਤਨ ਕੀਤਾ ਤੇ ਭਾਰੀ ਤਸ਼ਦਦ ਕੀਤਾ। ਇਸ ਕਰਕੇ ਭਾਜਪਾ ਨਾਲ ਸਿੱਖਾਂ ਅਤੇ ਕਿਸਾਨਾਂ ਵਿਚਕਾਰ ਭਾਰੀ ਤਣਾਅ ਹੈ।

ਹੁਣ ਲੋਕ ਸਭਾ ਚੋਣਾਂ ਵਿੱਚ ਭਾਜਪਾ ਉਮੀਦਵਾਰਾਂ ਨੂੰ ਕਿਸਾਨਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਪਿੰਡਾਂ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾ ਰਿਹਾ। ਹਰਿਆਣਾ ਵਿੱਚ ਵੀ ਕਈ ਥਾਈਂ ਅਜਿਹਾ ਵਿਰੋਧ ਦੇਖਣ ਨੂੰ ਮਿਲਿਆ ਹੈ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਸਾਡੇ ਸਵਾਲਾਂ ਦੇ ਜਵਾਬ ਦੇਣ ਤੋਂ ਭੱਜ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਭਾਜਪਾ ਦੇ ਕਿਸੇ ਵੀ ਲੀਡਰ ਵਿੱਚ ਦਮ ਹੈ ਕਿ ਉਹ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦੇ ਸਕੇ। ਉਨ੍ਹਾਂ ਨੇ ਕਿਹਾ ਕਿ ਅੱਜ ਅੰਦੋਲਨ 102 ਦਿਨਾਂ ਤੱਕ ਜਾ ਪੁੱਜਾ ਹੈ ਪਰ ਹਾਲੇ ਤੱਕ ਭਾਜਪਾ ਸਰਕਾਰ ਨੇ ਕੋਈ ਨਿਪਟਾਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਨੂੰ ਰੋਕਣ ਲਈ ਕਿਹੜੇ ਕਾਨੂੰਨ ਦੇ ਮੁਤਾਬਕ ਫੌਜੀ ਤਾਕਤ ਦੀ ਵਰਤੋਂ ਕੀਤੀ, 450 ਦੇ ਕਰੀਬ ਕਿਸਾਨ ਜ਼ਖ਼ਮੀ ਕੀਤੇ, ਕਿਸਾਨ ਸ਼ੁਭਕਰਨ ਸਿੰਘ ਦਾ ਕਤਲ ਕੀਤਾ। ਪੰਜਾਬ, ਹਰਿਆਣਾ ਦੇ ਬਾਰਡਰ ’ਤੇ ਲੋਹੇ ਅਤੇ ਸੀਮਿੰਟ ਦੀਆਂ ਕੰਧਾਂ ਖੜੀਆਂ ਕੀਤੀਆਂ ? ਇਸ ਬਾਰੇ ਜਵਾਬ ਦੇਵੇ ਮੋਦੀ ਸਰਕਾਰ। ਉਹਨਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਲਖੀਮਪੁਰ ਖੀਰੀ ਦੇ ਦੋਸ਼ੀ ਨੂੰ ਸਜ਼ਾ ਦੇਵੇ, ਕਿਸਾਨਾਂ ਦਾ ਕਰਜ਼ਾ ਮੁਆਫੀ ਦੇਵੇ। ਐਮ.ਐਸ.ਪੀ. ਗਾਰੰਟੀ ਕਾਨੂੰਨ ਬਣਾਵੇ। ਇਹੋ ਜਿਹੇ ਤਲਖ਼ ਮਾਹੌਲ ਵਿੱਚ ਪ੍ਰਧਾਨ ਮੰਤਰੀ ਨੇ ਪੰਜਾਬ ਵਿੱਚ ਸਿੱਖ ਪੱਤਾ ਖੇਡਣ ਦਾ ਰਾਹ ਚੁਣਿਆ ਅਤੇ 2019 ਵਿੱਚ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਖ਼ੁਦ ਨੂੰ ਸ਼ਾਬਾਸ਼ੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇ 1971 ਵਿੱਚ ਉਹ ਪ੍ਰਧਾਨ ਮੰਤਰੀ ਹੁੰਦੇ ਤਾਂ ਬੰਗਲਾਦੇਸ਼ ਜੰਗ ਤੋਂ ਬਾਅਦ ਕਰੀਬ 90000 ਸੈਨਿਕਾਂ ਨੂੰ ਛੱਡਣ ਬਦਲੇ ਪਾਕਿਸਤਾਨ ਤੋਂ ਕਰਤਾਰਪੁਰ ਸਾਹਿਬ ਲੈ ਲੈਂਦੇ। ਉਨ੍ਹਾਂ 1984 ਦੇ ਸਿੱਖ ਕਤਲੇਆਮ ਨਾਲ ਸਬੰਧਿਤ ਕੇਸਾਂ ਦੀਆਂ ਫਾਈਲਾਂ ਮੁੜ ਖੋਲ੍ਹਣ ਲਈ ਆਪਣੀ ਸਰਕਾਰ ਦੀ ਸ਼ਲਾਘਾ ਵੀ ਕੀਤੀ ਪਰ ਸਿੱਖਾਂ ਵੱਲ ਵਧਾਏ ਹੱਥ ਦਾ ਸ਼ਾਇਦ ਨਾਰਾਜ਼ ਕਿਸਾਨਾਂ ਨੂੰ ਮਨਾਉਣ ਵਿਚ ਕੋਈ ਫਾਇਦਾ ਨਹੀਂ ਮਿਲੇਗਾ ਜੋ ਆਪਣੇ ਵੱਲੋਂ ਸਹਿਣ ਕੀਤੀ ਗਈ ਜ਼ਲਾਲਤ ਤੇ ਨਿੰਦਾ, ਖ਼ਾਸ ਤੌਰ ’ਤੇ 2020-21 ਦੇ ਸੰਘਰਸ਼ ਦੌਰਾਨ, ਲਈ ਭਾਜਪਾ ਨੂੰ ਮੁਆਫ਼ ਕਰਨ ਦੇ ਰੌਅ ਵਿੱਚ ਬਿਲਕੁਲ ਨਹੀਂ ਹਨ। ਮੋਦੀ ਤੇ ਭਾਜਪਾ ਸ਼ਾਇਦ ਨਹੀਂ ਜਾਣਦੇ ਕਿਸਾਨੀ ਸਿੱਖ ਪੰਥ ਦਾ ਆਰਥਿਕ ਤੇ ਸੱਭਿਆਚਾਰਕ ਆਧਾਰ ਹੈ।

# ਅਮਰੀਕੀ ਯੂਨਾਈਟਿਡ ਮੈਥੋਡਿਸਟ ਚਰਚ ਵੱਲੋਂ ਭਾਰਤ ’ਚ ਈਸਾਈਆਂ ’ਤੇ ਅੱਤਿਆਚਾਰ ਦੀ ਨਿੰਦਾ

## ਅਮਰੀਕੀ ਵਿਦੇਸ਼ ਵਿਭਾਗ ਤੋਂ ਕੀਤੀ ਮੰਗ ਕਿ ਭਾਰਤ ਨੂੰ ਇੱਕ ਵਿਸ਼ੇਸ਼ ਚਿੰਤਾ ਵਾਲਾ ਦੇਸ਼ ਨਾਮਜ਼ਦ ਕਰੋ

ਮੋਦੀ ਸ਼ਾਸਨ ਦੌਰਾਨ ਭਾਰਤ ਵਿੱਚ ਘੱਟ ਗਿਣਤੀਆਂ ’ਤੇ ਹੋ ਰਹੇ ਜ਼ੁਲਮਾਂ ਦਾ ਮੁੱਦਾ ਪੂਰੀ ਦੁਨੀਆਂ ਵਿੱਚ ਉਠਾਇਆ ਜਾ ਰਿਹਾ ਹੈ। ਅਮਰੀਕੀ ਯੂਨਾਈਟਿਡ ਮੈਥੋਡਿਸਟ ਚਰਚ (ਯੂਐਮਸੀ) ਜਨਰਲ ਕਾਨਫਰੰਸ ਵਿੱਚ ਸ਼ਾਮਲ ਹੋਣ ਵਾਲੇ ਡੈਲੀਗੇਟਾਂ ਨੇ ਭਾਰਤ ਵਿੱਚ ਕੱਟੜਪੰਥੀ ਹਿੰਦੂਤਵ ਦੇ ਹੱਥੋਂ ਈਸਾਈਆਂ ਉੱਤੇ ਹੋ ਰਹੇ ਅੱਤਿਆਚਾਰ ਦੀ ਨਿੰਦਾ ਕਰਨ ਵਾਲੇ ਮਤੇ ਦਾ ਭਾਰੀ ਸਮਰਥਨ ਕੀਤਾ ਅਤੇ ਅਮਰੀਕੀ ਵਿਦੇਸ਼ ਵਿਭਾਗ ਤੋਂ ਭਾਰਤ ਨੂੰ ਇੱਕ ਵਿਸ਼ੇਸ਼ ਚਿੰਤਾ ਵਾਲਾ ਦੇਸ਼ ਵਜੋਂ ਨਾਮਜ਼ਦ ਕਰਨ ਦੀ ਮੰਗ ਕੀਤੀ।

ਸੰਯੁਕਤ ਰਾਜ ਅਮਰੀਕਾ ਵਿੱਚ ਦੂਜੇ ਸਭ ਤੋਂ ਵੱਡੇ ਪ੍ਰੋਟੈਸਟੈਂਟ ਸੰਪਰਦਾ ਦੇ ਰੂਪ ਵਿੱਚ, ਘਰੇਲੂ ਤੌਰ ’ਤੇ 5 ਮਿਲੀਅਨ ਅਤੇ ਅੰਤਰਰਾਸ਼ਟਰੀ ਪੱਧਰ ’ਤੇ 10 ਮਿਲੀਅਨ ਧਾਰਮਿਕ ਮੰਡਲਾਂ ਦੀ ਨੁਮਾਇੰਦਗੀ ਕਰਦਾ ਹੈ, ਇਹ ਈਸਾਈ ਸੰਪਰਦਾ ਵੱਲੋਂ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਸਥਿਤੀਆਂ ’ਤੇ ਇੱਕ ਇਤਿਹਾਸਕ ਟਿਪਣੀ ਹੈ।

ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਦੇ ਪ੍ਰਧਾਨ




ਮੁਹੰਮਦ ਜਵਾਦ ਨੇ ਕਿਹਾ ਕਿ ਅਸੀਂ ਯੂਨਾਈਟਿਡ ਮੈਥੋਡਿਸਟ ਚਰਚ ਵਿੱਚ ਆਪਣੇ ਭੈਣਾਂ-ਭਰਾਵਾਂ ਦੀ ਨੈਤਿਕ ਸਪੱਸ਼ਟਤਾ ਅਤੇ ਦੂਰਦਰਸ਼ਤਾ ਦੀ ਕਦਰ ਕਰਦੇ ਹਾਂ। ਹਿੰਦੂਤਵ ਹਿੰਸਾ ਦੇ ਖ਼ਿਲਾਫ਼ ਉਸਦਾ ਫੈਸਲਾਕੁੰਨ ਬਿਆਨ ਪੂਰੀ ਦੁਨੀਆ ਨੂੰ ਇੱਕ ਸਪੱਸ਼ਟ ਸੰਕੇਤ ਦਿੰਦਾ ਹੈ: ਧਾਰਮਿਕ ਘੱਟ ਗਿਣਤੀਆਂ ’ਤੇ ਕਿਤੇ ਵੀ ਜ਼ੁਲਮ ਹਰ ਥਾਂ ਦੇ ਲੋਕਾਂ ਦਾ ਅਪਮਾਨ ਹੈ।

ਅਮਰੀਕੀ ਯੂਨਾਈਟਿਡ ਮੈਥੋਡਿਸਟ ਚਰਚ ਦਾ ਬਿਆਨ ਭਾਰਤ ਵਿੱਚ ਈਸਾਈ-ਵਿਰੋਧੀ ਹਮਲਿਆਂ ਦੇ ਜਵਾਬ ਵਿੱਚ ਆਇਆ ਹੈ ਜੋ ਕਿ ਮੋਦੀ ਸ਼ਾਸਨ ਵਿੱਚ ਵਧੇ ਹਨ। ਦਿੱਲੀ ਸਥਿਤ ਯੂਨਾਈਟਿਡ ਕ੍ਰਿਸਚੀਅਨ ਫੋਰਮ ਨੇ 2023 ਵਿੱਚ ਈਸਾਈਆਂ ਦੇ ਖ਼ਿਲਾਫ਼ 720 ਹਮਲਿਆਂ ਦੀ ਰਿਪੋਰਟ ਕੀਤੀ, ਜੋ ਕਿ 2014 ਵਿੱਚ 127 ਦੇ ਮੁਕਾਬਲੇ ਭਾਰੀ ਵਾਧਾ ਹੈ ਜਦੋਂ ਮੋਦੀ ਨੇ ਪਹਿਲੀ ਵਾਰ ਸੱਤਾ ਸੰਭਾਲੀ ਸੀ। ਫੈਡਰੇਸ਼ਨ ਆਫ਼ ਇੰਡੀਅਨ ਅਮਰੀਕਨ ਕ੍ਰਿਸ਼ਚੀਅਨ ਆਰਗੇਨਾਈਜ਼ੇਸ਼ਨਜ਼ ਨੇ 2022 ਵਿੱਚ 1,198 ਹਮਲਿਆਂ ਦਾ ਦਸਤਾਵੇਜ਼ੀਕਰਨ ਕੀਤਾ ਹੈ, ਜੋ ਕਿ 2021 ਵਿੱਚ 761 ਸੀ। ਇੰਟਰਨੈਸ਼ਨਲ ਕ੍ਰਿਸਚੀਅਨ ਕੰਸਰਨ ਨੇ ਆਪਣੀ ‘ਸਾਲ ਦੇ ਜ਼ੁਲਮ ਕਰਨ ਵਾਲੇ’ ਦੀ ਸੂਚੀ ਵਿੱਚ ਭਾਰਤ ਨੂੰ ਤੀਜੇ ਸਭ ਤੋਂ ਜ਼ਾਲਮ ਦੇਸ਼ ਵਜੋਂ ਦਰਜਾ ਦਿੱਤਾ ਹੈ।

# ਕੋਧਰੇ ਦੀ ਖੇਤੀ ਕਰਕੇ ਗੁਰਦਾਸਪੁਰ ਦੇ ਕਿਸਾਨ ਗੁਰਮੁਖ ਸਿੰਘ ਨੇ ਆਪਣੀ ਆਰਥਿਕਤਾ ਕੀਤੀ ਮਜ਼ਬੂਤ

## ਫ਼ਸਲਾਂ ਨੂੰ ਖ਼ੁਦ ਪ੍ਰੋਸੈਸ ਕਰਕੇ ਉਸਦਾ ਮੰਡੀਕਰਨ ਵੀ ਆਪ ਹੀ ਕਰਦੇ ਨੇ

ਗੁਰਮੁਖ ਸਿੰਘ ਕਲਸੀ ਪੁੱਤਰ ਭੋਲਾ ਸਿੰਘ ਵਾਸੀ ਪਿੰਡ ਰੰਗੀਲਪੁਰ ਬਲਾਕ ਬਟਾਲਾ ਗੁਰਦਾਸਪੁਰ ਅਨੁਸਾਰ ਉਸਦੀ ਪਤਨੀ ਅਤੇ ਦੋ ਬੱਚੇ ਅਤੇ ਇੱਕ ਭਰਾ ਦਾ ਪਰਿਵਾਰ ਕੁਦਰਤੀ ਖੇਤੀ ਕਰ ਰਿਹਾ ਹੈ ਤੇ ਛੋਟੀ ਉਮਰ ਵਿੱਚ ਮਾਤਾ ਪਿਤਾ ਦੇ ਦਿਹਾਂਤ ਤੋਂ ਬਾਅਦ ਬਚਪਨ ਵਿੱਚ ਹੀ ਘਰ ਦੀ ਜ਼ਿੰਮੇਵਾਰੀ ਸੰਭਾਲਦਿਆਂ ਆਪਣੇ ਪਿਤਾ ਪੁਰਖੀ ਕਾਰਜ ਖੇਤੀ ਨੂੰ ਅੱਗੇ ਵਧਾਇਆ। ਮੂਲ ਅਨਾਜ ਦੀ ਖੇਤੀ ਵੱਲ ਆਉਣ ਦਾ ਕਾਰਨ ਦੱਸਦਿਆਂ ਗੁਰਮੁਖ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਸਾਹਿਬ ਜਦ ਭਾਈ ਲਾਲੋ ਦੇ ਘਰ ਗਏ ਸਨ ਤਾਂ ਉਨ੍ਹਾਂ ਨੇ ਕੋਧਰੇ ਦੀ ਰੋਟੀ ਖਾਧੀ ਸੀ। ਇਸ ਗੱਲ ਤੋਂ ਉਹ ਬਹੁਤ ਪ੍ਰਭਾਵਿਤ ਸਨ, ਜਿਸ ਲਈ ਉਹ ਵੀ ਕੋਧਰੇ ਤੇ ਹੋਰ ਮੂਲ ਅਨਾਜਾਂ ਦੀ ਖੇਤੀ ਕਰਨ ਵੱਲ ਆਏ। ਉਹ ਦਸਦੇ ਹਨ ਕਿ ਕਰੀਬ 9 ਸਾਲ ਪਹਿਲਾਂ ਉਹ ਮਹਾਰਾਸ਼ਟਰ ਵਿੱਚ ਕਿਸਾਨੀ ਨਾਲ ਜੁੜੇ ਇੱਕ ਸੈਮੀਨਾਰ ਵਿੱਚ ਹਿਸਾ ਲੈਣ ਗਏ ਸਨ। ਉਥੇ ਗੁਰਮੁਖ ਦੀ ਮੁਲਾਕਾਤ ਮੂਲ ਅਨਾਜਾਂ ਦੀ ਖੇਤੀ ਕਰਨ ਵਾਲੇ ਕਿਸਾਨਾਂ





ਨਾਲ ਹੋਈ ਅਤੇ ਕੁਝ ਗਿਆਨ ਮਿਲਿਆ। ਗੁਰਮੁਖ ਸਿੰਘ ਦੱਸਦੇ ਹਨ ਕਿ ਉਨ੍ਹਾਂ ਦਾ ਕਹਿਣਾ ਹੈ ਕਿ ਉਸ ਨੂੰ ਕਿਸਾਨੀ ਵਿਰਾਸਤ ਵਿੱਚੋਂ ਮਿਲੀ ਹੈ ਭਾਵੇਂ ਕਿ ਉਨ੍ਹਾਂ ਨੇ ਗ੍ਰੈਜੂਏਸ਼ਨ ਤੱਕ ਪੜ੍ਹਾਈ ਕੀਤੀ ਪਰ ਜਦੋਂ ਖੇਤੀ ਨੂੰ ਆਪਣਾ ਕਿੱਤਾ ਬਣਾਇਆ ਅਤੇ ਕਈ ਸਾਲ ਪਹਿਲਾਂ ਉਨ੍ਹਾਂ ਨੇ ਹੋਰ ਕਿਸਾਨਾਂ ਨਾਲੋਂ ਵੱਖਰੇ ਤਰੀਕੇ ਨਾਲ ਖੇਤੀ ਕਰਨ ਦਾ ਫੈਸਲਾ ਲਿਆ। ਉਹ ਦੱਸਦੇ ਹਨ ਕਿ ਸਾਲ 2015 ਵਿੱਚ ਮੂਲ ਅਨਾਜਾਂ ਦੀ ਖੇਤੀ ਕਰਨੀ ਸ਼ੁਰੂ ਕਰਨ ਦਾ ਫੈਸਲਾ ਲਿਆ। ਉਨ੍ਹਾਂ ਕੋਲ ਖੇਤੀਬਾੜੀ ਜ਼ਮੀਨ ਦਾ ਕੁਲ ਰਕਬਾ 22 ਏਕੜ ਹੈ ਅਤੇ 8 ਏਕੜ ਮੂਲ ਅਨਾਜ ਤੋਂ ਇਲਾਵਾ ਉਹ ਛੋਲੇ, ਸਰੋਂ, ਦੇਸੀ ਕਣਕ, ਦੇਸੀ ਬਾਸਮਤੀ, ਹਲਦੀ, ਅਲਸੀ ਅਤੇ ਦਾਲਾਂ ਦੀ ਖੇਤੀ ਕਰਦੇ ਹਨ। ਪਹਿਲੇ ਸਾਲ ਫਸਲ ਵਿੱਚ ਪਾਣੀ ਖੜ੍ਹਨ ਨਾਲ ਨੁਕਸਾਨ ਵੀ ਹੋਇਆ, ਪਰ ਹੁਣ ਉਹ ਇਨ੍ਹਾਂ ਫਸਲਾਂ ਦੀ ਬੀਜਾਈ ਆਦਿ ਕਰਨ ਵਿੱਚ ਕਾਫੀ ਕੁਝ ਸਿੱਖ ਚੁੱਕੇ ਹਨ। ਇਹ ਸਿਲਸਿਲਾ ਅੱਗੇ-ਅੱਗੇ ਵਧਦਾ ਗਿਆ ਅਤੇ ਰਕਬਾ ਵੀ ਵਧਾ ਦਿੱਤਾ ਅਤੇ ਹੁਣ ਕਰੀਬ 8 ਏਕੜ ਵਿੱਚ ਮੂਲ ਅਨਾਜਾਂ ਦੀ ਖੇਤੀ ਕਰ ਰਿਹਾ ਹਾਂ। ਗੁਰਮੁਖ ਸਿੰਘ ਨੇ ਮੂਲ ਅਨਾਜਾਂ ਦੀ ਕੁਦਰਤੀ ਖੇਤੀ ਕਰਕੇ ਆਪਣੇ ਤਜਰਬੇ ਨਾਲ ਸਿੱਧ ਕੀਤਾ ਹੈ ਕਿ ਰਵਾਇਤੀ ਫਸਲਾਂ ਦੇ ਮੁਕਾਬਲੇ ਮੂਲ ਅਨਾਜ ਦੀ ਖੇਤੀ ਆਰਥਿਕ ਤੇ ਸਿਹਤ ਪੱਖੋਂ ਬਹੁਤ ਲਾਹੇਵੰਦ ਹੈ। ਜਿੱਥੇ ਉਹ ਖੇਤੀ ਕਰਦੇ ਹਨ ਉੱਥੇ ਨਾਲ ਹੀ ਆਪਣੇ ਅਨਾਜ ਤੇ ਫ਼ਸਲਾਂ ਨੂੰ ਖ਼ੁਦ ਪ੍ਰੋਸੈਸ ਕਰਕੇ ਉਸਦਾ ਮੰਡੀਕਰਨ ਵੀ ਆਪ ਹੀ ਕਰਦੇ ਹਨ। ਉਨ੍ਹਾਂ ਵੱਲੋਂ ਬਟਾਲਾ ਸ਼ਹਿਰ ਵਿੱਚ ਇੱਕ ਸਟੋਰ ਬਣਾਇਆ ਗਿਆ ਹੈ ਜਿੱਥੇ ਉਹ ਆਪਣੇ ਖੇਤੀ ਵਾਲੇ ਅਨਾਜ ਤੇ ਖੇਤੀ ਨਾਲ ਜੁੜੇ ਹੋਰ ਆਰਗੈਨਿਕ ਸਮਾਨ ਵੀ ਸਟੋਰ ਵਿੱਚ ਵੇਚਦੇ ਹਨ। ਉਨ੍ਹਾਂ ਨੂੰ ਸਰਕਾਰ ਤੇ ਖੇਤੀ ਵਿਭਾਗ ਵੱਲੋਂ ਵੀ ਸਨਮਾਨਿਤ ਕੀਤਾ ਗਿਆ ਹੈ ।ਗੁਰਮੁਖ ਸਿੰਘ ਦੱਸਦੇ ਸਨ ਕਿ ਉਨ੍ਹਾਂ ਨੂੰ ਕਣਕ-ਝੋਨੇ ਵਾਂਗ ਇਹ ਅਨਾਜ ਖੇਤਾਂ ਵਿੱਚੋਂ ਸਿੱਧੇ ਤੌਰ ’ਤੇ ਵੇਚਣ ਦਾ ਕੋਈ ਲਾਭ ਨਹੀਂ ਸੀ ਮਿਲ ਰਿਹਾ। ਅਜਿਹੇ ਵਿੱਚ ਉਨ੍ਹਾਂ ਨੂੰ ਇੱਕ ਗੈਰ-ਸਰਕਾਰੀ ਸੰਸਥਾ ਦਾ ਸਹਿਯੋਗ ਮਿਲਿਆ। ਉਸਦੀ ਮਦਦ ਨਾਲ ਗੁਰਮੁਖ ਸਿੰਘ ਨੂੰ ਅਨਾਜ ਨੂੰ ਪ੍ਰੋਸੈਸ ਕਰਨ ਲਈ ਮਸ਼ੀਨਾਂ ਮਿਲ ਗਈਆਂ ਅਤੇ ਬਾਕੀ ਥਾਂ ’ਤੇ ਸ਼ੈਡ ਉਨ੍ਹਾਂ ਨੇ ਆਪ ਖੜਾ ਕੀਤਾ। ਉਨ੍ਹਾਂ ਨੇ ਮੂਲ ਅਨਾਜ ਦਾ ਪ੍ਰੋਸੈਸਿੰਗ ਯੂਨਿਟ ਲਾਇਆ ਅਤੇ ਪ੍ਰੋਸੈਸ ਕੀਤੀ ਫ਼ਸਲ ਨੂੰ ਬਾਜ਼ਾਰ ਵਿੱਚ ਆਪਣਾ ਸਟੋਰ ਬਣਾ ਕੇ ਵੇਚਣਾ ਸ਼ੁਰੂ ਕੀਤਾ। (**ਬਾਕੀ ਸਫ਼ਾ 31 ’ਤੇ**)

# ਪੰਜਾਬ ਦਾ ਚੋਣ ਪ੍ਰਚਾਰ ਮੁੱਦਿਆਂ ਦੀ ਥਾਂ ਨੌਟੰਕੀ ਬਣਿਆ

## ਕੋਈ ਪਾਰਟੀ ਸੂਬੇ ਬਾਰੇ ਸੁਹਿਰਦ ਨਹੀਂ

## ਕੈਂਸਰ, ਖੇਤੀ, ਬੇਰੁਜ਼ਗਾਰੀ, ਬੇਅਦਬੀ, ਬੰਦੀ ਸਿੱਖਾਂ ਦੀ ਰਿਹਾਈ, ਨਸ਼ੇ ਵੱਡੇ ਮੁੱਦੇ

ਸੰਸਦੀ ਚੋਣਾਂ ਲਈ ਪੰਜਾਬ ਵਿੱਚ ਚੋਣ ਪ੍ਰਚਾਰ ਭਾਵੇਂ ਆਖ਼ਰੀ ਦੌਰ ਵਿੱਚ ਹੈ, ਲੇਕਿਨ ਚੋਣ ਪ੍ਰਚਾਰ ਸੂਬੇ ਨੂੰ ਦਰਪੇਸ਼ ਮੁੱਦਿਆਂ 'ਤੇ ਫੋਕਸ ਹੋਣ ਦੀ ਥਾਂ ਆਪਸੀ ਦੂਸ਼ਣਬਾਜ਼ੀ, ਟਿੱਚਰਾਂ, ਮਸ਼ਕਰੀਆਂ, ਕਿੱਕਲੀਆਂ ਨਾਲ ਭਰਪੂਰ ਨਜ਼ਰ ਆ ਰਿਹਾ ਹੈ ਅਤੇ ਨੌਟੰਕੀ ਬਣ ਰਿਹਾ ਅਜਿਹਾ ਚੋਣ ਪ੍ਰਚਾਰ ਲੋਕਤੰਤਰੀ ਪ੍ਰੰਪਰਾਵਾਂ ਦੀ ਤੌਹੀਨ ਜਾਂ ਮਜ਼ਾਕ ਵੀ ਕਿਹਾ ਜਾ ਸਕਦਾ ਹੈ ।ਹੁਕਮਰਾਨ ਧਿਰ ਜੋ ਨਸ਼ੇ ਰੋਕਣ ਵਿੱਚ ਅਸਫ਼ਲਤਾ, ਬੇਅਦਬੀਆਂ ਦੇ ਕੇਸ ਵਿੱਚ ਮੁੱਖ ਦੋਸ਼ੀਆਂ ਵਿਰੁੱਧ ਕੇਸ ਚਲਾਉਣ ਲਈ ਦੋ ਸਾਲਾਂ ਤੋਂ ਪ੍ਰਵਾਨਗੀ ਨਾ ਦੇਣ, ਖੇਤੀ ਨੀਤੀ ਨਾ ਬਨਾਉਣ ਅਤੇ ਘੱਟੋ ਘੱਟ ਖ਼ਰੀਦ ਮੁੱਲ ਦੇਣ ਦਾ ਵਾਅਦਾ ਪੂਰਾ ਨਾ ਕਰਨ, ਸੂਬੇ ਦਾ ਕਰਜ਼ਾ ਲਗਾਤਾਰ ਵਧਾਉਣ, ਅਮਨ ਕਾਨੂੰਨ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਵਿੱਚ ਅਸਫਲ ਰਹਿਣ ਅਤੇ ਬੇਰੁਜ਼ਗਾਰੀ ਤੇ ਵਾਤਾਵਰਨ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਕੋਟਕਪੂਰਾ ਗੋਲੀਕਾਂਡ, ਬੰਦੀ ਸਿੱਖਾਂ ਦੀ ਰਿਹਾਈ, ਕਿਸਾਨੀ ਵਰਗੇ ਮਸਲਿਆਂ 'ਤੇ ਕੋਈ ਪ੍ਰਭਾਵਸ਼ਾਲੀ ਕਦਮ ਨਾ ਚੁੱਕਣ ਅਤੇ ਚੰਡੀਗੜ੍ਹ ਤੇ ਪੰਜਾਬ ਦੇ ਦੂਜੇ ਅੰਤਰਰਾਜੀ ਮਾਮਲਿਆਂ 'ਤੇ ਚੁੱਪੀ ਬਣਾਉਣ ਵਰਗੇ ਮੁੱਦਿਆਂ 'ਤੇ ਲੋਕਾਂ ਨੂੰ ਜਵਾਬਦੇਹ ਨਹੀਂ ਬਣਨਾ ਚਾਹੁੰਦੀ, ਜਿਸ ਲਈ ਉਸ ਵੱਲੋਂ ਚੋਣ ਪ੍ਰਚਾਰ ਨੂੰ ਟਿੱਚਰਾਂ ਤੇ ਮਸ਼ਕਰੀਆਂ ਦਾ ਅਖਾੜਾ ਬਣਾਉਂਦਿਆਂ ਸਮੁੱਚੇ ਚੋਣ ਪ੍ਰਚਾਰ ਨੂੰ ਹੀ ਨੌਟੰਕੀ ਦਾ ਰੂਪ ਦੇ ਦਿੱਤਾ ਹੈ।

ਪ੍ਰਸਿੱਧ ਚਿੰਤਕ ਤੇ ਅਰਥ ਸ਼ਾਸਤਰੀ ਡਾਕਟਰ ਸੁੱਚਾ ਸਿੰਘ ਗਿੱਲ ਦਾ ਕਹਿਣਾ ਹੈ ਕਿ ਪੰਜਾਬ ਦੇ ਮੁੱਦਿਆਂ ਬਾਰੇ ਸਮੁਚੀਆਂ ਸਿਆਸੀ ਪਾਰਟੀਆਂ ਚੁੱਪ ਹਨ।ਪੰਜਾਬ ਦਾ ਪੁਨਰਗਠਨ ਨਵੰਬਰ 1966 ਵਿੱਚ ਕੀਤਾ ਗਿਆ ਸੀ ਪਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਬਣਾ ਦਿੱਤਾ ਗਿਆ ਸੀ। ਇਸ ਨੂੰ ਪੰਜਾਬ ਵਿੱਚ ਸ਼ਾਮਿਲ ਕਰਨ ਦਾ ਮਸਲਾ ਪਿਛਲੇ 58 ਸਾਲਾਂ ਤੋਂ ਲਟਕ ਰਿਹਾ ਹੈ।

ਸੂਬੇ ਦਾ ਪੁਨਰਗਠਨ ਕਰਦੇ ਸਮੇਂ ਹਰਿਆਣਾ ਨਾਲ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਪੈਦਾ ਹੋ ਗਿਆ। ਪਾਣੀਆਂ ਦੇ ਹੈੱਡ ਵਰਕਸਾਂ ਦੇ ਕੰਟਰੋਲ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਣਾ ਦਿੱਤਾ ਗਿਆ ਸੀ। ਦਰਿਆਵਾਂ ਦੇ ਪਾਣੀ ਦੀ ਰਿਪੇਰੀਅਨ ਸਿਧਾਂਤ ਅਨੁਸਾਰ ਵੰਡ ਕਰਨਾ ਅਤੇ ਇਨ੍ਹਾਂ ਦੇ ਹੈੱਡ ਵਰਕਸਾਂ ਦਾ ਕੰਟਰੋਲ ਪੰਜਾਬ ਨੂੰ ਦਿਵਾਉਣਾ ਇਨਸਾਫ਼ ਦਾ ਮਸਲਾ ਹੈ। ਪਰ ਇਸ ਬਾਰੇ ਸਿਆਸੀ ਧਿਰਾਂ ਚੁੱਪ ਹਨ। ਪੰਜਾਬ ਉੱਪਰ ਚੜ੍ਹੇ ਕਰਜ਼ੇ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੈਰਾਂ ਤੋਂ ਸਿਰ ਤੱਕ ਕਰਜ਼ੇ ਵਿੱਚ ਫਸੀ ਹੋਈ ਹੈ। ਇਹ ਕਰਜ਼ਾ 3.42 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਆਮ ਖਰਚੇ ਕਰਨ ਅਤੇ ਕਰਜ਼ਾ ਮੋੜਨ ਵਾਸਤੇ ਹੋਰ ਕਰਜ਼ਾ ਹਰ ਸਾਲ ਸਰਕਾਰ ਨੂੰ ਲੈਣਾ ਪੈ ਰਿਹਾ ਹੈ। ਇਹ ਕਰਜ਼ਾ ਹਰ ਸਾਲ ਵੱਧਦਾ ਜਾ ਰਿਹਾ ਹੈ।

ਸੂਬੇ ਵਿਚੋਂ ਉਦਯੋਗਿਕ ਕੇਂਦਰਾਂ ਦੇ ਉਜਾੜੇ ਬਾਰੇ ਡਾਕਟਰ ਗਿੱਲ ਨੇ ਕਿਹਾ ਕਿ ਅੰਮ੍ਰਿਤਸਰ ਅਤੇ ਬਟਾਲਾ 1980ਵਿਆਂ ਅਤੇ 1990ਵਿਆਂ ਵਿੱਚ ਉਦਯੋਗਿਕ ਕੇਂਦਰਾਂ ਦੇ ਤੌਰ 'ਤੇ ਖਤਮ ਹੋ ਗਏ ਸਨ।ਮੰਡੀ ਗੋਬਿੰਦਗੜ੍ਹ ਅਤੇ ਗੋਰਾਇਆ ਵਿਚੋਂ ਉਦਯੋਗ ਪਿਛਲੇ ਦੋ ਦਹਾਕਿਆਂ ਵਿੱਚ ਬੰਦ ਹੋ ਗਏ ਹਨ। ਬਾਕੀ ਥਾਵਾਂ ਤੋਂ ਉਦਯੋਗਿਕ ਇਕਾਈਆਂ ਦੂਜੇ ਸੂਬਿਆਂ ਨੂੰ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਵੀ ਦੇਸ਼ ਦੇ ਦੂਜੇ ਹਿੱਸਿਆਂ ਦੇ ਮੁਕਾਬਲੇ ਜ਼ਿਆਦਾ ਵਧ ਗਈ ਹੈ। ਨੌਜਵਾਨਾਂ ਦੀ ਪੰਜਾਬ ਵਿੱਚ ਬੇਰੁਜ਼ਗਾਰੀ ਦੀ ਦਰ 26.33% ਹੈ,




ਜਿਹੜੀ ਸਰਬ ਭਾਰਤ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 21.84% ਤੋਂ ਜ਼ਿਆਦਾ ਹੈ। ਰੁਜ਼ਗਾਰ ਦੀ ਘਾਟ ਕਾਰਨ ਨੌਜਵਾਨਾਂ ਦਾ ਇੱਕ ਵਰਗ ਨਸ਼ਿਆਂ ਅਤੇ ਅਪਰਾਧ ਵੱਲ ਧੱਕਿਆ ਜਾ ਰਿਹਾ ਹੈ। ਇਨ੍ਹਾਂ ਮਸਲਿਆਂ ਕਾਰਨ ਪੰਜਾਬ ਵਿੱਚ ਗੈਂਗਸਟਰਾਂ ਨੇ ਅਮਨ ਕਾਨੂੰਨ ਨੂੰ ਪ੍ਰਭਾਵਿਤ ਕੀਤਾ ਹੈ। ਬੇਵਿਸ਼ਵਾਸੀ ਪੈਦਾ ਹੋਣ ਨਾਲ ਪੰਜਾਬ ਵਿੱਚ ਪੂੰਜੀ ਨਿਰਮਾਣ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇੱਕ ਯੋਜਨਾ ਤਹਿਤ ਦੇਸ਼ ਦੀ ਖਾਧ ਸੁਰੱਖਿਆ ਨੂੰ ਕਾਇਮ ਰੱਖਣ ਵਾਸਤੇ ਕਣਕ ਝੋਨੇ ਦੇ ਚੱਕਰ ਵਿੱਚ ਕੇਂਦਰ ਸਰਕਾਰ ਵੱਲੋਂ ਫਸਾਇਆ ਗਿਆ ਹੈ। ਇਸ ਵਿਚੋਂ ਪੰਜਾਬ ਆਪਣੇ ਆਪ ਬਾਹਰ ਨਹੀਂ ਨਿਕਲ ਸਕਦਾ। ਇਸੇ ਕਰਕੇ ਕਿਸਾਨਾਂ ਦੀਆਂ 23 ਫਸਲਾਂ ਦੇ ਸਮਰਥਨ ਮੁੱਲ ਨੂੰ ਕਾਨੂੰਨੀ ਸਥਾਨ ਦੇਣ ਦੇ ਨਾਲ-ਨਾਲ ਪੰਜਾਬ ਨੂੰ 10 ਸਾਲ ਵਾਸਤੇ ਸਪੈਸ਼ਲ ਆਰਥਿਕ ਪੈਕੇਜ ਵੀ ਦਿੱਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੂਬਿਆਂ ਨੂੰ ਅਧਿਕਾਰ ਦੇ ਕੇ ਮਜ਼ਬੂਤ ਕੀਤਾ ਜਾਵੇ ਅਤੇ ਘੱਟੋ ਘੱਟ ਸੰਵਿਧਾਨ ਦੀ 1950 ਵਾਲੀ ਸਥਿਤੀ ਬਹਾਲ ਕੀਤੀ ਜਾਵੇ। ਜੀ.ਐਸ.ਟੀ. ਲਾਗੂ ਹੋਣ ਨਾਲ ਸੂਬਿਆਂ ਦੇ ਵਿੱਤੀ ਅਧਿਕਾਰਾਂ ਨੂੰ ਡੂੰਘੀ ਸੱਟ ਵੱਜੀ ਹੈ। ਇਸ ਕਾਨੂੰਨ ਵਿੱਚ ਸੋਧ ਕਰਕੇ ਇਹ ਕਰ ਵਸੂਲਣ ਦੇ ਸਾਰੇ ਅਧਿਕਾਰ ਰਾਜਾਂ ਨੂੰ ਦਿੱਤੇ ਜਾਣ। ਰਾਜ ਇਸ ਵਿਚੋਂ ਆਪਣਾ ਹਿੱਸਾ ਰੱਖ ਕੇ ਬਾਕੀ ਕਰ ਕੇਂਦਰ ਨੂੰ ਭੇਜਣ।

ਮਨੁੱਖੀ ਅਧਿਕਾਰਾਂ ਬਾਰੇ ਡਾਕਟਰ ਗਿੱਲ ਨੇ ਕਿਹਾ ਕਿ ਕੇਂਦਰੀ ਏਜੰਸੀਆਂ ਖਾਸ ਕਰਕੇ ਸੀ.ਬੀ. ਆਈ., ਆਮਦਨ ਕਰ ਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਸੂਬਾ ਸਰਕਾਰਾਂ ਦੀ ਪ੍ਰਵਾਨਗੀ ਬਗੈਰ ਸੂਬਿਆਂ ਦੇ ਵਸਨੀਕਾਂ ਨੂੰ ਹਿਰਾਸਤ ਵਿੱਚ ਲਏ ਜਾਣ 'ਤੇ ਰੋਕ ਲਗਾਈ ਜਾਵੇ। ਬਦਨਾਮ ਯੂ.ਏ.ਪੀ. ਐਕਟ, ਮਨੀ ਲਾਂਡਰਿੰਗ ਐਕਟ, ਕਿਰਤ ਕਾਨੂੰਨਾਂ ਦੀਆਂ ਸੋਧਾਂ ਅਤੇ ਇੰਡੀਅਨ ਪੀਨਲ ਕੋਡ ਵਿੱਚ ਤਬਦੀਲੀਆਂ ਨੂੰ ਵਾਪਸ ਲਿਆ ਜਾਵੇ ਤਾਂ ਕਿ ਨਾਗਰਿਕਾਂ ਦੇ ਜਮਹੂਰੀ ਹੱਕਾਂ ਨੂੰ ਬਚਾਇਆ ਜਾ ਸਕੇ।

ਪ੍ਰਸਿੱਧ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਖੇਤੀ ਪ੍ਰਧਾਨ ਸੂਬੇ ਪੰਜਾਬ ਵਿੱਚ ਰਾਜਨੀਤਕ ਪਾਰਟੀਆਂ ਦੇ ਸਿਆਸੀ ਦੰਗਲ ਵਿੱਚ ਖੇਤੀ ਮੁੱਦੇ ਗਾਇਬ ਹਨ। ਇਹ ਕਿ ਪੰਜਾਬ ਦੀ 75 ਫੀਸਦੀ ਆਬਾਦੀ ਸਿੱਧੇ ਤੌਰ 'ਤੇ ਖੇਤੀਬਾੜੀ ਉੱਤੇ ਨਿਰਭਰ ਹੈ, ਪਰ ਬਾਵਜੂਦ ਇਸਦੇ ਸਮੇਂ ਸਮੇਂ ਦੀਆਂ ਸਰਕਾਰਾਂ ਕਿਸਾਨਾਂ ਮਜਦੂਰਾਂ ਲਈ ਠੋਸ ਨੀਤੀਆਂ ਬਣਾਉਣ ਅਤੇ ਖੇਤੀ ਉਦਯੋਗ ਲਗਾ ਕੇ ਰੁਜ਼ਗਾਰ ਦੇਣ ਵਿੱਚ ਅਸਫ਼ਲ ਸਾਬਿਤ ਹੋਈਆਂ ਹਨ। ਝੋਨੇ ਦੀ ਪੈਦਾਵਾਰ ਲਈ ਕਿਸਾਨਾਂ ਨੇ ਟਿਊਬਵੈੱਲਾਂ ਰਾਹੀਂ ਧਰਤੀ ਵਿਚੋਂ ਪਾਣੀ ਕੱਢ ਕੇ ਸੂਬੇ ਦੇ ਬਹੁਤੇ ਖੇਤਰਾਂ ਵਿੱਚ ਪੱਤਣਾਂ ਹੀ ਸੁਕਾ ਦਿੱਤੀਆਂ। ਸਰਕਾਰਾਂ ਦੀ ਨਲਾਇਕੀ ਇਹ ਹੈ ਕਿ ਉਸਨੇ ਰਾਜ ਦੇ ਯੋਜਨਾਬੱਧ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਠੋਸ ਰਣਨੀਤੀ ਨਹੀਂ ਘੜੀ ।ਉਨ੍ਹਾਂ ਦਾ ਕਹਿਣਾ ਹੈ ਕਿ ਖੇਤੀ ਨਾਲ ਜੁੜੇ ਹੋਰ ਉਦਯੋਗ ਸਰਕਾਰਾਂ ਲਗਾਉਂਦੀਆਂ ਤਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲਦਾ, ਪਰ ਸਮੇਂ ਸਮੇਂ ਦੀਆਂ ਸਰਕਾਰਾਂ ਫੇਲ੍ਹ ਰਹੀਆਂ। ਰੁਜ਼ਗਾਰ ਦੇ ਵਸੀਲੇ ਨਾ ਹੋਣ ਕਾਰਨ ਅੰਗਰੇਜੀ ਦਾ ਇੱਕ ਛੋਟਾ ਜਿਹਾ ਟੈਸਟ 'ਆਈਲੈੱਟਸ' ਦੇ ਕੇ ਪੰਜਾਬ ਦਾ ਭਵਿੱਖ ਅਤੇ ਸਰਮਾਇਆ ਵਿਦੇਸ਼ਾਂ ਦੀ ਉਡਾਰੀ ਭਰ ਗਿਆ।

(ਬਾਕੀ ਸ.ਫ਼ਾ 30 'ਤੇ)

### ਕੈਂਸਰ ਦੇ ਪੰਜੇ ਵਿੱਚ ਜਕੜੇ ਜਾ ਰਹੇ ਪੰਜਾਬ ਦੀ ਸਥਿਤੀ ਹੋਈ ਖ਼ਤਰਨਾਕ

#### ਸਿਆਸੀ ਧਿਰਾਂ ਦੇ ਚੋਣ ਮਨੋਰਥ ਪੱਤਰਾਂ 'ਚੋਂ ਕੈਂਸਰ ਦਾ ਮੁੱਦਾ ਗ਼ਾਇਬ

ਪੰਜਾਬ ਵਿੱਚ ਲੋਕ ਸਭਾ ਚੋਣਾਂ ਦੌਰਾਨ ਐਲਾਨਨਾਮਿਆਂ ਵਿੱਚ ਪੰਜਾਬ ਦੇ ਅਹਿਮ ਮੁੱਦੇ ਕੈਂਸਰ ਪ੍ਰਤੀ ਚੁੱਪ ਨੂੰ ਬੁੱਧੀਜੀਵੀ ਵਰਗ ਵੱਲੋਂ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਸਾਇੰਟੇਫਿਕ ਅਵੇਰਅਨੈੱਸ ਐਂਡ ਸੋਸ਼ਲ ਵੈੱਲਫੇਅਰ ਫੋਰਮ ਦੇ ਪ੍ਰਧਾਨ ਡਾ. ਏ.ਐਸ. ਮਾਨ ਨੇ ਕਿਹਾ ਹੈ ਕਿ ਰਾਜ ਵਿੱਚ ਕੈਂਸਰ ਤੇਜ਼ੀ ਨਾਲ ਫੈਲ ਰਿਹਾ ਹੈ । ਪੰਜਾਬ ਦੀਆਂ 1 ਲੱਖ ਔਰਤਾਂ ਪਿੱਛੇ 59 ਨੂੰ ਛਾਤੀ ਦੇ ਕੈਂਸਰ ਅਤੇ ਪੁਰਸ਼ਾਂ ਵਿੱਚ 53 ਨੂੰ ਮਿਹਦੇ ਦੇ ਕੈਂਸਰ ਦੀ ਸ਼ਿਕਾਇਤ ਮਿਲ ਰਹੀ ਹੈ ਅਤੇ ਇਹ ਦਰ ਹਰ ਸਾਲ ਉੱਚੀ ਹੁੰਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਗ਼ਲਤ ਖਾਣ-ਪੀਣ, ਹਵਾ, ਪਾਣੀ, ਮਿੱਟੀ ਦਾ ਜ਼ਹਿਰੀਲਾ ਹੋਣਾ, ਫ਼ਸਲਾਂ 'ਤੇ ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੇ ਅੰਨ੍ਹੇਵਾਹ ਛਿੜਕਾਅ, ਦੁਧਾਰੂ ਪਸ਼ੂਆਂ ਤੋਂ ਵੱਧ ਦੁੱਧ ਲੈਣ ਲਈ ਟੀਕੇ ਲਗਾਉਣਾ ਅਤੇ ਹੋਰ ਕਈ ਕਾਰਨ ਹਨ, ਜਿਨ੍ਹਾਂ ਸਦਕਾ ਪੰਜਾਬ ਵਿੱਚ ਕੈਂਸਰ ਤੇਜ਼ੀ ਨਾਲ ਫੈਲ ਰਿਹਾ ਹੈ।ਨਸ਼ਿਆਂ ਪ੍ਰਤੀ ਜਾਗਰੂਕਤਾ ਦਾ ਹੋਕਾ ਦੇ ਰਹੇ ਲੇਖਕ ਮੋਹਨ ਸ਼ਰਮਾ ਨੇ ਦੁੱਖ ਪ੍ਰਗਟ ਕੀਤਾ ਕਿ ਵੱਖ-ਵੱਖ ਪਾਰਟੀਆਂ ਅਤੇ ਉਮੀਦਵਾਰਾਂ ਦੇ ਚੋਣ ਐਲਾਨਨਾਮਿਆਂ ਵਿੱਚ ਇਸ ਮੁੱਦੇ 'ਤੇ ਚੁੱਪ ਧਾਰੀ ਗਈ ਹੈ। ਉਨ੍ਹਾਂ ਕਿਹਾ ਕਿ ਹੋਣਾ ਇਹ ਚਾਹੀਦਾ ਸੀ ਕਿ ਸਿਆਸੀ ਧਿਰਾਂ ਵੱਲੋਂ ਵਾਅਦਾ ਕੀਤਾ ਜਾਂਦਾ ਕਿ ਚੋਣਾਂ ਤੋਂ ਬਾਅਦ ਪੂਰੇ ਰਾਜ ਦਾ ਸਰਵੇਖਣ ਕਰਵਾ ਕੇ ਕੈਂਸਰ ਦੀ ਸਹੀ ਸਥਿਤੀ ਸਾਹਮਣੇ ਲਿਆਂਦੀ ਜਾਵੇਗੀ ਅਤੇ ਇਸ ਦੇ ਹੱਲ ਲਈ ਪ੍ਰਭਾਵਸ਼ਾਲੀ ਕਦਮ ਪੁੱਟੇ ਜਾਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਹੋਮੀ ਭਾਬਾ ਸੁਸਾਇਟੀ ਮੁੰਬਈ ਵੱਲੋਂ ਪੰਜਾਬ ਵਿੱਚ ਮੁੱਲਾਂਪੁਰ (ਚੰਡੀਗੜ੍ਹ ਨੇੜੇ) ਅਤੇ ਸੰਗਰੂਰ ਵਿੱਚ ਟਾਟਾ ਮੈਮੋਰੀਅਲ ਕੈਂਸਰ ਹਸਪਤਾਲ ਚੱਲ ਰਹੇ ਹਨ ਅਤੇ ਇਨ੍ਹਾਂ ਨੂੰ ਸ਼ੁਰੂ ਕਰਵਾਉਣ ਦਾ ਸਿਹਰਾ ਵੱਖ-ਵੱਖ ਸਿਆਸੀ ਧਿਰਾਂ ਆਪਣੇ ਸਿਰ ਬੰਨ੍ਹ ਰਹੀਆਂ ਹਨ।

# ਪੰਜਾਬ : ਆਪਣੇ ਪੁਰਖ਼ਿਆਂ ਦੀ ਸਿਆਸੀ ਵਿਰਾਸਤ ਨੂੰ ਸੰਭਾਲਣ ਲੱਗੀ ਨਵੀਂ ਪੀੜੀ

## ਸਿਆਸਤ ਦਾ ਬਦਲਿਆ ਰੰਗ, 21 ਦਲ ਬਦਲੂ ਉਮੀਦਵਾਰ ਲੜ ਰਹੇ ਹਨ ਚੋਣਾਂ

ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਦੀਆਂ ਚੋਣ ਸਰਗਰਮੀਆਂ ਦਾ ਸਰਵੇਖਣ ਕਰਨ 'ਤੇ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਵਾਰ ਦੀਆਂ ਆਮ ਚੋਣਾਂ ਦੌਰਾਨ ਪੰਜਾਬ ਦੇ ਚੋਣ ਮੈਦਾਨ 'ਚ ਵੱਡੇ ਸਿਆਸੀ ਮਹਾਂਰਥੀ ਦਿਖਾਈ ਨਹੀਂ ਦੇ ਰਹੇ, ਦੂਜੇ ਪਾਸੇ ਸਿਆਸੀ ਆਗੂਆਂ ਦੀ ਨਵੀਂ ਪੀੜੀ ਦਾ ਵੱਖਰਾ ਹੀ ਅੰਦਾਜ ਇਹਨਾਂ ਚੋਣਾਂ ਦੌਰਾਨ ਵੇਖਣ ਨੂੰ ਮਿਲ ਰਿਹਾ ਹੈ।







ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਘਾਟ ਅਕਾਲੀ ਦਲ ਨੂੰ ਬਹੁਤ ਮਹਿਸੂਸ ਹੋ ਰਹੀ ਹੈ, ਦੂਜੇ ਪਾਸੇ ਸਿਆਸਤ ਦੇ ਦਹਾਕਿਆਂ ਤੋਂ ਵੱਡੇ ਖਿਡਾਰੀ ਕੈਪਟਨ ਅਮਰਿੰਦਰ ਸਿੰਘ ਵੀ ਚੋਣ ਮੈਦਾਨ ਤੋਂ ਦੂਰ ਹਨ। ਸੂਤਰਾਂ ਅਨੁਸਾਰ ਕੈਪਟਨ ਬਿਮਾਰੀ ਕਾਰਨ ਚੋਣ ਪ੍ਰਚਾਰ ਵਿੱਚ ਹਿੱਸਾ ਨਹੀਂ ਲੈ ਰਹੇ। ਇਹਨਾਂ ਦੋਵੇਂ ਵੱਡੇ ਮਹਾਂਰਥੀਆਂ ਦੇ ਚੋਣ ਮੈਦਾਨ ਵਿੱਚ ਨਾ ਹੋਣ ਕਾਰਨ ਪੰਜਾਬ ਵਿੱਚ ਇਸ ਵਾਰ ਚੋਣਾਂ ਵਾਲਾ ਪੁਰਾਣਾ ਰੰਗ ਨਹੀਂ ਜੰਮ ਸਕਿਆ। ਇਹਨਾਂ ਮਹਾਂਰਥੀਆਂ ਦੀ ਥਾਂ ਨਵੇਂ ਨੇਤਾਵਾਂ ਨੇ ਸਿਆਸੀ ਮੋਰਚਾ ਸੰਭਾਲਿਆ ਹੋਇਆ ਹੈ, ਪਰ ਇਹਨਾਂ ਵਿਚੋਂ ਕੋਈ ਵੀ ਚੋਣ ਨਹੀਂ ਲੜ ਰਿਹਾ ਹੈ। ਵੱਡੇ ਬਾਦਲ ਸਾਹਿਬ ਦੇ ਨਾ ਹੋਣ ਕਾਰਨ ਉਹਨਾਂ ਦੇ ਪਰਿਵਾਰ ਦੀ ਅਗਲੀ ਪੀੜ੍ਹੀ ਮੈਦਾਨ ਵਿੱਚ ਉਤਰ ਆਈ ਹੈ। ਉਹਨਾਂ ਦੇ ਤਿੰਨ ਪੋਤੇ ਪੋਤੀਆਂ ਹਰਕੀਰਤ ਕੌਰ ਬਾਦਲ, ਗੁਰਲੀਨ ਕੌਰ ਬਾਦਲ ਅਤੇ








ਅਨੰਤਵੀਰ ਸਿੰਘ ਬਾਦਲ ਆਪਣੀ ਮਾਂ ਹਰਸਿਮਰਤ ਕੌਰ ਬਾਦਲ ਦੇ ਲਈ ਸਰਗਰਮ ਰੂਪ ਵਿੱਚ ਪ੍ਰਚਾਰ ਕਰ ਰਹੇ ਹਨ, ਜੋ ਬਠਿੰਡਾ ਸੀਟ ਤੋਂ ਚੋਣ ਲੜ ਰਹੀ ਹੈ। ਇਹ ਤਿੰਨੇ ਭੈਣ ਭਰਾ ਭਾਂਵੇਂ ਚੋਣ ਪ੍ਰਚਾਰ ਕਰਦਿਆਂ ਭਾਸ਼ਣ ਨਹੀਂ ਦੇ ਰਹੇ ਪਰ ਘਰ ਘਰ ਜਾ ਕੇ ਆਪਣੀ ਮਾਂ ਦਾ ਚੋਣ ਪ੍ਰਚਾਰ ਜ਼ਰੂਰ ਕਰ ਰਹੇ ਹਨ। ਇਸ ਦੌਰਾਨ ਉਹ ਲੋਕਾਂ ਨੂੰ ਅਕਾਲੀ ਦਲ ਨੂੰ ਵੋਟਾਂ ਪਾਉਣ ਲਈ ਪ੍ਰੇਰ ਵੀ ਰਹੇ ਹਨ ਅਤੇ ਨੌਜਵਾਨਾਂ ਨਾਲ ਵੀ ਗੱਲਬਾਤ ਕਰ ਰਹੇ ਹਨ। ਇਸ ਤਰਾਂ ਬਾਦਲ ਪਰਿਵਾਰ ਦੀ ਨਵੀਂ ਪੀੜੀ ਆਪਣੇ ਬਜ਼ੁਰਗਾਂ ਦੀ ਸਿਆਸੀ ਵਿਰਾਸਤ ਨੂੰ ਸੰਭਾਲਣ ਲਈ ਚੋਣ ਮੈਦਾਨ ਵਿੱਚ ਆ ਗਈ ਹੈ। ਵੱਡੇ ਬਾਦਲ ਸਾਹਿਬ ਬਾਰੇ ਕਿਹਾ ਜਾਂਦਾ ਸੀ ਕਿ ਚੋਣਾਂ ਦਾ ਐਲਾਨ ਹੁੰਦਿਆਂ ਹੀ ਉਹਨਾਂ ਨੂੰ ਮੇਲੇ ਵਰਗਾ ਚਾਅ ਚੜ ਜਾਂਦਾ ਸੀ ਅਤੇ ਆਪਣੇ ਸਿਆਸੀ ਤਜ਼ਰਬੇ ਕਾਰਨ ਉਹ ਚੋਣ ਮਾਹੌਲ ਨੂੰ ਹੀ ਬਦਲ ਦਿੰਦੇ ਸਨ।

ਲੁਧਿਆਣਾ ਤੋਂ ਸਾਬਕਾ ਸਾਂਸਦ ਰਵਨੀਤ ਸਿੰਘ ਬਿੱਟੂ ਵੀ ਆਪਣੇ ਦਾਦੇ ਦੀ ਸਿਆਸੀ ਵਿਰਾਸਤ ਨੂੰ ਸੰਭਾਲਣ ਦਾ ਯਤਨ ਕਰ ਰਹੇ ਹਨ। ਉਹ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਹਨ। ਉਹਨਾਂ ਦਾ ਪਰਿਵਾਰ ਵੀ ਚੋਣ ਪ੍ਰਚਾਰ ਵਿੱਚ ਲੱਗਿਆ ਹੋਇਆ ਹੈ। ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਜਾ ਕੇ ਉਹਨਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਬਿੱਟੂ ਨੇ ਚੋਣ ਪ੍ਰਚਾਰ ਕਰਦਿਆਂ ਆਪਣੇ ਦਾਦੇ ਨੂੰ ਯਾਦ ਕੀਤਾ ਅਤੇ ਨਾਮਜ਼ਦਗੀ ਪੱਤਰ ਭਰਨ ਜਾਂਦੇ ਸਮੇਂ ਆਪਣੇ ਦਾਦੇ ਵੀ ਅੰਬੇਸਡਰ ਕਾਰ ਚਲਾਈ। ਉਹ ਭਾਜਪਾ ਦੇ ਪੋਸਟਰਾਂ ਵਿੱਚ ਵੀ ਆਪਣੇ ਦਾਦੇ ਦੀ ਤਸਵੀਰ ਦਾ ਇਸਤੇਮਾਲ ਕਰ ਰਹੇ ਹਨ।

ਇਹਨਾਂ ਚੋਣਾਂ ਦੌਰਾਨ ਪੰਜਾਬ ਦੀ ਸਿਆਸਤ ਦਾ ਇੱਕ ਹੋਰ ਰੰਗ ਵੀ ਵੇਖਣ ਨੂੰ ਮਿਲ ਰਿਹਾ ਹੈ। ਭਾਂਵੇਂ ਕਿ ਵੱਖ- ਵੱਖ ਸਿਆਸੀ ਦਲਾਂ ਵੱਲੋਂ ਆਪਣੀ ਪਾਰਟੀ ਵਿਚੋਂ ਭਗੌੜੇ ਹੋਏ ਆਗੂਆਂ ਦੀ ਨਿਖੇਧੀ ਕੀਤੀ ਜਾ ਰਹੀ ਹੈ,

(ਬਾਕੀ ਸ.ਫ਼ਾ 31 'ਤੇ)

ਆਸਥਾ ਅੱਗੇ ਠੰਡੀ ਪਈ ਗਰਮੀ ਦੀ ਮਾਰ

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਚ ਚਾਰ ਗੁਣਾ ਵਧੀ ਸੰਗਤ ਦੀ ਆਮਦ

ਅੰਮ੍ਰਿਤਸਰ/ਏ.ਟੀ.ਨਿਊਜ਼ : ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਦੀ ਗਿਣਤੀ ਪਿਛਲੇ ਦਿਨਾਂ ਨਾਲੋਂ ਬਹੁਤ ਜ਼ਿਆਦਾ ਹੋ ਗਈ ਹੈ। ਜਿਸ ਕਰਕੇ ਸ਼ਰਧਾਲੂਆਂ ਦੇ ਰਹਿਣ ਲਈ ਗੁਰੂ ਘਰ ਵਿਖੇ ਬਣੀਆਂ ਸਰਾਵਾਂ ਦੇ ਕਮਰੇ ਵੀ ਘੱਟ ਪੈ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਾਵਾਂ ਦੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਗਰਮੀਆਂ ਦੀਆਂ ਛੁੱਟੀਆਂ ਹੋਣ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸੰਗਤ ਦੀ ਆਮਦ ਦਿਨੋ-ਦਿਨ ਵੱਧਦੀ ਜਾ ਰਹੀ ਹੈ ਅਤੇ ਲਗਭਗ ਰੋਜ਼ਾਨਾ ਗੁਰੂ ਘਰ ਵਿਖੇ 4 ਲੱਖ ਦੇ ਕਰੀਬ ਸ਼ਰਧਾਲੂ ਦਰਸ਼ਨ ਕਰਨ ਪਹੁੰਚ ਰਹੇ ਹਨ। ਜਿਸ ਨੂੰ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਬਣੀਆਂ ਸਰਾਵਾਂ ਵਿੱਚ ਸੰਗਤਾਂ ਦੇ ਰਹਿਣ ਦਾ ਇੰਤਜ਼ਾਮ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਗਰਮੀ ਦਾ ਮੌਸਮ ਹੋਣ ਕਰਕੇ ਦੂਰ ਦੁਰਾਡਿਓਂ ਅਤੇ ਹੋਰ ਸੂਬਿਆਂ ਤੋਂ ਆਉਣ ਵਾਲੀ ਸੰਗਤ ਇਸ ਸਮੇਂ ਏ. ਸੀ. ਕਮਰੇ ਹੀ ਲੈਣ ਦੇ ਚਾਹਵਾਨ ਹੁੰਦੇ ਹਨ। ਸਰਾਵਾਂ ਦੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸੰਗਤ ਦੀ ਆਮਦ ਜ਼ਿਆਦਾ ਹੋਣ ਕਰਕੇ ਏ. ਸੀ. ਕਮਰੇ ਨਹੀਂ ਮਿਲ ਸਕਦੇ ਪਰ ਇਸ ਲਈ ਸ਼ਰਧਾਲੂਆਂ ਦੀ ਆਮਦ ਨੂੰ ਵੇਖਦੇ ਹੋਏ ਵੱਡੇ ਹਾਲ ਲੋੜ ਪੈਣ 'ਤੇ ਖੋਲੇ ਜਾਂਦੇ ਹਨ।



**ਐੱਸ. ਜੀ. ਪੀ. ਸੀ. ਦੀਆਂ ਅੱਠ ਸਰਾਵਾਂ ਤੋਂ ਇਲਾਵਾ ਏ. ਸੀ. ਹਾਲ ਵੀ ਖੋਲ੍ਹੇ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਅੱਠ ਸਰਾਵਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਲਗਭਗ 780 ਕਮਰੇ ਹਨ। ਇਨ੍ਹਾਂ ਸਰਾਵਾਂ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨਿਵਾਸ, ਮਾਤਾ ਗੰਗਾ ਜੀ ਨਿਵਾਸ, ਸ੍ਰੀ ਗੁਰੂ ਹਰਗੋਬਿੰਦ ਨਿਵਾਸ, ਗੁਰੂ ਗੋਬਿੰਦ ਸਿੰਘ ਐੱਨ. ਆਰ. ਆਈ ਨਿਵਾਸ ਤੋਂ ਇਲਾਵਾ ਸ੍ਰੀ ਗੁਰੂ ਰਾਮਦਾਸ ਨਿਵਾਸ, ਸਾਰਾਗੜ੍ਹੀ ਨਿਵਾਸ, ਬਾਬਾ ਦੀਪ ਸਿੰਘ ਨਿਵਾਸ ਅਤੇ ਮਾਤਾ ਭਾਗ ਕੌਰ ਜੀ ਯਾਤਰੀ ਨਿਵਾਸ ਹਨ। ਜਿਨ੍ਹਾਂ ਵਿੱਚ ਕਾਫੀ ਵੱਡੀ ਮਾਤਰਾ ਵਿੱਚ ਸੰਗਤਾਂ ਰਹਿ ਸਕਦੀਆਂ ਹਨ। ਮੈਨੇਜਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜੇਕਰ ਸੰਗਤਾਂ ਦੀ ਗਿਣਤੀ ਵੱਧ ਜਾਵੇ ਤਾਂ ਇਸ ਤੋਂ ਇਲਾਵਾ ਸਾਡੇ ਕੋਲ ਵੱਡੇ ਏ. ਸੀ. ਹਾਲ ਵੀ ਹਨ, ਜਿਨ੍ਹਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਰਹਿਣ ਦੀ ਜਗ੍ਹਾ ਹੈ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਮੰਜੀ ਹਾਲ ਵਿਖੇ ਵੀ ਏ. ਸੀ. ਹਾਲ ਹਨ, ਜਿਨ੍ਹਾਂ ਨੂੰ ਸ਼ਰਧਾਲੂਆਂ ਵਾਸਤੇ ਖੋਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿਹੜੀ ਸੰਗਤ ਗੁਰੂ ਘਰ ਦੇ ਦਰਸ਼ਨ ਕਰਨ ਲਈ ਚੱਲ ਕੇ ਆਈ ਹੈ। ਉਨ੍ਹਾਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਦੀਆਂ ਸਰਾਵਾਂ ਤੋਂ ਇਲਾਵਾ ਵੀ ਤਿੰਨ ਸਰਾਵਾਂ ਹੋਰ ਅਟੈਚ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਗੁਰੂ ਅੰਗਦ ਦੇਵ ਨਿਵਾਸ, ਸੰਤ ਮਿੱਠਾ ਟਿਵਾਣਾ ਨਿਵਾਸ ਅਤੇ ਹੋਰ ਲੋੜ ਪੈਣ 'ਤੇ ਅਕਾਲੀ ਫੂਲਾ ਸਿੰਘ ਬੁਰਜ ਦੇ ਕਮਰੇ ਵੀ ਹਨ, ਜਿਨ੍ਹਾਂ ਨੂੰ ਆਉਣ ਵਾਲੀਆਂ ਸੰਗਤਾਂ ਵਾਸਤੇ ਖੋਲਿਆ ਜਾਂਦਾ ਹੈ।

**ਸੰਗਤਾਂ ਲਈ ਬਣ ਰਹੀਆਂ ਤਿੰਨ ਹੋਰ ਸਰਾਵਾਂ**

ਇੱਥੇ ਇਹ ਵੀ ਦੱਸਣ ਯੋਗ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਵੱਧਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਤਿੰਨ ਹੋਰ ਸਰਾਵਾਂ ਭਗਤ ਨਾਮਦੇਵ ਜੀ ਯਾਤਰੀ ਨਿਵਾਸ, ਭਾਈ ਜੈਤਾ ਜੀ ਯਾਤਰੀ ਨਿਵਾਸ ਅਤੇ ਬਾਬਾ ਬਸੰਤ ਸਿੰਘ ਯਾਤਰੀ ਨਿਵਾਸ ਆਉਣ ਵਾਲੇ ਕੁਝ ਹੀ ਸਮੇਂ ਵਿੱਚ ਤਿਆਰ ਹੋ ਜਾਣਗੀਆਂ। ਜਿਨ੍ਹਾਂ ਤੋਂ ਪਹਿਲਾਂ ਸਾਰਾਗੜ੍ਹੀ ਫੇਸ ਵਨ 168 ਕਮਰਿਆਂ ਵਾਲੀ ਸਰਾਂ ਲਗਭਗ ਅਗਲੇ ਦੋ ਮਹੀਨਿਆਂ ਤੱਕ ਸ਼ਰਧਾਲੂਆਂ ਦੀ ਸਹੂਲਤ ਲਈ ਤਿਆਰ ਹੋ ਜਾਵੇਗੀ।

**ਸੰਗਤਾਂ ਨੂੰ ਸਰਾਵਾਂ ਦੇ ਮੁਲਾਜ਼ਮਾਂ ਨਾਲ ਸਹਿਯੋਗ ਕਰਨ ਦੀ ਕੀਤੀ ਅਪੀਲ**

ਸਰਾਵਾਂ ਦੇ ਇੰਚਾਰਜ ਮੈਨੇਜਰ ਗੁਰਪ੍ਰੀਤ ਸਿੰਘ ਅਤੇ ਸਾਰਾਗੜ੍ਹੀ ਸਰਾਂ ਦੇ ਇੰਚਾਰਜ ਰਣਜੀਤ ਸਿੰਘ ਭੋਮਾ ਨੇ ਕਿਹਾ ਕਿ ਗਰਮੀਆਂ ਦੀਆਂ ਛੁੱਟੀਆਂ ਕਰਕੇ ਭਾਵੇਂ ਸੰਗਤਾਂ ਦੀ ਗਿਣਤੀ ਆਮ ਦਿਨਾਂ ਨਾਲੋਂ ਬਹੁਤ ਜ਼ਿਆਦਾ ਹੋ ਗਈ ਹੈ ਪਰ ਉਸਦੇ ਬਾਵਜੂਦ ਵੀ ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਹਰ ਉਪਰਾਲੇ ਕੀਤੇ ਜਾਂਦੇ ਹਨ। ਉਨ੍ਹਾਂ ਨੇ ਆਉਣ ਵਾਲੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਸਰਾਵਾਂ ਵਿੱਚ ਕਮਰੇ ਲੈਣ ਲਈ ਇੱਥੇ ਤੈਨਾਤ ਸੇਵਾਦਾਰ ਮੁਲਾਜ਼ਮਾਂ ਨਾਲ ਸਹਿਯੋਗ ਕਰਨ ਤਾਂ ਜੋ ਇੱਥੇ ਆਉਣ ਵਾਲੇ ਹਰ ਸ਼ਰਧਾਲੂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੋਰ ਵੀ ਚੰਗੇ ਉਪਰਾਲੇ ਕੀਤੇ ਜਾ ਸਕਣ।

## ਹੇਮਕੁੰਟ ਸਾਹਿਬ ਦੀ ਯਾਤਰਾ ਨੂੰ '4 ਧਾਮ' ਦੀ ਯਾਤਰਾ ਨਾਲ ਜੋੜਨ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ

### ਇਹ ਸਿੱਖ ਮਰਿਆਦਾ ਦੇ ਉਲਟ : ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੀ ਸ਼ੁਰੂਆਤ 25 ਮਈ ਨੂੰ ਹੋ ਚੁੱਕੀ ਹੈ, ਪਰ ਇਸ ਵਾਰ ਉਤਰਾਖੰਡ ਸਰਕਾਰ ਨੇ ਸਿੱਖ ਸ਼ਰਧਾਲੂਆਂ ਨੂੰ ਚਾਰ ਧਾਮ ਯਾਤਰਾ ਅਧੀਨ ਰਜਿਸਟ੍ਰੇਸ਼ਨ ਕਰਵਾਉਣ ਨੂੰ ਕਿਹਾ ਹੈ ਜਿਸ 'ਤੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਇਤਰਾਜ਼ ਜਤਾਇਆ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਤਰਾਖੰਡ ਸਰਕਾਰ ਨੂੰ ਪੱਤਰ ਲਿਖ ਕੇ ਇਹ ਫੈਸਲਾ ਫੌਰਨ ਵਾਪਸ ਲੈਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਹਰ ਸਾਲ ਸ਼ਰਧਾ ਪ੍ਰਗਟ ਕਰਦਿਆਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਜਾਂਦੀ ਹੈ। ਪਰ ਇਸ ਵਾਰ ਸਿੱਖ ਸ਼ਰਧਾਲੂਆਂ ਨੂੰ ਰਿਸ਼ੀਕੇਸ਼ ਗੁਰਦੁਆਰੇ ਵਿੱਚ ਚਾਰ ਧਾਮ ਯਾਤਰਾ ਤਹਿਤ ਕਾਰਡ ਬਣਾ ਕੇ ਅੱਗੇ ਜਾਣ ਦਿੱਤਾ ਜਾਂਦਾ ਹੈ ਜੋ ਕਿ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਚਾਰ ਧਾਮ ਯਾਤਰਾ ਨਾਲ ਸਿੱਖ ਧਾਰਮਿਕ ਥਾਵਾਂ ਦਾ ਕੋਈ ਸਬੰਧ ਨਹੀਂ ਹੈ ਇਸ ਲਈ ਸ੍ਰੀ ਹੇਮਕੁੰਟ ਸਾਹਿਬ ਵਾਸਤੇ ਇਹ ਪ੍ਰਕਿਰਿਆ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਅਸਥਾਨਾਂ ਦੀ ਆਪਣੀ ਮਰਿਯਾਦਾ ਹੈ ਅਤੇ ਇਸ ਨੂੰ ਕਿਸੇ ਹੋਰ ਧਰਮ ਦੇ ਅਸਥਾਨਾ ਦੀ ਯਾਤਰਾ ਨਾਲ ਰਲਗਡ ਕਰਨਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕਦਮ ਹੈ। ਉਨ੍ਹਾਂ ਪੱਤਰ ਰਾਹੀਂ ਉਤਰਾਖੰਡ ਸਰਕਾਰ ਤੋਂ ਮੰਗ ਕੀਤੀ ਕਿ ਇਸ ਨੂੰ ਤੁਰੰਤ ਰੋਕਿਆ ਜਾਵੇ ਅਤੇ ਜੇਕਰ ਬਹੁਤ ਜ਼ਰੂਰੀ ਹੋਵੇ ਤਾਂ ਚਾਰ ਧਾਮ ਯਾਤਰਾ ਦੇ ਦਾਇਰੇ ਤੋਂ ਵੱਖ ਸ੍ਰੀ ਹੇਮਕੁੰਟ ਸਾਹਿਬ ਲਈ ਵੱਖਰਾ ਰਜਿਸਟ੍ਰੇਸ਼ਨ ਪ੍ਰਬੰਧ ਕੀਤਾ ਜਾਵੇ।

## ਚੰਡੀਗੜ੍ਹ ਦੇ ਮੁੱਦੇ 'ਤੇ ਸਭ ਸਿਆਸੀ ਪਾਰਟੀਆਂ ਨੇ ਸੇਕੀਆਂ ਸਿਆਸੀ ਰੋਟੀਆਂ

### ਹਰ ਚੋਣ ਵੇਲੇ ਹੀ ਉਠਾਇਆ ਜਾਂਦਾ ਹੈ ਚੰਡੀਗੜ੍ਹ ਦਾ ਮਾਮਲਾ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਮੁੱਦਾ ਹਰ ਵਾਰ ਦੀਆਂ ਚੋਣਾਂ ਦੌਰਾਨ ਹੀ ਸਿਆਸੀ ਪਾਰਟੀਆਂ ਵੱਲੋਂ ਉਠਾ ਦਿੱਤਾ ਜਾਂਦਾ ਹੈ ਅਤੇ ਚੋਣਾਂ ਤੋਂ ਬਾਅਦ ਇਹ ਮੁੱਦਾ ਫਿਰ ਠੰਡੇ ਬਸਤੇ ਵਿੱਚ ਪਾ ਦਿੱਤਾ ਜਾਂਦਾ ਹੈ। ਪਿਛਲਾ ਸਿਆਸੀ ਇਤਿਹਾਸ ਗਵਾਹ ਹੈ ਕਿ ਚੰਡੀਗੜ੍ਹ ਦੇ ਮੁੱਦੇ 'ਤੇ ਕਰੀਬ ਸਾਰੀਆਂ ਹੀ ਸਿਆਸੀ ਪਾਰਟੀਆਂ ਨੇ ਸਿਆਸੀ ਰੋਟੀਆਂ ਹੀ ਸੇਕੀਆਂ ਹਨ ਪਰ ਚੰਡੀਗੜ੍ਹ ਪੰਜਾਬ ਨੂੰ ਦੇਣ ਸਬੰਧੀ ਕਿਸੇ ਵੀ ਸਿਆਸੀ ਪਾਰਟੀ ਨੇ ਸੁਹਿਰਦਤਾ ਨਾਲ ਕਦੇ ਵੀ ਯਤਨ ਨਹੀਂ ਕੀਤੇ, ਜਿਸ ਕਾਰਨ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਮੁੱਦਾ ਅਜੇ ਵੀ ਹਵਾ ਹਵਾਈ ਹੀ ਹੈ।



ਇਸ ਵਾਰ ਚੰਡੀਗੜ੍ਹ ਦਾ ਮੁੱਦਾ ਚੰਡੀਗੜ੍ਹ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਮਨੀਸ਼ ਤਿਵਾੜੀ ਨੇ ਉਠਾਇਆ ਹੈ। ਤਿਵਾੜੀ ਨੇ ਕਿਹਾ ਹੈ ਕਿ ਚੰਡੀਗੜ੍ਹ ਨੂੰ ਵੱਖਰਾ ਰਾਜ ਬਣਾਇਆ ਜਾਵੇਗਾ। ਤਿਵਾੜੀ ਦੇ ਇਸ ਬਿਆਨ ਤੋਂ ਬਾਅਦ ਪੰਜਾਬ ਦੇ ਕਈ ਸਿਆਸੀ ਆਗੂਆਂ ਨੇ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਜਤਾਉਂਦਿਆਂ ਤਿਵਾੜੀ ਦੇ ਬਿਆਨ ਦੀ ਨਿਖੇਧੀ ਕੀਤੀ ਹੈ। ਇਸ ਤਰ੍ਹਾਂ ਇਹਨਾਂ ਚੋਣਾਂ ਵਿੱਚ ਵੀ ਚੰਡੀਗੜ੍ਹ ਇੱਕ ਵਾਰ ਫੇਰ ਮੁੱਦਾ ਬਣ ਗਿਆ ਹੈ। ਕਿਹਾ ਜਾਂਦਾ ਹੈ ਕਿ ਚੰਡੀਗੜ੍ਹ ਨੂੰ ਵਸਾਉਣ ਲਈ ਪੰਜਾਬ ਦੇ ਕਈ ਪਿੰਡਾਂ ਨੂੰ ਉਜਾੜਿਆ ਗਿਆ ਸੀ, ਜਿਸ ਕਰਕੇ ਪੰਜਾਬ ਚੰਡੀਗੜ੍ਹ ਉਪਰ ਅਕਸਰ ਦਾਅਵਾ ਕਰਦਾ ਹੈ। ਦੂਜੇ ਪਾਸੇ ਚੰਡੀਗੜ੍ਹ ਪੰਜਾਬ ਦੇ ਨਾਲ ਨਾਲ ਹਰਿਆਣਾ ਦੀ ਵੀ ਰਾਜਧਾਨੀ ਹੈ, ਉਸ ਵੱਲੋਂ ਵੀ ਅਕਸਰ ਚੰਡੀਗੜ੍ਹ 'ਤੇ ਆਪਣਾ ਦਾਅਵਾ ਜਤਾਇਆ ਜਾਂਦਾ ਹੈ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਵੱਲੋਂ ਵੀ ਕਈ ਵਾਰ ਚੰਡੀਗੜ੍ਹ 'ਤੇ ਹਿਮਾਚਲ ਪ੍ਰਦੇਸ਼ ਦਾ ਵੀ ਦਾਅਵਾ ਜਤਾਇਆ ਗਿਆ ਹੈ। ਜਿਸ ਕਾਰਨ ਅਜੇ ਤੱਕ ਚੰਡੀਗੜ੍ਹ ਦਾ ਮਾਮਲਾ ਦਿਨੋਂ ਦਿਨ ਉਲਝਦਾ ਆ ਰਿਹਾ ਹੈ ਅਤੇ ਚੰਡੀਗੜ੍ਹ ਨਾ ਤਾਂ ਪੰਜਾਬ ਨੂੰ ਮਿਲਿਆ ਹੈ ਅਤੇ ਨਾ ਹੀ ਹਰਿਆਣਾ ਨੇ ਨਵੀਂ ਰਾਜਧਾਨੀ ਬਣਾਈ ਹੈ। ਪੰਜਾਬ ਵਿੱਚ ਅਕਾਲੀ ਦਲ ਅਤੇ ਹੋਰ ਸਿਆਸੀ ਪਾਰਟੀਆਂ ਵੱਲੋਂ ਅਨੇਕਾਂ ਚੋਣਾਂ ਵਿੱਚ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਮੁੱਦਾ ਬਣਾਇਆ ਗਿਆ ਹੈ, ਪਰ ਜਦੋਂ ਅਕਾਲੀ ਦਲ ਪੰਜਾਬ ਵਿੱਚ ਕਈ ਸਾਲ ਸੱਤਾ ਵਿੱਚ ਸੀ ਹੈ ਤਾਂ ਅਕਾਲੀ ਦਲ ਵੱਲੋਂ ਚੰਡੀਗੜ੍ਹ ਪੰਜਾਬ ਨੂੰ ਦਿਵਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ। ਇਹੋ ਹਾਲ ਹੋਰਨਾਂ ਸਿਆਸੀ ਪਾਰਟੀਆਂ ਦਾ ਹੈ।

(ਬਾਕੀ ਸਫ਼ਾ 31 'ਤੇ)

# ਏਅਰਪੋਰਟ ਅਥਾਰਟੀ ਆਫ਼ ਇੰਡੀਆ ਅਤੇ ਹਵਾਬਾਜ਼ੀ ਮੰਤਰੀ ਨੂੰ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਦੇ ਵਿਸਥਾਰ ਅਤੇ ਸਹੂਲਤਾਂ ਨੂੰ ਬਿਹਤਰ ਕਰਨ ਦੀ ਅਪੀਲ

ਅੰਮ੍ਰਿਤਸਰ/ਏ.ਟੀ.ਨਿਊਜ਼ : ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਤੋਂ ਵਧੇਰੇ ਹਵਾਈ ਸੰਪਰਕ ਅਤੇ ਸੁਵਿਧਾਵਾਂ ਲਈ ਯਤਨਸ਼ੀਲ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਅੰਮ੍ਰਿਤਸਰ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਨੇ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਸ੍ਰੀ ਜਿਓਤਿਰਾਦਿੱਤਿਆ ਸਿੰਧੀਆ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਚੇਅਰਮੈਨ ਸੰਜੀਵ ਕੁਮਾਰ ਨੂੰ ਪੱਤਰ ਲਿਖ ਕੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਯਾਤਰੀਆਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਨੂੰ ਉਜਾਗਰ ਕੀਤਾ ਹੈ। ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ (ਅਮਰੀਕਾ ਵਾਸੀ) ਅਤੇ ਭਾਰਤ ਦੇ ਕਨਵੀਨਰ ਤੇ ਮੰਚ ਦੇ ਸਕੱਤਰ ਯੋਗੇਸ਼ ਕਾਮਰਾ ਨੇ ਹਵਾਈ ਅੱਡੇ 'ਤੇ ਯਾਤਰੀਆਂ ਨੂੰ ਆ ਰਹੀਆਂ ਇਹਨਾਂ ਮੁਸ਼ਕਿਲਾਂ 'ਤੇ ਤੁਰੰਤ ਕਾਰਵਾਈ ਕਰਕੇ ਜਲਦ ਹੱਲ ਕਰਨ ਅਤੇ ਹਵਾਈ ਅੱਡੇ 'ਤੇ ਵਧੇਰੇ ਸਹੂਲਤਾਂ ਦੇਣ ਦੀ ਅਪੀਲ ਕੀਤੀ ਹੈ।



ਇਹਨਾਂ ਆਗੂਆਂ ਨੇ ਲਿਖਿਆ ਹੈ ਕਿ ਹਵਾਈ ਅੱਡੇ 'ਤੇ ਯਾਤਰੀਆਂ ਦੀ ਰੋਜ਼ਾਨਾ ਆਵਾਜਾਈ 10,000 ਅਤੇ ਸਲਾਨਾ 30 ਲੱਖ ਤੋਂ ਵੱਧ ਹੋਣ ਦੇ ਨਾਲ, ਮੌਜੂਦਾ ਟਰਮੀਨਲ ਦੀ ਸੰਭਾਲ ਅਤੇ ਵਿਸਥਾਰ ਲਈ ਲੋੜੀਂਦੀ ਤੁਰੰਤ ਪ੍ਰਵਾਨਗੀ ਦਿੱਤੀ ਜਾਵੇ। ਯਾਤਰੀਆਂ ਦੀ ਆਵਾਜਾਈ ਵਧਣ ਨਾਲ ਟਰਮੀਨਲ ਦੀ ਐਂਟਰੀ, ਐਕਸ-ਰੇ, ਚੈੱਕ-ਇਨ ਕਾਊਂਟਰਾਂ, ਇਮੀਗਰੇਸ਼ਨ, ਸੁਰੱਖਿਆ ਜਾਂਚ, ਪਿੱਕ-ਅੱਪ ਡ੍ਰੋਪ ਖੇਤਰ 'ਚ ਲੰਮੀਆਂ ਲਾਈਨਾਂ ਅਤੇ ਜ਼ਿਆਦਾ ਭੀੜ ਹੋਣ ਨਾਲ ਯਾਤਰੀਆਂ ਨੂੰ ਖੱਜਲ-ਖੁਆਰੀ ਹੋ ਰਹੀ ਹੈ ਅਤੇ ਉਡਾਣ ਲੈਣ ਵਿੱਚ ਵੀ ਦੇਰੀ ਹੋ ਜਾਂਦੀ ਹੈ। ਵੱਡੀ ਗਿਣਤੀ 'ਚ ਯਾਤਰੀ ਸਮਾਨ ਵਾਲੀਆਂ ਟਰਾਲੀਆਂ ਅਤੇ ਲੋੜੀਂਦੀ ਗਿਣਤੀ 'ਚ ਵ੍ਹੀਲਚੇਅਰਾਂ ਦੇ ਉਪਲੱਬਧ ਨਾ ਹੋਣ ਕਾਰਨ ਵੀ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਕਾਮਰਾ ਨੇ ਕਿਹਾ ਕਿ ਮੰਗ ਪੱਤਰ 'ਚ ਹਵਾਈ ਅੱਡੇ ਦੇ ਰਵਾਨਗੀ ਵਾਲੇ ਟਰਮੀਨਲ ਦੇ ਅੰਦਰ ਜਾਣ ਵਾਲੇ ਗੇਟ 'ਤੇ ਲੱਗੀਆਂ ਲੰਮੀਆਂ ਕਤਾਰਾਂ ਨੂੰ ਦੂਰ ਕਰਨ ਲਈ ਦੂਜਾ ਗੇਟ ਖੋਲਣ ਦੀ ਬੇਨਤੀ ਕੀਤੀ ਗਈ ਹੈ। ਵੱਡੀ ਗਿਣਤੀ ਵਿੱਚ ਯਾਤਰੀ ਫਲਾਈ ਅੰਮ੍ਰਿਤਸਰ ਦੇ ਸੋਸ਼ਲ ਮੀਡੀਆ ਰਾਹੀਂ ਟਰਮੀਨਲ ਦੇ ਆਗਮਨ ਵਾਲੇ ਪਾਸੇ ਦੇ ਬਾਥਰੂਮ ਸਾਫ ਨਾ ਹੋਣ, ਏਅਰਪੋਰਟ ਦੇ ਸਟਾਫ ਦੁਆਰਾ ਆਗਮਨ ਅਤੇ ਰਵਾਨਗੀ ਵਾਲੇ ਪਾਸੇ ਯਾਤਰੀਆਂ ਦਾ ਸਮਾਨ ਟਰਾਲੀਆਂ 'ਤੇ ਰੱਖਣ ਲਈ ਜ਼ਬਰਦਸਤੀ ਮਦਦ ਕਰਕੇ ਵੱਧ ਪੈਸੇ ਮੰਗਣ ਅਤੇ ਜਿੰਨ੍ਹਾਂ ਨੂੰ ਮਦਦ ਦੀ ਲੋੜ ਹੈ, ਉਹਨਾਂ ਕੋਲੋਂ ਵੀ ਬਹੁਤ ਜ਼ਿਆਦਾ ਪੈਸੇ ਮੰਗਣ ਦੀ ਸ਼ਿਕਾਇਤ ਕਰ ਰਹੇ ਹਨ।

ਇਹਨਾਂ ਆਗੂਆਂ ਨੇ ਅਥਾਰਟੀ ਨੂੰ ਪਾਰਕਿੰਗ ਦੇ ਠੇਕੇਦਾਰ ਵੱਲੋਂ ਵੱਧ ਕਿਰਾਇਆ ਵਸੂਲਣ ਸੰਬੰਧੀ ਗਈਆਂ ਸ਼ਕਾਇਤਾਂ ਅਤੇ ਪ੍ਰਬੰਧਕਾਂਵੱਲੋਂ ਕਈ ਵਾਰ ਜੁਰਮਾਨੇ ਕੀਤੇ ਜਾਣ ਦਾ ਹਵਾਲਾ ਦਿੰਦੇ ਹੋਏ ਇਸ ਦੇ ਪੱਕੇ ਹੱਲ ਲਈ ਫਾਸਟ-ਟੈਗ ਪ੍ਰਣਾਲੀ ਨੂੰ ਜਲਦ ਚਾਲ ਕਰਨੂ, ਨਵੀਂ ਬਹੁ-ਮੰਜ਼ਲਾ ਪਾਰਕਿੰਗ, ਪਿੱਕਅੱਪ ਅਤੇ ਡਰਾਪ ਖੇਤਰ ਨੂੰ ਆਧੁਨਿਕ ਤਰੀਕੇ ਨਾਲ ਵਿਕਾਸ ਅਤੇ ਸੁੰਦਰੀਕਰਨ ਕਰਨ ਦੀ ਬੇਨਤੀ ਕੀਤੀ ਹੈ।

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

29 ਮਈ ਤੋਂ 4 ਜੂਨ, 2024

## ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦੀ ਲੋੜ

ਪੰਜਾਬ ਵਿੱਚ 1 ਜੂਨ ਨੂੰ ਲੋਕ ਸਭਾ ਲਈ ਪੈ ਰਹੀਆਂ ਵੋਟਾਂ ਲਈ ਚੋਣ ਪ੍ਰਚਾਰ ਪੂਰੀ ਤਰ੍ਹਾਂ ਭਖਿਆ ਹੋਇਆ ਹੈ ਤੇ ਪੰਜਾਬ ਪੂਰੀ ਤਰਾਂ ਚੋਣ ਰੰਗ ਵਿੱਚ ਰੰਗਿਆ ਗਿਆ ਹੈ। ਇਹਨਾਂ ਚੋਣਾਂ ਦੌਰਾਨ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਹੈ ਕਿ ਚੋਣ ਲੜ ਰਹੇ ਵੱਖ- ਵੱਖ ਉਮੀਦਵਾਰਾਂ ਵੱਲੋਂ ਇੱਕ ਦੂਜੇ ਪ੍ਰਤੀ ਨਿੱਜੀ ਦੂਸ਼ਣਬਾਜ਼ੀ ਵੀ ਕੀਤੀ ਜਾ ਰਹੀ ਹੈ। ਇਹਨਾਂ ਉਮੀਦਵਾਰਾਂ ਦੇ ਸਮਰਥਕ ਵੀ ਆਪਣੇ ਆਗੂਆਂ ਦੀ ਸ਼ਹਿ ਤੇ ਇੱਕ ਦੂਜੇ ਪ੍ਰਤੀ ਈਰਖਾ ਦੀ ਭਾਵਨਾ ਰੱਖਣ ਲੱਗ ਪਏ ਹਨ, ਜਿਸ ਨੂੰ ਸਹੀ ਨਹੀਂ ਕਿਹਾ ਜਾ ਸਕਦਾ।

ਇਹਨਾਂ ਚੋਣਾਂ ਦੌਰਾਨ ਕਿਸਾਨਾਂ ਵੱਲੋਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਪੰਜਾਬ ਦੇ ਦੌਰੇ ’ਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਸਵਾਲ ਕਰਨ ਦਾ ਯਤਨ ਕਿਸਾਨਾਂ ਵੱਲੋਂ ਕੀਤਾ ਗਿਆ। ਇਸੇ ਨੀਤੀ ਤਹਿਤ ਕਿਸਾਨਾਂ ਵੱਲੋਂ ਵੱਖ- ਵੱਖ ਭਾਜਪਾ ਉਮੀਦਵਾਰਾਂ ਨੂੰ ਸਵਾਲ ਕੀਤੇ ਜਾ ਰਹੇ ਹਨ। ਕਿਸਾਨਾਂ ਵੱਲੋਂ ਫਰੀਦਕੋਟ ਤੋਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਵਿਰੋਧ ਕੀਤੇ ਜਾਣ ਅਤੇ ਉਸ ਤੋਂ ਬਾਅਦ ਹੰਸ ਰਾਜ ਹੰਸ ਵੱਲੋਂ ਜਨਤਕ ਤੌਰ ’ਤੇ ਕਿਸਾਨਾਂ ਪ੍ਰਤੀ ਮੰਦੀ ਸ਼ਬਦਾਵਲੀ ਵਰਤਣ ਅਤੇ ਕਿਸਾਨਾਂ ਨੂੰ 1 ਜੂਨ ਨੂੰ ਵੋਟਾਂ ਪੈਣ ਤੋਂ ਬਾਅਦ 2 ਜੂਨ ਨੂੰ ਵੇਖ ਲੈਣ ਦੀ ਕਥਿਤ ਧਮਕੀ ਦੇਣ ਤੋਂ ਬਾਅਦ ਕਿਸਾਨਾਂ ਤੇ ਹੰਸ ਰਾਜ ਹੰਸ ਵਿਚਾਲੇ ਤਨਾਓ ਪੈਦਾ ਹੋਣ ਦੇ ਮਾਮਲੇ ਵੀ ਸਾਹਮਣੇ ਆ ਚੁੱਕੇ ਹਨ। ਇਹਨਾਂ ਸਭ ਘਟਨਾਵਾਂ ਨੂੰ ਵੇਖ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਪੰਜਾਬੀਆਂ ਦੀ ਆਪਣੀ ਭਾਈਚਾਰਕ ਸਾਂਝ ਨੂੰ ਖੋਰਾ ਲੱਗ ਰਿਹਾ ਹੋਵੇ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਕਿਸਾਨ ਪੰਜਾਬ ਵਿੱਚ ਬਹੁਗਿਣਤੀ ਵਿੱਚ ਵਸਦੇ ਹਨ। ਕਿਸਾਨਾਂ ਦੀਆਂ ਵੋਟਾਂ ਚੋਣਾਂ ਦੌਰਾਨ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰ ਦਿੰਦੀਆਂ ਹਨ, ਇਸੇ ਕਰਕੇ ਸਾਰੀਆਂ ਸਿਆਸੀ ਪਾਰਟੀਆਂ ਪੰਜਾਬ ਵਿੱਚ ਹਰ ਤਰ੍ਹਾਂ ਦੀਆਂ ਚੋਣਾਂ ਦੌਰਾਨ ਕਿਸਾਨਾਂ ਦਾ ਸਮਰਥਣ ਜ਼ਰੂਰ ਭਾਲਦੀਆਂ ਹਨ। ਕੁਝ ਕਾਰਨਾਂ ਕਰਕੇ ਕਿਸਾਨ ਭਾਜਪਾ ਤੋਂ ਨਾਰਾਜ਼ ਹਨ, ਜਿਸ ਕਰਕੇ ਹੀ ਕਿਸਾਨਾਂ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਭਾਜਪਾ ਉਮੀਦਵਾਰਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਕਿਸਾਨ ਆਗੂ ਦਾਅਵਾ ਕਰ ਰਹੇ ਹਨ ਕਿ ਕਿਸਾਨਾਂ ਵੱਲੋਂ ਪੂਰੇ ਸ਼ਾਂਤਮਈ ਤਰੀਕੇ ਨਾਲ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ, ਜਦੋਂਕਿ ਹੰਸ ਰਾਜ ਹੰਸ ਸਮੇਤ ਕੁਝ ਭਾਜਪਾ ਉਮੀਦਵਾਰ ਦੋਸ਼ ਲਗਾ ਰਹੇ ਹਨ ਕਿ ਕਿਸਾਨ ਉਹਨਾਂ ਨਾਲ ਧੱਕੇਸ਼ਾਹੀ ਕਰ ਰਹੇ ਹਨ। ਇਸ ਤਰਾਂ ਪੰਜਾਬ ਵਿੱਚ ਕਈ ਵਾਰ ਤਨਾਓ ਦੀ ਸਥਿਤੀ ਬਣ ਚੁੱਕੀ ਹੈ।

ਪੰਜਾਬ ਸਰਹੱਦੀ ਸੂਬਾ ਹੋਣ ਕਾਰਨ ਪਹਿਲਾਂ ਹੀ ਭਾਰਤ ਵਿਰੋਧੀ ਮੁਲਕਾਂ ਦੀ ਨਜ਼ਰ ਹੇਠ ਰਹਿੰਦਾ ਹੈ। ਇਸ ਤੋਂ ਇਲਾਵਾ ਪੰਜਾਬ ਦੋਖੀ ਤਾਕਤਾਂ ਹਰ ਸਮੇਂ ਪੰਜਾਬ ਵਿੱਚ ਅਸ਼ਾਂਤੀ ਫੈਲਾਉਣ ਦਾ ਯਤਨ ਕਰਦੀਆਂ ਰਹਿੰਦੀਆਂ ਹਨ। ਇਸੇ ਕਾਰਨ ਪੰਜਾਬ ਦੇ ਵਸਨੀਕ ਹਮੇਸ਼ਾ ਪੰਜਾਬ ਵਿੱਚ ਸ਼ਾਂਤੀ ਕਾਇਮ ਰੱਖਣ ਦੀਆਂ ਅਰਦਾਸਾਂ ਅਤੇ ਅਪੀਲਾਂ ਕਰਦੇ ਰਹਿੰਦੇ ਹਨ। ਪੰਜਾਬ ਵਿੱਚ ਪੈ ਰਹੀ ਭਿਅੰਕਰ ਗਰਮੀ ਦੌਰਾਨ ਪੰਜਾਬ ਦਾ ਚੋਣ ਮਾਹੌਲ ਵੀ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਹਰ ਉਮੀਦਵਾਰ ਆਪੋ ਆਪਣੀ ਜਿੱਤ ਪੱਕੀ ਕਰਨ ਲਈ ਹਰ ਤਰ੍ਹਾਂ ਦਾ ਢੰਗ ਤਰੀਕਾ ਅਪਨਾਅ ਰਿਹਾ ਹੈ। ਕਈ ਵਾਰ ਉਮੀਦਵਾਰ ਅਤੇ ਉਹਨਾਂ ਦੇ ਸਮਰਥਕ ਅਕਸਰ ਵਿਰੋਧੀ ਉਮੀਦਵਾਰਾਂ ਦੀ ਨਿੰਦਾ ਕਰਦਿਆਂ ਅਕਸਰ ਭੜਕਾਊ ਜਾਂ ਨਿੱਜੀ ਦੋਸ਼ ਵਾਲੀਆਂ ਗੱਲਾਂ ਵੀ ਕਹਿ ਦਿੰਦੇ ਹਨ, ਫਿਰ ਵਿਰੋਧੀ ਉਮੀਦਵਾਰਾਂ ਵੱਲੋਂ ਵੀ ਇਸੇ ਤਰਾਂ ਦੇ ਦੋਸ਼ ਲਗਾਏ ਜਾਂਦੇ ਹਨ, ਜਿਸ ਕਾਰਨ ਅਸ਼ਾਂਤੀ ਵਾਲਾ ਮਾਹੌਲ ਬਣ ਜਾਂਦਾ ਹੈ।

ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਚੋਣਾਂ ਦੌਰਾਨ ਪੂਰਨ ਸ਼ਾਂਤੀ ਬਣਾ ਕੇ ਰੱਖਣ। ਚੋਣਾਂ ਲੜ ਰਹੇ ਸਾਰੇ ਉਮੀਦਵਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਭੜਕਾਊ ਬਿਆਨਬਾਜੀ ਅਤੇ ਨਿੱਜੀ ਦੂਸ਼ਣਬਾਜੀ ਕਰਨ ਦੀ ਥਾਂ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਵਾਲੇ ਬਿਆਨ ਦੇਣ। ਪਿਛਲੇ ਸਮੇਂ ਦੌਰਾਨ ਪੰਜਾਬ ਪਹਿਲਾਂ ਹੀ ਅਸ਼ਾਂਤੀ ਦਾ ਮਾਹੌਲ ਵੇਖ ਚੁੱਕਿਆ ਹੈ, ਜਿਸ ਕਰਕੇ ਪੰਜਾਬ ਵਿੱਚ ਚੋਣਾਂ ਸਮੇਂ ਸ਼ਾਂਤੀ ਭਰਿਆ ਮਾਹੌਲ ਰਹਿਣਾ ਬਹੁਤ ਜ਼ਰੂਰੀ ਹੈ ਤਾਂ ਕਿ ਆਮ ਲੋਕ ਬਿਨਾਂ ਕਿਸੇ ਡਰ ਭੈਅ ਦੇ ਆਪਣੀਆਂ ਵੋਟਾਂ ਪਾ ਸਕਣ। ਇਸ ਸਮੇਂ ਪੰਜਾਬੀਆਂ ਨੂੰ ਆਪਸੀ ਭਾਈਚਾਰਕ ਸਾਂਝ ਮਜਬੂਤ ਕਰਨ ਦੀ ਲੋੜ ਹੈ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਲੋਕ ਠੂਠੇ ’ਚ ਭਿੱਖਿਆ ‘ਅਨਾਜ’ ਨਹੀਂ, ਨੌਕਰੀ ਚਾਹੁੰਦੇ ਨੇ



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਭਾਰਤ ਦੀ ਹਾਕਮ ਧਿਰ ਜਦੋਂ ਕਹਿੰਦੀ ਹੈ ਕਿ ਅਸੀਂ ਦੇਸ਼ ਦੇ 84 ਕਰੋੜ ਲੋਕਾਂ ਨੂੰ ਹਰ ਮਹੀਨੇ 5 ਕਿਲੋ ਅਨਾਜ ਮੁਫ਼ਤ ਦਿੰਦੇ ਹਾਂ ਤਾਂ ਵਿਰੋਧੀ ਧਿਰ ਕਹਿੰਦੀ ਹੈ ਪੰਜ ਕਿਲੋ ਅਨਾਜ ਤਾਂ ਕੁਝ ਵੀ ਨਹੀਂ, ਅਸੀਂ ਹਰ ਮਹੀਨੇ ਦਸ ਕਿਲੋ ਮੁਫ਼ਤ ਅਨਾਜ ਦੇਵਾਂਗੇ। ਬਹੁਤ ਹੀ ਖ਼ਤਰਨਾਕ ਪਹਿਲੂ ਹੈ ਇਹ, ਵੋਟਰ ਹੱਥ ਭੀਖ ਦਾ ਠੂਠਾ ਫੜਾ ਕੇ ਉਸਨੂੰ ਵੋਟਾਂ ਦੇ ਭਰਮ ਜਾਲ ’ਚ ਫਸਾਉਣਾ।

ਦੇਸ਼ ਦੇ ਹਾਕਮ ਕਹਿੰਦੇ ਹਨ ਅਸੀਂ ਕਰੋੜਾਂ ਔਰਤਾਂ ਨੂੰ ਲੱਖਪਤੀ ਦੀਦੀ ਬਣਾ ਦਿਆਂਗੇ। ਉਹ ਇਹ ਵੀ ਕਹਿੰਦੇ ਹਨ ਕਿ ਅਸੀਂ ਔਰਤਾਂ ਨੂੰ ਗੈਸ ਦੇ ਚੁੱਲੇ ਦਿੱਤੇ, ਅਸੀਂ ਪੀਣ ਦਾ ਪਾਣੀ ਉਪਲਬਧ ਕਰਵਾਇਆ, ਅਸੀਂ ਟਾਇਲਟ ਬਣਵਾਏ, ਕਿਸਾਨਾਂ ਨੂੰ ਸਲਾਨਾ 6000 ਰੁਪਏ ਦਿੱਤੇ ਅਤੇ ਜੇਕਰ ਤੀਜੀ ਵਾਰ ਜਿੱਤ ਗਏ ਤਾਂ ਅਸੀਂ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਅਨਾਜ, ਮੁਫ਼ਤ ਪ੍ਰਵਾਸ ਦਿਆਂਗੇ।

ਵਿਰੋਧੀ ਧਿਰ ਵੀ ਚੋਣ ਲਾਰਿਆਂ, ਵਾਅਦਿਆਂ ਤੋਂ ਪਿੱਛੇ ਨਹੀਂ ਹਟ ਰਹੀ। ਕਹਿੰਦੀ ਹੈ, ਖਾਸ ਤੌਰ ’ਤੇ ਕਾਂਗਰਸ ਕਿ ਅਸੀਂ ਚੋਣਾਂ ਜਿੱਤਣ ਦੇ ਬਾਅਦ ਪਹਿਲੇ ਮਹੀਨੇ ਹਰ ਗਰੀਬ ਔਰਤ ਦੇ ਖਾਤੇ 8500 ਰੁਪਏ ਹਰ ਮਹੀਨੇ ਪਾਵਾਂਗੇ। ਅਸੀਂ ਕਰੋੜਾਂ ਲੱਖਪਤੀ ਦੇਸ਼ ’ਚ ਪੈਦਾ ਕਰਾਂਗੇ।

ਜਿਉਂ-ਜਿਉਂ ਲੰਮੀਆਂ ਖਿੱਚੀਆਂ ਲੋਕ ਸਭਾ ਚੋਣਾਂ ਆਪਣੇ ਅੰਤਮ ਪੜਾਅ ਵੱਲ ਵਧ ਰਹੀਆਂ ਹਨ, ਹਾਕਮੀ ਧਿਰ ਤੇ ਵਿਰੋਧੀ ਧਿਰ ਦੀਆਂ ਲੋਕ ਗਰੰਟੀਆਂ, ਚੋਣ ਸੁਪਨੇ ਵੱਡੇ ਤੇ ਦਿਲਕਸ਼ ਹੋ ਰਹੇ ਹਨ ਤਾਂ ਕਿ ਵੋਟਰਾਂ ਨੂੰ ਭਰਮਾਇਆ ਜਾ ਸਕੇ?

ਚੋਣਾਂ ’ਚ ਹਰ ਧਿਰ ਵੱਲੋਂ ਵੋਟਰਾਂ ਨੂੰ ਸੁਪਨੇ ਦਿਖਾਏ ਜਾ ਰਹੇ ਹਨ, ਲਗਭਗ ਹਰ ਧਿਰ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੇ ਵਾਇਦੇ ਕਰ ਰਹੀ ਹੈ। ਦੇਸ਼ ਦੇ ਲੋਕਾਂ ਨੂੰ ਦੇਸ਼ ਦੀ ਬਦਤਰ ਆਰਥਿਕ ਸਥਿਤੀ ਦੇ ਹਾਲਾਤ ਦੱਸਣ ਦੀ ਬਜਾਏ, ਉਹਨਾਂ ਨੂੰ ਚੰਗੀਆਂ ਸਿਹਤ ਸਹੂਲਤਾਂ, ਚੰਗੀਆਂ ਸਿੱਖਿਆ ਸਹੂਲਤਾਂ, ਰੁਜ਼ਗਾਰ ਦੇਣ ਦੀ ਬਜਾਏ ਮੁਫ਼ਤ ਸਹੂਲਤਾਂ ਦੇਣ ਦੇ ਰਾਹ ਪਾ ਰਹੇ ਹਨ। ਉਹਨਾਂ ਦਾ ਅਸਲ ਮਨੋਰਥ ਹਰ ਹੀਲੇ ਵੋਟਾਂ ਹਾਸਿਲ ਕਰਨਾ ਹੈ।

ਚੋਣਾਂ ਦੇ ਮੌਜੂਦਾ ਚੋਣ ਦੰਗਲ ਵਿੱਚ ਜਿਸ ਤਰ੍ਹਾਂ ਦਾ ਚੋਣ ਪ੍ਰਚਾਰ ਰੇਡੀਓ, ਟੀ.ਵੀ., ਸੋਸ਼ਲ ਮੀਡੀਆ ਉੱਤੇ ਹੋ ਰਿਹਾ ਹੈ, ਉਸ ਤੋਂ ਇੰਝ ਜਾਪਣ ਲੱਗ ਪਿਆ ਹੈ ਕਿ ਨੇਤਾਵਾਂ ਨੂੰ ਲੋਕਾਂ ਦੀਆਂ ਵੋਟਾਂ ਦੀ ਹੀ ਪ੍ਰਵਾਹ ਹੈ, ਦੇਸ਼ ਦੀ ਨਹੀਂ। ਇੰਝ ਵੀ ਜਾਪਣ ਲੱਗ ਪਿਆ ਹੈ ਨੇਤਾਵਾਂ ਦੇ ਭਾਸ਼ਣਾਂ ਤੋਂ ਕਿ ਉਹ ਲੋਕਾਂ ਨੂੰ ਜੋ ਮੁਫ਼ਤ ਸਹੂਲਤਾਂ ਦੇਣ ਦੇ ਵਾਇਦੇ ਦੇ ਰਹੇ ਹਨ, ਉਹ ਧਨ ਉਹਨਾਂ ਦੀ ਜੇਬ ਵਿਚੋਂ ਜਾਏਗਾ ਅਤੇ ਇਹ ਧਨ ਜੋ ਉਹ ਲੋਕਾਂ ਨੂੰ ਦੇਣ ਦੀ ਗੱਲ ਕਰਦੇ ਹਨ ਸਰਕਾਰੀ ਖਜ਼ਾਨੇ ਦਾ ਨਹੀਂ, ਉਹਨਾਂ ਦਾ ਆਪਣਾ ਨਿੱਜੀ ਧਨ ਹੈ।

ਦੇਸ਼ ਭਾਰਤ ਵਿਕਸਤ ਦੇਸ਼ ਬਨਣ ਵੱਲ ਅੱਗੇ ਵਧਣਾ ਚਾਹੁੰਦਾ ਹੈ। ਚੋਣਾਂ ’ਚ ਦੇਸ਼ ਨੂੰ ਵਿਕਸਤ ਭਾਰਤ ਬਨਾਉਣ ਦੀ ਗੱਲ ਵੀ ਹੋ ਰਹੀ ਹੈ। ਵਿਕਸਤ ਦੇਸ਼ ਤਾਂ ਉਹ ਬਣਦਾ ਹੈ, ਜਦ ਉਸ ਦੇਸ਼ ਦੇ ਲੋਕ ਪੈਰਾਂ ’ਤੇ ਖੜਦੇ ਹਨ। ਸਵੈ-ਰੁਜ਼ਗਾਰ ਕਰਦੇ ਹਨ, ਰੁਜ਼ਗਾਰਤ ਹੁੰਦੇ ਹਨ, ਧਨ ਕਮਾਉਂਦੇ ਹਨ ਅਤੇ ਦੇਸ਼ ਨੂੰ ਵਿਕਸਿਤ ਬਨਾਉਣ ਲਈ ਆਪਣਾ ਯੋਗਦਾਨ ਪਾਉਂਦੇ ਹਨ। ਦੇਸ਼ ਵਿਕਸਤ ਤਦੋਂ ਹੁੰਦਾ ਹੈ, ਜਦ ਦੇਸ਼ ਦਾ ਸ਼ਾਸ਼ਕ ਜਨਤਾ ਨੂੰ ਰੁਜ਼ਗਾਰ, ਚੰਗੀਆਂ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਦਾ ਹੈ।

ਇਤਿਹਾਸ ਵਿੱਚ ਕਿਸੇ ਵੀ ਇਹੋ ਜਿਹੇ ਦੇਸ਼ ਦਾ ਨਾਂਅ ਦਰਜ ਨਹੀਂ, ਜੋ ਆਪਣੇ ਲੋਕਾਂ ਨੂੰ ਭੀਖ ਮੰਗਣ ਲਾਵੇ, ਮੁਫ਼ਤ ਅਨਾਜ ਉਹਨਾਂ ਦੇ ਠੂਠੇ ਪਾਵੇ ਅਤੇ ਇਸ ਮੰਗਣਪੁਣੇ ਦੀ ਆਦਤ ਉਹਨਾਂ ਦੇ ਦਿਮਾਗ਼ਾਂ ’ਚ ਫਸਾ ਦੇਵੇ ਅਤੇ ਉਹ ਵਿਕਸਤ ਦੇਸ਼ ਬਣਿਆ ਹੋਵੇ।

ਆਪਣੇ ਆਪ ਨੂੰ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਬਨਣ ਦੀਆਂ ਟਾਹਰਾਂ ਮਾਰਨ ਵਾਲਾ ਅਤੇ ਵਿਸ਼ਵ ਵਿਚੋਂ ਪੰਜਵੇਂ ਨੰਬਰ ਦੀ ਅਰਥ ਵਿਵਸਥਾ ਬਣਿਆ ਭਾਰਤ ਆਖ਼ਿਰ ਗਰੀਬ ਕਿਉਂ ਹੈ? ਗਰੀਬੀ ਦੀਆਂ ਬੇੜੀਆਂ ’ਚ ਜਕੜਿਆ ਕਿਉਂ ਹੈ? ਪਿਛਲੇ ਸਮੇਂ ’ਚ ਜਿਸ ਢੰਗ ਨਾਲ ਦੇਸ਼ ’ਚ ਆਰਥਿਕ ਨੀਤੀਆਂ ਬਣਾਈਆਂ ਗਈਆਂ, ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥੀਂ ਸੌਂਪਿਆ ਗਿਆ ਹੈ, ਨਿੱਜੀਕਰਨ ਦਾ ਰਾਹ ਦੇਸ਼ ਦੇ ਹਾਕਮਾਂ ਅਖਤਿਆਰ ਕੀਤਾ ਹੈ, ਉਸ ਨਾਲ ਗਰੀਬ ਅਮੀਰ ਦਾ ਪਾੜਾ ਵਧਿਆ ਹੈ।

ਦੇਸ਼ ਦਾ ਸਧਾਰਨ ਵਰਗ ਨਿਵਾਣਾ ਵੱਲ ਗਿਆ ਹੈ। ਕਰਜ਼ਾਈ ਹੋਇਆ ਹੈ। ਦੇਸ ਵਿੱਚ ਉਸ ਦੀਆਂ ਜੀਊਣ ਹਾਲਾਤਾਂ ਨਿੱਘਰੀਆਂ ਹਨ ਅਤੇ ਚੰਗੇਰੀਆਂ ਹੋਣ ਦੀ ਥਾਂ ਹੋਰ ਵੀ ਖਰਾਬ ਹੋ ਰਹੀਆਂ ਹਨ।

ਕੀ ਦੇਸ਼ ਦੇ ਹਾਕਮ ਪਾਣੀ ਦੇ ਸੰਕਟ, ਪ੍ਰਦੂਸ਼ਣ, ਕੂੜਾ ਕਰਕਟ, ਔੜਾਂ, ਸੋਕੇ, ਹੜਾਂ, ਕਰੋਪੀਆਂ, ਬਿਮਾਰੀਆਂ, ਦੁਸ਼ਵਾਰੀਆਂ ਪ੍ਰਤੀ ਸੁਚੇਤ ਨਹੀਂ ਹਨ? ਕੀ ਨਹੀਂ ਜਾਣਦੇ ਕਿ ਲੋਕ ਸੰਤਾਪ ਭੋਗ ਰਹੇ ਹਨ? ਉਹਨਾਂ ਦੀਆਂ ਫਸਲਾਂ ਹਰ ਸਾਲ ਬਰਬਾਦ ਹੋ ਰਹੀਆਂ ਹਨ। ਉਹ ਬਦਤਰ ਹਾਲਤਾਂ ’ਚ ਜੀਵਨ ਬਸਰ ਕਰਦੇ ਹਨ।

ਦੇਸ਼ ਵਿੱਚ ਚੋਣਾਂ ’ਚ ਪ੍ਰਚੰਡ ਰੂਪ ’ਚ ਪ੍ਰਚਾਰ ਚੱਲ ਰਿਹਾ ਹੈ। ਮਹਿੰਗਾਈ, ਭ੍ਰਿਸ਼ਟਾਚਾਰ, ਸੰਪਰਦਾਇਕ ਵੰਡ, ਅਸਮਾਨਤਾ, ਕਾਨੂੰਨ ਦੀ ਹਥਿਆਰ ਦੀ ਤਰਾਂ ਵਰਤੋਂ, ਜਾਂਚ ਏਜੰਸੀਆਂ ਦੀ ਦੁਰਵਰਤੋਂ, ਔਰਤਾਂ ਵਿਰੁੱਧ ਅਪਰਾਧ, ਭਾਰਤੀ ਖੇਤਰ ’ਤੇ ਚੀਨੀ ਸੈਨਿਕਾਂ ਦਾ ਕਬਜ਼ਾ, ਗੋਦੀ ਮੀਡੀਆ ਆਦਿ ਮੁੱਦੇ ਵਿਰੋਧੀ ਧਿਰ ਵੱਲੋਂ ਉਠਾਏ ਜਾ ਰਹੇ ਹਨ। ਮੋਦੀ ਦੀ ਸਰਕਾਰ ਅਤੇ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਹਨਾਂ ਮੁੱਦਿਆਂ ਨੂੰ ਦਰਕਿਨਾਰ ਕਰਕੇ ਆਪਣੇ ਨਫ਼ੇ ਨੁਕਸਾਨ ਨੂੰ ਧਿਆਨ ਰੱਖਦਿਆਂ, ਉਹ ਮੁੱਦੇ ਉਠਾਏ ਜਾ ਰਹੇ ਹਨ ਜਾਂ ਵਿਰੋਧੀ ਧਿਰ ਕਾਂਗਰਸ ਉੱਤੇ ਉਹ ਇਲਜਾਮ ਲਗਾਏ ਜਾ ਰਹੇ ਹਨ, ਜਿਹੜੇ ਆਮ ਆਦਮੀ ਦੇ ਮਨ ’ਚ ਨਫ਼ਰਤ ਤਾਂ ਭਰ ਸਕਦੇ ਹਨ, ਧਰਮ ਦੇ ਨਾਂਅ ਉੱਤੇ ਧਰੁਵੀਕਰਨ ਤਾਂ ਕਰ ਸਕਦੇ ਹਨ, ਪਰ ਉਹਦੀ ਰੋਟੀ ਦੀ ਭੁੱਖ ਨਹੀਂ ਮਿਟਾ ਸਕਦੇ, ਬੀਮਾਰ ਹੋਣ ’ਤੇ ਉਨਾਂ ਦਾ ਦੁੱਖ ਨਹੀਂ ਹਰ ਸਕਦੇ।

1952 ਵਿੱਚ ਪਹਿਲੀਆਂ ਚੋਣਾਂ ਵੇਲੇ ਜਿਸ ਕਿਸਮ ਦੀ ਜਾਤੀ, ਸੰਪਰਦਾ, ਵੰਸ਼ਵਾਦ ਅਤੇ ਧਨ ਸ਼ਕਤੀ ਦੀ ਵਰਤੋਂ ਸੀ, ਉਹ ਹੁਣ ਸੁਨਾਮੀ ਦਾ ਰੂਪ ਧਾਰਨ ਕਰ ਚੁੱਕੀ ਹੈ। ਹਰ ਕੋਈ ਇਥੇ ਸੁਨਾਮੀ ਦੀ ਲਪੇਟ ਵਿੱਚ ਹੈ ਅਤੇ ਆਪਣਾ ਸਿਆਸੀ ਭਵਿੱਖ ਇਥੋਂ ਹੀ ਲੱਭ ਰਿਹਾ ਹੈ। ਕਿਧਰੇ ਧਰਮ ਦੇ ਨਾਂਅ ’ਤੇ ਸਿਆਸਤ ਹੋ ਰਹੀ ਹੈ, ਕਿਧਰੇ ਜਾਤ ਅਧਾਰਤ ਜਨ-ਗਣਨਾ ਦੀ ਗੱਲ ਹੋ ਰਹੀ ਹੈ। ਲੋਕਾਂ ਦੇ ਸਰੋਕਾਰ ਦਫ਼ਨ ਹੋ ਚੁੱਕੇ ਹਨ।

ਜਦੋਂ ਤੱਕ ਦੇਸ਼ ਦੀ ਰਾਜਨੀਤੀ ਵਿੱਚ ਸਿਆਸੀ-ਸਮਾਜਿਕ ਕੰਮ ਕਰਨ ਵਾਲੇ ਕਾਰਕੁੰਨਾਂ ਦਾ ਪ੍ਰਭਾਵ ਸੀ, ਉਦੋਂ ਤੱਕ ਲੋਕਾਂ ਦੇ ਮਸਲੇ, ਸਰੋਕਾਰ ਚੋਣਾਂ ’ਚ ਮੁੱਖ ਮੁੱਦਾ ਬਣਦੇ ਰਹੇ। ਇਹੀ ਸਿਆਸੀ-ਸਮਾਜੀ ਕਾਰਕੁੰਨ ਸਮਾਜ ਨੂੰ ਪੜਦੇ ਸਨ, ਸਮਾਜ ਨੂੰ ਇੱਕ ਪ੍ਰਯੋਗਸ਼ਾਲਾ ਸਮਝਦੇ ਹੋਏ, ਦਲੀਲਾਂ ਨਾਲ ਲੋਕ ਕਚਹਿਰੀ ’ਚ ਪੁੱਜਦੇ ਸਨ। ਦਲੀਲ-ਰਾਜਨੀਤੀ ਕਰਦਿਆਂ ਪੂਰੀ ਕਠੋਰਤਾ ਨਾਲ ਆਪਣਾ ਪੱਖ ਪੇਸ਼ ਕਰਦੇ ਸਨ। ਇਸ ਕਾਰਨ ਸਰਵਜਨਕ ਲੋਕ ਪੱਖੀ ਨੀਤੀਆਂ ਸਰਕਾਰਾਂ ਨੂੰ ਬਨਾਉਣੀਆਂ ਅਤੇ ਅਪਨਾਉਣੀਆਂ ਪੈਂਦੀਆਂ ਸਨ। ਪਰ ਹੁਣ ਨੇਤਾਵਾਂ ਦੀ ਤਾਕਤ ਦੀ ਹਵਸ਼ ਨੇ ਭਾਰਤੀ ਮੁੱਖ ਧਾਰਾ ਜਿਸ ਵਿੱਚ ਲੋਕਤੰਤਰ ਦਾ ਖਾਦ ਪਾਣੀ ਸਮਾਜਿਕ-ਸਿਆਸੀ ਕਾਰਕੁੰਨ ਸਨ, ਉਹਨਾਂ ਨੂੰ ਤੋੜ ਦਿੱਤਾ। ਸਮਾਜਿਕ-ਸੰਸਕ੍ਰਿਤਿਕ ਸੰਗਠਨਾਂ ਦੀ ਭੂਮਿਕਾ ਨੂੰ ਇਹਨਾਂ ਨੇਤਾਵਾਂ ਨੇ ਰੋਲ ਕੇ ਰੱਖ ਦਿੱਤਾ। ਨੈਤਿਕ ਕਦਰਾਂ ਕੀਮਤਾਂ ਦਾ ਸਤਿਆਨਾਸ਼ ਕਰ ਦਿੱਤਾ ਅਤੇ ਇਹੋ ਜਿਹੀ ਨਿਰਾਸ਼ਾਜਨਕ ਸਥਿਤੀ ਵਿੱਚ ਲੈ ਆਂਦਾ ਜਿਥੇ ਲੋਕ ਸੋਚਣ ਲੱਗ ਪਏ ਹਨ ਕਿ ਅਸੀਂ ਹੁਣ ਕੀ ਕਰੀਏ?

ਦੇਸ਼ ਦੇ ਸਾਹਮਣੇ ਵੀ ਦੋ ਰਸਤੇ ਹਨ, ਉਹਨਾਂ ’ਚੋਂ ਇੱਕ ਰਸਤਾ ਹੈ ਦੇਸ਼ ਦੀ ਅਰਥ-ਵਿਵਸਥਾ ਮਜਬੂਤ ਕਰਨ ਦਾ। ਜਿਸ ਨਾਲ ਰੁਜ਼ਗਾਰ ਪੈਦਾ ਹੋਏਗਾ। ਜਿਸ ਨਾਲ ਦੇਸ਼ ਵਿਕਸਤ ਹੋਏਗਾ। ਜਿਸ ਨਾਲ ਬੁਨਿਆਦੀ ਢਾਂਚਾ, ਸਿਹਤ ਸਹੂਲਤਾਂ ਤੇ ਚੰਗਾ ਵਾਤਾਵਰਨ ਬਣੇਗਾ। ਦੂਜਾ ਰਸਤਾ ਹੈ ਸਾਡੇ ਸਾਸ਼ਕਾਂ ਵੱਲੋਂ ਜਿਸ ਨੂੰ ਮੌਜੂਦਾ ਦੌਰ ’ਚ ਅਪਨਾਇਆ ਜਾ ਰਿਹਾ ਹੈ, ਉਹ ਇਹ ਕਿ ਜਨਤਾ ’ਚ ਇਹ ਆਦਤ ਪਾ ਦਿਓ ਕਿ ਉਹਨਾਂ ਲਈ ਸਰਕਾਰ ਨੇ ਹੀ ਸਭ ਕੁਝ ਕਰਨਾ ਹੈ। ਸਭੋ ਕੁਝ ਮੁਫ਼ਤ ਉਹਦੀ ਝੋਲੀ ਪਾਉਣਾ ਹੈ। ਇਹੋ ਹੀ ਇਸ ਸਮੇਂ ਦਾ ਦੁਖਾਂਤ ਹੈ।

ਅੱਜ ਦੇਸ਼ ਵਿੱਚ ਸਥਿਤੀ ਕੁਝ ਇਸ ਤਰਾਂ ਦੀ ਨਜ਼ਰ ਆ ਰਹੀ ਹੈ ਕਿ ਦੇਸ਼ ਮੌਜੂਦਾ ਨੀਤੀਆਂ ਦੇ ਚਲਦਿਆਂ ਵਿਕਸਤ ਹੋ ਜਾਏਗਾ, ਲੇਕਿਨ ਦੇਸ਼ ’ਚ ਰਹਿਣ ਵਾਲੇ ਵੱਡੀ ਗਿਣਤੀ ਲੋਕ ਗਰੀਬ ਅਤੇ ਮੁੱਢਲੀਆਂ ਲੋੜਾਂ ਤੋਂ ਵੰਚਿਤ ਹੋ ਜਾਣਗੇ। ਜਨਤਾ ਲੋੜਾਂ ਤੋਂ ਤਰਸਦੀ ਰਹੇਗੀ। ਇਹ ਵਿਕਾਸ ਚੁਣਵੇਂ ਧੰਨ ਕੁਬੇਰਾਂ ਤੱਕ ਸਿਮਟ ਜਾਏਗਾ।

ਦੇਸ਼ ’ਚ ਮਹਿੰਗਾਈ ਵੱਧ ਰਹੀ ਹੈ। ਬੇਰੁਜ਼ਗਾਰੀ ਦੀ ਦਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸਮੇਂ ਮੁਦਰਾ ਮਹਿੰਗਾਈ 7.74 ਫੀਸਦੀ ਹੈ। ਬੇਰੁਜ਼ਗਾਰੀ ਦਰ 2022-23 ਦੇ ਮਾਰਚ ਤਿਮਾਹੀ ਦੇ ਅੰਕੜਿਆਂ ਅਨੁਸਾਰ 6.8 ਫੀਸਦੀ ਸੀ। ਦੇਸ਼ ਵਿੱਚ ਇੱਕ ਅਜੀਬ ਤਰਾਂ ਦਾ ਅਸੰਤੁਲਨ ਹੈ। ਦੇਸ਼ ਦੀ ਅਰਥ ਵਿਵਸਥਾ ਦਾ ਰੁਖ ਉੱਪਰ ਵੱਲ ਹੈ ਜਦਕਿ ਮਹਿੰਗਾਈ ਵੱਡੀ ਚੁਣੌਤੀ ਹੈ।

ਬੇਰੁਜ਼ਗਾਰੀ ਵੱਧਦੀ ਜਾ ਰਹੀ ਹੈ। ਜਿਸ ਦੇ ਕਾਰਨ ਪ੍ਰਤੀ ਜੀਅ ਆਮਦਨ ਘੱਟ ਰਹੀ ਹੈ। ਖਾਣ-ਪੀਣ ਦੀਆਂ ਚੀਜ਼ਾਂ ਦੇ ਭਾਅ ਵਧਣ ਕਾਰਨ ਲੋਕ ਪ੍ਰੇਸ਼ਾਨ ਦਿਖਦੇ ਹਨ ਪਰ ਇਹ ਸਭ ਕੁਝ ਦੇਸ਼ ਦੀਆਂ ਪਾਰਟੀਆਂ ਦੇ ਏਜੰਡੇ ਉੱਤੇ ਨਹੀਂ ਹੈ।

ਦੇਸ਼ ਇਸ ਵੇਲੇ ਵਿਕਾਸ ਚਾਹੁੰਦਾ ਹੈ, ਦੇਸ਼ਵਾਸੀ ਰੁਜ਼ਗਾਰ ਚਾਹੁੰਦੇ ਹਨ। ਦੇਸ਼ ਇਸ ਵੇਲੇ ‘ਮਾਈ ਬਾਪ’ ਵਾਲੀ ਸਰਕਾਰ ਨਹੀਂ, ਸਗੋਂ ਅਸਲ ਲੋਕਤੰਤਰੀ ਸਰਕਾਰ ਚਾਹੁੰਦੇ ਹਨ। ਲੋਕਾਂ ਸਾਹਵੇਂ ਰੋਸ਼ਨ ਭਵਿੱਖ ਦੀ ਉਮੀਦ ਤਦੇ ਬੱਝੇਗੀ ਜੇਕਰ ਦੇਸ਼ ਦੇ ਨੇਤਾ ਪਾਰਦਰਸ਼ੀ ਢੰਗ ਨਾਲ ਆਮ ਲੋਕਾਂ ਦੇ ਸਰੋਕਾਰਾਂ ਨੂੰ ਪਹਿਲ ਦੇਣਗੇ।

ਇਸ ਵੇਲੇ ਦੇਸ਼ ਵਿੱਚ ਰਾਜਨੀਤਕ ਕੁਲੀਨਾਂ ਦਾ ਬੋਲਬਾਲਾ ਹੈ। ਮੋਦੀ, ਰਾਹੁਲ, ਕੇਜਰੀਵਾਲ, ਮਮਤਾ, ਲਾਲੂ ਯਾਦਵ ਆਦਿ ਇਕੋ ਕਿਸਮ ਦੀ ਸਿਆਸਤ ਕਰ ਰਹੇ ਹਨ। ਉਹ ਅੰਕ ਗਣਿਤ ਦੇ ਪੰਡਿਤ ਹਨ। ਲੋਕ ਕੁਝ ਹੱਦ ਤੱਕ ਲਾਲਚਵਸ ਠੂਠਾ ਸਿਆਸਤ ਨਾਲ ਭਰਮਿਤ ਹੁੰਦੇ ਹਨ, ਪਰ ਜੀਊਂਦੇ ਜਾਗਦੇ ਸਮਾਜ ਵਿੱਚ ਉਹ ਆਪਣੀ ਊਰਜਾ ਨਾਲ ਉਹ ਸਭ ਕੁਝ ਬਦਲਣ ਦੇ ਸਮਰੱਥ ਹਨ ਜੋ ਉਹ ਨਹੀਂ ਚਾਹੁੰਦੇ।

ਲੋਕ ਠੂਠੇ ’ਚ ਭਿੱਖਿਆ ‘ਅਨਾਜ’ ਨਹੀਂ, ਨੌਕਰੀ ਚਾਹੁੰਦੇ ਹਨ। ਦੇਸ਼ ਦੇ ਸਿਆਸਤਦਾਨਾਂ ਨੂੰ ਇਹ ਸਮਝਣਾ ਪਵੇਗਾ। ਸਾਹਿਬਾਂ ਦੀਆਂ ਫਾਇਲਾਂ, ਬਸਤਿਆਂ ’ਚ ਦੱਬੀ ਲੋਕਾਂ ਦੀ ਆਵਾਜ਼ ਨੂੰ ਲੋਕ ਕਟਹਿਰੇ ’ਚ ਲਿਆਉਣਾ ਹੀ ਹੋਵੇਗਾ।

# ਕੀ ਸੰਘ ਦੇ ਕੰਟਰੋਲ ਤੋਂ ਮੁਕਤ ਹੋ ਗਈ ਹੈ ਭਾਜਪਾ ?



ਅਭੈ ਕੁਮਾਰ ਦੂਬੇ
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

ਇੱਕ ਜ਼ਮਾਨੇ 'ਚ ਇਹ ਸੋਚਣਾ ਵੀ ਨਾਮੁਮਕਿਨ ਸੀ ਕਿ ਕਦੇ ਭਾਰਤੀ ਜਨਤਾ ਪਾਰਟੀ ਆਪਣੇ ਪਿੱਤਰੀ-ਸੰਗਠਨ 'ਰਾਸ਼ਟਰੀ ਸੋਇਮ ਸੇਵਕ ਸੰਘ' ਨਾਲੋਂ ਖ਼ੁਦ ਨੂੰ ਵੱਖਰਾ ਕਰਨ ਦਾ ਐਲਾਨ ਵੀ ਕਰ ਸਕਦੀ ਹੈ ਪਰ ਰਾਜਨੀਤੀ ਇੱਕ ਅਜਿਹੀ ਸ਼ੈਅ ਹੈ, ਜਿਸ 'ਚ ਨਾਮੁਮਕਿਨ ਨੂੰ ਮੁਮਕਿਨ ਹੁੰਦਿਆਂ ਦੇਖਿਆ ਜਾ ਸਕਦਾ ਹੈ। 1984 'ਚ ਪਹਿਲੀ ਵਾਰ ਸੰਘ ਨੂੰ ਭਾਜਪਾ ਦੇ ਰਾਜਨੀਤਕ ਹਿੱਤਾਂ ਦੇ ਉਲਟ ਕੰਮ ਕਰਦਿਆਂ ਦੇਖਿਆ ਗਿਆ ਸੀ। ਤਤਕਾਲੀ ਲੋਕ ਸਭਾ ਚੋਣਾਂ 'ਚ ਉਦੋਂ ਦੇ ਸਰਸੰਘਚਾਲਕ ਬਾਲਾ ਸਾਹਿਬ ਦੇਵਰਸ ਨੇ ਆਪਣੇ ਸੋਇਮ ਸੇਵਕਾਂ ਨੂੰ 'ਦੇਸ਼ ਭਗਤ' ਤਾਕਤਾਂ ਦਾ ਸਮਰਥਨ ਕਰਨ ਦਾ ਸੁਝਾਅ ਦਿੱਤਾ ਸੀ। ਇੱਥੇ ਦੇਸ਼ ਭਗਤ ਦਾ ਮਤਲਬ ਸੀ ਕਾਂਗਰਸ ਦੀ ਚੋਣਾਵੀ ਮੁਹਿੰਮ ਦੇ ਨਾਲ ਖੜ੍ਹੇ ਹੋਣਾ। ਉਹ ਚੋਣਾਂ ਇੰਦਰਾ ਗਾਂਧੀ ਦੀ ਹੱਤਿਆ ਦੇ ਪਰਛਾਵੇਂ ਹੇਠ ਹੋ ਰਹੀਆਂ ਸਨ। ਨਤੀਜਾ ਇਹ ਨਿਕਲਿਆ ਕਿ ਭਾਜਪਾ ਨੂੰ ਸਾਰੇ ਦੇਸ਼ 'ਚੋਂ ਸਿਰਫ਼ ਦੋ ਸੀਟਾਂ ਮਿਲੀਆਂ ਸਨ। ਇਸ ਤੋਂ ਬਾਅਦ ਬਾਬਰੀ ਮਸਜਿਦ ਨੂੰ ਡੇਗਣ ਤੋਂ ਬਾਅਦ ਅਟਲ ਬਿਹਾਰੀ ਵਾਜਪਾਈ ਦੇ ਮਨ 'ਚ ਜੋ ਗ਼ੁੱਸਾ ਪੈਦਾ ਹੋਇਆ, ਉਸ ਤੋਂ ਪੈਦਾ ਹੋਣ ਵਾਲੇ ਖ਼ਤਰੇ ਨੂੰ ਨਿਪਟਾਉਣ ਲਈ ਤਤਕਾਲੀ ਸਰਸੰਘਚਾਲਕ ਰੱਜੂ ਭਈਆ ਨੇ ਵਾਜਪਾਈ ਨੂੰ ਸੰਘ ਦੇ ਦਫ਼ਤਰ 'ਚ ਬੁਲਾ ਕੇ 'ਬੌਧਿਕਤਾ' ਦੀ ਖ਼ੁਰਾਕ ਦਿੱਤੀ ਸੀ।

ਤੀਜੀ ਘਟਨਾ ਉਦੋਂ ਵਾਪਰੀ ਜਦੋਂ ਪਾਕਿਸਤਾਨ 'ਚ ਲਾਲ ਕ੍ਰਿਸ਼ਨ ਅਡਵਾਨੀ ਨੇ ਜਿਨਾਹ ਦੇ ਧਰਮ ਨਿਰਪੱਖ ਹੋਣ ਦਾ ਐਲਾਨ ਕਰ ਦਿੱਤਾ ਸੀ। ਇਸ 'ਤੇ ਸੰਘ ਨੇ ਸਖ਼ਤ ਰਵੱਈਆ ਅਪਣਾਉਂਦਿਆਂ ਅਡਵਾਨੀ ਦਾ ਰਾਜਨੀਤਕ ਕੈਰੀਅਰ ਖ਼ਤਮ ਹੋਣ ਦੀ ਕਗਾਰ 'ਤੇ ਪਹੁੰਚਾ ਦਿੱਤਾ ਪਰ ਸੰਘ ਅਤੇ ਭਾਜਪਾ ਦੇ ਨੇਤਾਵਾਂ ਦੇ ਮਤਭੇਦਾਂ ਦੇ ਇਨ੍ਹਾਂ ਤਿੰਨਾਂ ਘਟਨਾਕ੍ਰਮਾਂ 'ਚ ਸੰਘ ਨੇ ਭਾਜਪਾ 'ਤੇ ਆਪਣੇ ਕੰਟਰੋਲ ਦਾ ਪ੍ਰਦਰਸ਼ਨ ਕੀਤਾ। ਕੀ ਸੰਘ ਅੱਜ ਵੀ ਇਸੇ ਤਰ੍ਹਾਂ ਦਾ ਕੰਟਰੋਲ ਮੋਦੀ ਕਾਲ ਸਮੇਂ ਭਾਜਪਾ 'ਤੇ ਹੋਣ ਦਾ ਦਾਅਵਾ ਕਰ ਸਕਦਾ ਹੈ ?

ਭਾਜਪਾ ਦੇ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਦੇ ਇੱਕ ਤਾਜ਼ਾ ਇੰਟਰਵਿਊ ਨਾਲ ਉਨ੍ਹਾਂ ਦੀ ਪਾਰਟੀ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਵਿਚਾਲੇ ਸੰਬੰਧਾਂ ਦਾ ਸਵਾਲ ਮੁੜ ਤੋਂ ਖੁੱਲ੍ਹ ਗਿਆ ਹੈ। ਨੱਢਾ ਨੇ ਬਿਨਾਂ ਕਿਸੇ ਵਲੇਵੇਂ ਦੇ ਸਿੱਧਾ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਪਹਿਲਾਂ ਛੋਟੀ ਸੀ ਅਤੇ ਅੱਜ ਦੀ ਤਰ੍ਹਾਂ ਸਮਰੱਥ ਨਹੀਂ ਸੀ, ਉਸ ਸਮੇਂ ਉਹ ਸੰਘ ਦੀ ਮਦਦ ਲੈਂਦੀ ਸੀ, ਪਰ ਅੱਜ ਦੀ ਸਥਿਤੀ ਬਦਲ ਚੁੱਕੀ ਹੈ। ਪਾਰਟੀ ਦਾ ਵਿਸਥਾਰ ਹੋ ਚੁੱਕਾ ਹੈ ਅਤੇ ਉਸ ਦੀ ਸਮਰੱਥਾ ਵੱਧ ਚੁੱਕੀ ਹੈ। ਹੁਣ ਸੰਘ ਉਸ ਦੇ ਸੰਚਾਲਨ 'ਚ ਕੋਈ ਭੂਮਿਕਾ ਨਹੀਂ ਨਿਭਾਉਂਦਾ। ਤਾਂ ਕੀ ਇਹ ਮੰਨ ਲਿਆ ਜਾਵੇ ਕਿ ਭਾਜਪਾ ਸੰਘ ਤੋਂ ਪੂਰੀ ਤਰ੍ਹਾਂ ਖ਼ੁਦਮੁਖਤਿਆਰ ਹੋ ਚੁੱਕੀ ਹੈ ? ਜੇਕਰ ਇਸ ਦਾ ਜਵਾਬ ਹਾਂ 'ਚ ਹੈ, ਤਾਂ ਇਸ ਨਾਲ ਦੋ ਉਲਝਣਾਂ ਪੈਦਾ ਹੁੰਦੀਆਂ ਹਨ। ਪਹਿਲੀ, ਇਸ ਖ਼ੁਦਮੁਖਤਿਆਰੀ ਦੀ ਸੰਰਚਨਾ ਕਿਸ ਤਰ੍ਹਾਂ ਦੀ ਹੈ ਅਤੇ ਸੰਘ ਭਾਵੇਂ ਹੀ ਭਾਜਪਾ ਨੂੰ ਨਾ ਚਲਾ ਰਿਹਾ ਹੋਵੇ, ਪਰ ਕੀ ਅਜਿਹਾ ਤਾਂ ਨਹੀਂ ਹੈ ਕਿ ਹੁਣ ਸੰਘ ਦੇ ਕੰਮਕਾਜ 'ਚ ਭਾਜਪਾ ਦੀ ਭੂਮਿਕਾ ਵੱਧ ਗਈ ਹੋਵੇ ? ਭਾਵ ਜੋ ਕੰਟਰੋਲਰ ਸੀ, ਉਸ 'ਤੇ ਹੁਣ ਕਿਤੇ ਕੰਟਰੋਲ ਤਾਂ ਨਹੀਂ ਹੋਣ ਲੱਗ ਪਿਆ ? ਕੀ ਭਾਜਪਾ ਅਤੇ ਸੰਘ ਦੇ ਸੰਬੰਧ ਇੱਕ ਦੋਰਾਹੇ 'ਤੇ ਆ ਖੜ੍ਹੇ ਹਨ ?

ਅਕਤੂਬਰ, 1951 'ਚ ਭਾਰਤੀ ਜਨਸੰਘ (ਭਾਜਪਾ ਦਾ ਪਹਿਲਾਂ ਵਾਲਾ ਰੂਪ) ਨੂੰ ਸਥਾਪਿਤ ਕਰਨ ਤੋਂ ਬਾਅਦ ਸੰਘ ਦੇ ਤਤਕਾਲੀ ਸਰਸੰਘਚਾਲਕ ਗੁਰੂ ਗੋਲਵਲਕਰ ਨੇ ਕਿਹਾ ਸੀ ਕਿ ਜਨਸੰਘ ਤਾਂ ਰਾਸ਼ਟਰੀ ਸੋਇਮ ਸੰਘ ਦੀ ਗਾਜਰ ਦੀ ਪੂੰਗੀ ਹੈ, ਜਦੋਂ ਤੱਕ ਵਜੇਗੀ, ਉਦੋਂ ਤੱਕ ਵਜਾਵਾਂਗੇ ਅਤੇ ਜਦੋਂ ਨਹੀਂ ਵਜੇਗੀ, ਉਦੋਂ ਖਾ ਲਵਾਂਗੀ। ਗੋਲਵਲਕਰ ਨੇ ਅਜਿਹੀ ਉਪਯੋਗਤਾਵਾਦੀ ਗੱਲ ਸੰਘ ਦੇ ਕਿਸੇ ਹੋਰ ਸੰਗਠਨ ਬਾਰੇ ਕਦੇ ਨਹੀਂ ਸੀ ਕਹੀ। ਉਨ੍ਹਾਂ ਦੇ ਮਨ 'ਚ ਕਿਤੇ ਨਾ ਕਿਤੇ ਇਹ ਸ਼ੰਕਾ ਸੀ ਕਿ ਚੋਣਾਵੀ ਰਾਜਨੀਤੀ 'ਚ ਸਰਗਰਮ ਹੋਣ ਲਈ ਬਣਾਈ ਗਈ ਇਹ ਪਾਰਟੀ ਅੱਗੇ ਚੱਲ ਕੇ ਸੰਘ ਦੁਆਰਾ ਫੜਾਏ ਏਜੰਡਾ ਤੋਂ ਵੱਖਰਾ ਰਸਤਾ ਵੀ ਅਖ਼ਤਿਆਰ ਕਰ ਸਕਦੀ ਹੈ। ਫਿਲਹਾਲ, ਸੰਘ ਨੇ ਭਾਜਪਾ ਨੂੰ 'ਲੋਨ' 'ਤੇ ਦਿੱਤੇ ਗਏ ਪ੍ਰਚਾਰਕਾਂ ਰਾਹੀਂ ਸਖ਼ਤਾਈ ਨਾਲ ਕੰਟਰੋਲ ਕੀਤਾ ਹੈ। ਇਨ੍ਹਾਂ ਪ੍ਰਚਾਰਕਾਂ ਨੂੰ ਭਾਜਪਾ 'ਚ ਸੰਗਠਨ ਮੰਤਰੀ ਬਣਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਚਾਹੇ ਅਟਲ ਹੋਵੇ ਜਾਂ ਅਡਵਾਨੀ ਜਾਂ ਫਿਰ ਮੋਦੀ ਇਹ ਸਾਰੇ ਭਾਜਪਾ ਨੂੰ 'ਲੋਨ' 'ਤੇ ਹੀ ਦਿੱਤੇ ਗਏ ਸਨ। ਨੱਢਾ ਦੇ ਇੰਟਰਵਿਊ ਤੋਂ ਬਾਅਦ ਸਵਾਲ ਇਹ ਵੀ ਉੱਠਦਾ ਹੈ ਕਿ ਸੰਗਠਨ ਮੰਤਰੀ ਦੀ ਹੈਸੀਅਤ ਨਾਲ ਪਾਰਟੀ ਨੂੰ ਚਲਾਉਣ ਵਾਲੇ ਇਹ ਪ੍ਰਚਾਰਕ ਅਖ਼ੀਰ 'ਚ ਕਿਸ ਦੇ ਕੰਟਰੋਲ ਨੂੰ ਮੰਨਣਗੇ, ਆਪਣੇ ਪਿੱਤਰੀ-ਸੰਗਠਨ ਸੰਘ ਜਾਂ ਮੋਦੀ-ਸ਼ਾਹ ਦੀ ਨਵੀਂ ਭਾਜਪਾ ਦੀ ਰਾਜਨੀਤਕ ਹਾਈਕਮਾਨ ਦੇ ਕੰਟਰੋਲ ਨੂੰ ?

ਵਿਚਾਰਧਾਰਾ ਭਾਵੇਂ ਹੀ ਹਿੰਦੂ ਰਾਸ਼ਟਰਵਾਦੀ ਬਣੀ ਰਹੇ, ਪਰ ਦੋਵਾਂ ਦਾ ਰਸਤਾ ਕਾਫ਼ੀ ਹੱਦ ਤੱਕ ਵੱਖਰਾ-ਵੱਖਰਾ ਹੋ ਸਕਦਾ ਹੈ, ਜਿਵੇਂ ਸੰਘ ਬਹੁਤ ਜ਼ਿਆਦਾ ਵਿਅਕਤੀਵਾਦ ਨੂੰ ਨਾਪਸੰਦ ਕਰਦਾ ਅਤੇ ਮੌਜੂਦਾ ਸਰਸੰਘਚਾਲਕ ਮੋਹਨ ਭਾਗਵਤ ਨੇ 2014 ਦੀ ਜਿੱਤ ਦੇ ਦੋ ਮਹੀਨਿਆਂ ਬਾਅਦ ਕਿਹਾ ਵੀ ਸੀ ਕਿ ਭਾਰਤੀ ਜਨਤਾ ਪਾਰਟੀ ਨੂੰ ਜਿੱਤ ਕਿਸੇ ਇੱਕ ਵਿਅਕਤੀ ਦੀ ਵਜ੍ਹਾ ਨਾਲ ਨਹੀਂ ਮਿਲੀ ਹੈ। ਇਸ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੀ ਜਿੱਤ ਮੰਨਣਾ ਠੀਕ ਨਹੀਂ ਹੈ। ਪਰ ਅੱਜ ਦੀ ਭਾਜਪਾ ਪਿਛਲੇ 10 ਸਾਲਾਂ 'ਚ ਪੂਰੀ ਤਰ੍ਹਾਂ ਨਾਲ ਇੱਕ ਵਿਅਕਤੀ (ਨਰਿੰਦਰ ਮੋਦੀ) ਦੇ ਕ੍ਰਿਸ਼ਮੇ 'ਤੇ ਆਧਾਰਿਤ ਹੁੰਦੀ ਚਲੀ ਗਈ ਹੈ ਪਰ 2015 'ਚ ਭਾਗਵਤ ਨੇ ਦਿੱਲੀ 'ਚ ਮੱਧ ਪ੍ਰਦੇਸ਼ ਸਰਕਾਰ ਦੇ 'ਮਧਿਆਂਚਲ' ਨਾਂਅ ਦੇ ਭਵਨ 'ਚ ਕੇਂਦਰ ਸਰਕਾਰ ਦੇ ਮੰਤਰੀਆਂ ਨੂੰ ਤਿੰਨ ਦਿਨ ਤੱਕ ਇੱਕ-ਇੱਕ ਕਰਕੇ ਤਲਬ ਕਰ ਕੇ ਭਾਜਪਾ 'ਤੇ ਆਪਣੇ ਕੰਟਰੋਲ ਦਾ ਪ੍ਰਦਰਸ਼ਨ ਕੀਤਾ ਸੀ। ਇਸ ਜਵਾਬਤਲਬੀ 'ਚ ਪ੍ਰਧਾਨ ਮੰਤਰੀ ਨੂੰ ਵੀ ਜਾਣਾ ਪਿਆ ਸੀ। ਸੰਘ ਦੇ 15 ਸੰਗਠਨਾਂ ਦੇ ਮੁਖੀਆਂ ਨੇ ਇਸ ਬੈਠਕ 'ਚ ਸਰਕਾਰ ਦੇ ਸਾਹਮਣੇ ਕਈ ਸਵਾਲ ਰੱਖੇ ਸਨ ਪਰ ਇਹ ਆਪਣੀ ਤਰ੍ਹਾਂ ਦੀ ਆਖ਼ਰੀ ਬੈਠਕ ਸਾਬਿਤ ਹੋਈ।

ਇਸ ਤੋਂ ਬਾਅਦ ਦੇ ਘਟਨਾਕ੍ਰਮ 'ਤੇ ਸਰਸਰੀ ਨਜ਼ਰ ਮਾਰਨ 'ਤੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਪਿਛਲੇ 9 ਸਾਲਾਂ 'ਚ ਭਾਜਪਾ ਸੰਘ ਦੀ ਇਸ ਤਰ੍ਹਾਂ ਦੀ ਜਵਾਬਤਲਬੀ ਤੋਂ ਪੂਰੀ ਤਰ੍ਹਾਂ ਆਜ਼ਾਦ ਹੋ ਚੁੱਕੀ ਹੈ। ਉਸ ਨੇ ਆਪਣੀ ਸਰਕਾਰ 'ਚ ਸੰਘ ਦੀ ਸਰਗਰਮੀ ਲਈ ਸਿਰਫ਼ ਸਿੱਖਿਆ ਅਤੇ ਸੱਭਿਆਚਾਰ ਦਾ ਖੇਤਰ ਹੀ ਛੱਡ ਰੱਖਿਆ ਹੈ, ਪਰ ਬਾਕੀ ਕਿਸੇ ਖੇਤਰ 'ਚ ਸੰਘ ਦੀ ਨਹੀਂ ਸੁਣੀ ਜਾਂਦੀ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਦੇ ਮੁਕਾਬਲੇ ਮੌਜੂਦਾ ਸਰਕਾਰ 'ਚ ਸੰਘ ਦੇ ਲੋਕਾਂ ਦੀ ਨਿਯੁਕਤੀ ਗਿਣਤੀ ਪੱਖੋਂ ਵੀ ਬਹੁਤ ਘੱਟ ਹੈ।

ਮੋਦੀ ਨੇ 2019 ਦੀ ਇੱਕ ਸ਼ਾਮ ਨੂੰ ਸੰਘ ਦੀ ਇਸ ਅਪੀਲ ਨੂੰ ਠੁਕਰਾ ਦਿੱਤਾ ਸੀ ਕਿ ਰਾਮ ਮੰਦਰ ਬਣਵਾਉਣ ਲਈ ਸੰਸਦ ਨੂੰ ਕਾਨੂੰਨ ਬਣਾਉਣਾ ਚਾਹੀਦਾ ਹੈ। ਅਖ਼ੀਰ 'ਚ ਮੋਦੀ ਦੀ ਹੀ ਚੱਲੀ ਅਤੇ ਰਾਮ ਮੰਦਰ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਬਣਿਆ। ਰਾਮ ਮੰਦਰ ਦੇ ਸ਼ਾਨਦਾਰ ਪ੍ਰਾਣ ਪ੍ਰਤੀਸ਼ਠਤਾ ਸਮਾਗਮ ਦੇ ਟੀ.ਵੀ. 'ਤੇ ਹੋਏ ਪ੍ਰਸਾਰਨ 'ਚ ਹਰ ਸੋਇਮ ਸੇਵਕ ਦੇਖ ਸਕਦਾ ਸੀ ਕਿ ਇਸ ਪ੍ਰੋਗਰਾਮ ਦੇ ਕੇਂਦਰ 'ਚ ਮੋਦੀ ਅਤੇ ਸਿਰਫ਼ ਮੋਦੀ ਹੀ ਸਨ। ਹਰ ਸੋਇਮ ਸੇਵਕ ਲਈ 'ਪਰਮਪੂਜਨੀਆ' (ਅਤਿ ਸਤਿਕਾਰਯੋਗ) ਸਰਸੰਘਚਾਲਕ ਉਸ ਪ੍ਰੋਗਰਾਮ 'ਚ ਸ਼ਾਮਿਲ ਜ਼ਰੂਰ ਸਨ, ਪਰ ਉਹ ਦੂਜੇ ਨੰਬਰ 'ਤੇ ਸਨ।

(ਬਾਕੀ ਸਫ਼ਾ 31 'ਤੇ)



# ਭਾਰਤੀ ਲੋਕਤੰਤਰ ਲਈ ਵੱਡੀਆਂ ਚੁਣੌਤੀਆਂ



ਜਗਰੂਪ ਸਿੰਘ ਸੇਖੋਂ
ਸਾਬਕਾ ਅਧਿਆਪਕ, ਰਾਜਨੀਤੀ ਸ਼ਾਸਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਲੋਕਤੰਤਰ 'ਚ ਚੋਣਾਂ ਨਾਗਰਿਕਾਂ ਦੇ ਰਾਜਨੀਤਕ ਵਿਵਹਾਰ ਤੇ ਵਿਸ਼ਵਾਸ ਦਾ ਪ੍ਰਤੀਕ ਹੁੰਦੀਆਂ ਹਨ। ਉਹ ਚੋਣਾਂ ਵਿੱਚ ਆਪਣੀ ਪਸੰਦ ਦੇ ਉਮੀਦਵਾਰ ਤੇ ਪਾਰਟੀਆਂ ਦੀ ਚੋਣ ਕਰਦੇ ਹਨ। ਸਥਾਪਿਤ ਲੋਕਤੰਤਰ ਵਿੱਚ ਨਾਗਰਿਕ ਆਪਣੇ ਮੱਤ ਅਧਿਕਾਰ ਦੀ ਵਰਤੋਂ ਜ਼ਿਆਦਾਤਰ ਆਪਣੀ ਸੋਚ ਸਮਝ, ਰਾਜਨੀਤਕ ਤਰਜੀਹਾਂ 'ਤੇ ਆਉਣ ਵਾਲੇ ਸਮੇਂ 'ਚ ਆਪਣੇ ਚੰਗੇ ਭਵਿੱਖ ਦੀ ਆਸ ਨੂੰ ਸਾਹਮਣੇ ਰੱਖ ਕੇ ਕਰਦੇ ਹਨ ਪਰ ਮੌਜੂਦਾ ਸਮੇਂ ਭਾਰਤ ਵਿੱਚ ਹੋ ਰਹੀਆਂ ਚੋਣਾਂ ਵਿੱਚ ਵੱਡੇ ਅਹੁਦੇ 'ਤੇ ਬੈਠੇ ਲੀਡਰਾਂ ਵੱਲੋਂ ਤਾਕਤ ਹਥਿਆਉਣ ਲਈ ਵਿਰੋਧੀਆਂ ਵਿਰੁੱਧ ਵਰਤੀ ਗਈ ਭਾਸ਼ਾ, ਰਾਜਨੀਤੀ ਤੇ ਰਾਜਨੀਤਕ ਲੀਡਰਾਂ ਵਿੱਚ ਅਤਿ ਦਰਜੇ ਦਾ ਨਿਘਾਰ, ਕੋਈ ਵੀ ਤਰੀਕਾ ਵਰਤ ਕੇ ਚੋਣਾਂ ਜਿੱਤਣ ਦੀ ਲਾਲਸਾ, ਪ੍ਰਚਾਰ ਸਾਧਨਾਂ ਦੀਆਂ ਗ਼ੈਰ-ਲੋਕਤੰਤਰੀ ਤਕਨੀਕਾਂ ਆਦਿ ਦੀ ਵਰਤੋਂ ਨੇ ਦੇਸ਼ ਵਿੱਚ ਮੌਜੂਦਾ ਚੋਣਾਂ ਦੇ ਸਮੇਂ ਕਈ ਸਵਾਲ ਪੈਦਾ ਕੀਤੇ ਹਨ।

2014 ਤੇ ਖ਼ਾਸ ਕਰਕੇ 2019 ਦੀਆਂ ਚੋਣਾਂ ਵਿੱਚ ਭਾਜਪਾ ਨੂੰ ਮਿਲੀ ਸਫ਼ਲਤਾ ਨਾਲ ਭਾਰਤੀ ਲੋਕਤੰਤਰ ਲਈ ਵੱਡੀਆਂ ਚੁਣੌਤੀਆਂ ਪੈਦਾ ਹੋਈਆਂ। 2019 ਦੀਆਂ ਚੋਣਾਂ ਤੋਂ ਬਾਅਦ ਲੋਕਤੰਤਰ ਤੇ ਗਣਰਾਜ ਦੀ ਨਵੀਂ ਪਰਿਭਾਸ਼ਾ ਨੇ ਲੋਕਤੰਤਰ ਨੂੰ ਇੱਕ ਸੋਚੀ ਸਮਝੀ ਰਾਜਨੀਤੀ ਹੇਠ ਕਮਜ਼ੋਰ ਕਰਨ ਤੇ ਅਖ਼ੀਰ 'ਚ ਇੱਕ ਬਹੁਲਤਾ ਆਧਾਰਿਤ ਰਾਜ ਕਾਇਮ ਕਰਨ ਵਾਲੇ ਪਾਸੇ ਤੋਰ ਦਿੱਤਾ।



ਹਾਲਾਤ ਇੱਥੋਂ ਤੱਕ ਪਹੁੰਚ ਗਏ ਹਨ ਕਿ ਹੁਣ ਬਹੁਤ ਸਾਰੇ ਚਿੰਤਕਾਂ ਦਾ ਖ਼ਿਆਲ ਹੈ ਕਿ ਜੇ 2024 ਦੀਆਂ ਚੋਣਾਂ 'ਚ ਹਾਕਮ ਪਾਰਟੀ ਦੁਬਾਰਾ ਸੱਤਾ 'ਚ ਆਉਂਦੀ ਹੈ ਤਾਂ ਦੇਸ਼ ਤੇ ਲੋਕਾਂ ਨੂੰ ਮੌਜੂਦਾ ਲੋਕਤੰਤਰ ਨੂੰ ਬਚਾਉਣ ਲਈ ਬਹੁਤ ਵੱਡੀ ਜਦੋ-ਜਹਿਦ ਕਰਨੀ ਪਵੇਗੀ। ਇਸ ਕਾਰਨ ਕਈ ਵਾਰ ਤਾਂ ਲਗਦਾ ਹੈ ਕਿ ਇਹ ਚੋਣਾਂ ਪਾਰਟੀਆਂ ਤੇ ਲੀਡਰਾਂ ਵਿਚਕਾਰ ਨਾ ਹੋ ਕੇ ਗਣ (ਲੋਕ) ਤੇ ਤੰਤਰ (ਭਾਵ ਮੌਜੂਦਾ ਸਰਕਾਰ) ਵਿੱਚ ਹਨ।

ਅਜਿਹੇ ਹਾਲਾਤ ਸਮਝਣ ਵਾਸਤੇ ਸਾਨੂੰ ਪਿਛਲੇ ਸਮੇਂ 'ਚ ਹੋਈਆਂ ਰਾਜਨੀਤਕ, ਆਰਥਿਕ, ਸਮਾਜਿਕ ਘਟਨਾਵਾਂ ਦੀ ਨਜ਼ਰਸਾਨੀ ਕਰਨੀ ਪਵੇਗੀ। ਸਭ ਤੋਂ ਪਹਿਲਾਂ ਇਸ ਸਮੇਂ 'ਚ ਲੋਕਤੰਤਰ ਦੇ ਮੰਦਰ ਪਾਰਲੀਮੈਂਟ ਦੀ ਕਾਰਗੁਜ਼ਾਰੀ 'ਚ ਵੱਡੀ ਗਿਰਾਵਟ ਦੇਖਣ ਨੂੰ ਮਿਲਦੀ ਹੈ। ਇਸ ਦਾ ਵੱਡਾ ਕਾਰਨ ਰਾਜ ਕਰਨ ਵਾਲੀ ਧਿਰ 'ਚ ਸ਼ਾਮਿਲ ਲੋਕਾਂ ਦਾ ਵਿਵਹਾਰ ਤੇ ਕਿਰਦਾਰ ਹੈ। ਸਦਨ 'ਚ ਭਾਜਪਾ ਦੇ ਉਸ ਦੇ ਲੋਕ ਸਭਾ ਮੈਂਬਰਾਂ ਵੱਲੋਂ ਵਿਰੋਧੀ ਪਾਰਟੀ ਦੇ ਘੱਟ ਗਿਣਤੀਆਂ ਨਾਲ ਸੰਬੰਧਿਤ ਮੈਂਬਰਾਂ 'ਤੇ ਕੀਤੀਆਂ ਵਿਅਕਤੀਗਤ ਟਿੱਪਣੀਆਂ ਤੇ ਧਮਕੀਆਂ ਨੇ ਤਾਂ ਸਾਰੇ ਦੇਸ਼ ਨੂੰ ਸ਼ਰਮਸਾਰ ਕਰ ਦਿੱਤਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਧਨਾਢ, ਜ਼ਰਾਇਮ ਪੇਸ਼ਾ ਰਿਕਾਰਡ ਵਾਲੇ ਲੋਕ, ਬਾਹੂਬਲੀ ਕਾਨੂੰਨ ਬਣਾਉਣ ਵਾਲੀਆਂ ਸੰਸਥਾਵਾਂ ਵਿੱਚ ਪਹੁੰਚ ਗਏ ਹਨ। ਇਹ ਵਰਤਾਰਾ ਆਮ ਤੌਰ 'ਤੇ ਪਿੰਡ ਦੀ ਪੰਚਾਇਤ ਤੋਂ ਸ਼ੁਰੂ ਹੋ ਕੇ ਦੇਸ਼ ਦੀ ਪਾਰਲੀਮੈਂਟ ਤੱਕ ਪਾਇਆ ਜਾਂਦਾ ਹੈ। ਇਸ ਸਥਿਤੀ ਨਾਲ ਨਾ ਕੇਵਲ ਕਾਨੂੰਨ ਬਣਾਉਣ ਵਾਲੀਆਂ ਸੰਸਥਾਵਾਂ ਦੀ ਮਰਿਆਦਾ ਭੰਗ ਹੋਈ ਹੈ, ਸਗੋਂ ਬਹੁਤੀ ਵਾਰੀ ਪਾਰਲੀਮੈਂਟ ਦਾ ਸੈਸ਼ਨ ਬਿਨਾਂ ਕੋਈ ਸਾਰਥਕ ਕੰਮ ਕੀਤੇ ਖ਼ਤਮ ਹੋ ਜਾਂਦਾ ਹੈ। ਰਾਜ ਕਰ ਰਹੀ ਧਿਰ ਦੇ ਮੈਂਬਰਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਵਿਵਹਾਰ ਤੇ ਆਚਰਣ ਮੁਤਾਬਿਕ ਵਿਰੋਧੀ ਧਿਰਾਂ ਦੇ ਮੈਂਬਰਾਂ ਨਾਲ ਨਜਿੱਠਣ। ਹਰ ਤਰੀਕੇ ਨਾਲ ਵਿਰੋਧੀ ਧਿਰ ਦੀ ਆਵਾਜ਼ ਦਬਾਈ ਜਾਂਦੀ ਹੈ। ਇਸ ਦੇ ਨਾਲ ਹੀ ਬਿਨਾਂ ਬਹਿਸ ਕੀਤਿਆਂ ਆਪਹੁਦਰੇਪਨ ਤੇ ਧੱਕੇ ਨਾਲ ਸਦਨ 'ਚੋਂ ਬਿੱਲ ਪਾਸ ਕਰਵਾ ਕੇ ਕਾਨੂੰਨ ਬਣਾਏ ਜਾਂਦੇ ਅਤੇ ਲਾਗੂ ਕੀਤੇ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਨਾਗਰਿਕਤਾ ਸੋਧ ਕਾਨੂੰਨ ਜੰਮੂ-ਕਸ਼ਮੀਰ, ਲੇਬਰ ਕੋਡ, ਸੂਚਨਾ ਦੇ ਹੱਕ, ਤਿੰਨ ਕਿਸਾਨੀ ਬਿੱਲ, ਦੇਸ਼ ਦੇ ਕੀਮਤੀ ਸਾਧਨ ਦੀ ਵੇਚ ਵੱਟ, ਵਿੱਤੀ ਸੰਸਥਾਵਾਂ ਤੇ ਸਰਕਾਰੀ ਸਾਧਨਾਂ ਦੇ ਨਿੱਜੀਕਰਨ ਆਦਿ ਨਾਲ ਸੰਬੰਧਿਤ ਸਾਰੇ ਕਾਨੂੰਨ ਬਿਨਾਂ ਕਿਸੇ ਸਾਰਥਕ ਬਹਿਸ ਤੇ ਵਿਰੋਧੀ ਧਿਰਾਂ ਦੇ ਸੁਝਾਅ ਤੋਂ ਪਾਸ ਕਰ ਦਿੱਤੇ ਗਏ। ਇਸ ਸਮੇਂ ਵਿੱਚ ਹੀ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਵਿਦਿਆਰਥੀਆਂ ਆਦਿ 'ਤੇ ਸਰਕਾਰੀ ਦਮਨ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਵੱਡੀ ਗਿਣਤੀ 'ਚ ਲੋਕਾਂ 'ਤੇ ਬਿਨਾਂ ਕਿਸੇ ਠੋਸ ਸਬੂਤ ਦੇ ਬਹੁਤ ਹੀ ਸਖ਼ਤ ਕਾਨੂੰਨਾਂ ਹੇਠ ਮੁਕੱਦਮੇ ਦਰਜ ਕਰਕੇ ਬਿਨਾਂ ਅਦਾਲਤਾਂ 'ਚ ਕੇਸ ਚਲਾਏ ਉਨ੍ਹਾਂ ਨੂੰ ਜੇਲ੍ਹਾਂ 'ਚ ਡੱਕਿਆ ਗਿਆ ਹੈ। ਇਸ ਦੇ ਉਲਟ ਸਰਕਾਰ ਦੀ ਸ਼ਹਿ 'ਤੇ ਕੰਮ ਕਰਨ ਵਾਲੇ ਰਾਜਨੀਤਕ, ਧਾਰਮਿਕ ਗੁੰਡਿਆਂ ਦੀ ਪੂਰੀ ਪੁਸ਼ਤ ਪਨਾਹ ਕੀਤੀ ਜਾਂਦੀ ਹੈ। ਇਸ ਦੀਆਂ ਉਦਾਹਰਨਾਂ ਪਿਛਲੇ ਸਮੇਂ ਵਿੱਚ ਬਹੁਤ ਮਿਲਦੀਆਂ ਹਨ। ਅਜਿਹੇ ਵਰਤਾਰੇ ਨਾਲ ਰਾਜ ਕਰਦੀ ਧਿਰ ਵੱਲੋਂ ਇੱਕ ਅਜਿਹਾ ਮਾਹੌਲ ਸਿਰਜਿਆ ਗਿਆ, ਜਿਸ ਨਾਲ ਹਰ ਉਹ ਵਿਅਕਤੀ ਜਿਹੜਾ ਹਾਕਮ ਜਮਾਤ ਦੀ ਸੁਰ 'ਚ ਸੁਰ ਨਹੀਂ ਮਿਲਾਉਂਦਾ, ਡਰਿਆ ਤੇ ਸਹਿਮਿਆ ਹੋਇਆ ਹੈ। ਇਸ ਤੋਂ ਇਲਾਵਾ ਸੰਵਿਧਾਨ ਵਿੱਚ ਦਿੱਤੇ ਹੋਏ ਮੌਲਿਕ ਅਧਿਕਾਰਾਂ ਦੀ ਮਹੱਤਤਾ ਦਿਨੋਂ-ਦਿਨ ਘਟਦੀ ਜਾ ਰਹੀ ਹੈ। ਇਸ ਦੇ ਨਾਲ ਹੀ ਸੰਵਿਧਾਨ ਦੇ ਚੌਥੇ ਭਾਗ 'ਚ ਦਿੱਤੇ 'ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤ' 'ਚ ਲੋਕ ਕਲਿਆਣਕਾਰੀ ਰਾਜ ਦੀ ਸਥਾਪਨਾ ਦੇ ਉਲਟ ਸੰਸਥਾਵਾਂ ਦਾ ਘਾਣ ਕਰਕੇ 'ਏਕਾਅਧਿਕਾਰ ਵਾਲਾ ਨਿਜ਼ਾਮ' ਸਿਰਜਿਆ ਜਾ ਰਿਹਾ ਹੈ। ਸੰਵਿਧਾਨ ਦੇ ਆਰਟੀਕਲ 324 ਵਿੱਚ ਚੋਣ ਕਮਿਸ਼ਨ ਦੁਆਰਾ ਨਿਆਂਪੂਰਨ ਤੇ ਨਿਰਪੱਖ ਚੋਣਾਂ ਕਰਾਉਣ ਬਾਰੇ ਵੀ ਬਹੁਤ ਕਿੰਤੂ-ਪ੍ਰੰਤੂ ਉੱਠ ਰਹੇ ਹਨ। ਇੱਥੇ ਇਹ ਦੱਸਣਾ ਬਣਦਾ ਹੈ ਭਾਰਤੀ ਰਿਜ਼ਰਵ ਬੈਂਕ, ਮਨੁੱਖੀ ਅਧਿਕਾਰ ਕਮਿਸ਼ਨ, ਨਸ਼ੇ ਤੇ ਆਰਥਿਕ ਅਪਰਾਧ ਕੰਟਰੋਲ ਕਰਨ ਵਾਲੀਆਂ ਸੰਸਥਾਵਾਂ ਸੀ.ਬੀ.ਆਈ. ਪੁਲਿਸ, ਹੇਠਲੇ ਪੱਧਰ ਦੀ ਨਿਆਂਇਕ ਵਿਵਸਥਾ 'ਤੇ ਰਾਜਨੀਤਕ ਦਬਾਅ ਪੈ ਰਿਹਾ ਹੈ। ਲੇਖਾ ਅਨੁਦਾਨ ਵਿਭਾਗ, ਯੂਨੀਵਰਸਿਟੀਆਂ ਤੇ ਇਸ ਨਾਲ ਸੰਬੰਧਿਤ ਸੰਸਥਾਵਾਂ ਆਦਿ ਵੀ ਬਹੁਤ ਹੀ ਸੰਕਟਕਾਲੀ ਹਾਲਾਤਾਂ 'ਚੋਂ ਨਿਕਲ ਰਹੀਆਂ ਹਨ। ਇੱਥੋਂ ਤੱਕ ਕਿ ਸਰਕਾਰ ਤੇ ਆਪਣੇ ਵਿਰੋਧੀਆਂ ਨੂੰ ਦਬਾਉਣ ਤੇ ਉਨ੍ਹਾਂ ਦੀ ਆਵਾਜ਼ ਬੰਦ ਕਰਨ ਲਈ, ਪੈਗਾਸਿਸ ਵਰਗੇ ਖ਼ਤਰਨਾਕ ਜਾਸੂਸੀ ਸਾਫ਼ਟਵੇਅਰਾਂ ਅਤੇ ਯੰਤਰਾਂ ਦੀ ਵਰਤੋਂ ਕਰਨ ਦੇ ਵੀ ਦੋਸ਼ ਲੱਗੇ ਹਨ। ਅੰਗਰੇਜ਼ੀ ਸਾਮਰਾਜ 'ਚ ਬਣੇ ਲੋਕ ਵਿਰੋਧੀ ਕਾਨੂੰਨਾਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਕਾਨੂੰਨ ਬਣਾ ਕੇ ਇਨ੍ਹਾਂ ਦੀ ਵਰਤੋਂ ਸਰਕਾਰ ਦੇ ਵਿਰੋਧ 'ਚ ਉੱਠਣ ਵਾਲੀ ਕਿਸੇ ਵੀ ਆਵਾਜ਼ ਨੂੰ ਦਬਾਉਣ ਲਈ ਕੀਤੀ ਜਾਂਦੀ ਹੈ। ਹੁਣੇ-ਹੁਣੇ ਲੋਕ ਪੱਖੀ ਪੱਤਰਕਾਰਤਾ 'ਨਿਊਜ਼ ਕਲਿਕ' 'ਤੇ ਸਰਕਾਰੀ ਦਮਨ ਇਸ ਦੀ ਤਾਜ਼ਾ ਮਿਸਾਲ ਹਨ।

# ਗੁਰਬਾਣੀ ਅਨੁਸਾਰ ਅਜ਼ਾਦੀ ਕੀ ਹੈ ਤੇ ਅਜ਼ਾਦ ਮਨੁੱਖ ਦਾ ਵਰਤਾਰਾ ਤੇ ਸੱਭਿਆਚਾਰ ਕੀ ਹੈ ?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਆਜ਼ਾਦੀ ਲੋਕਤੰਤਰ ਦਾ ਧੁਰਾ ਹੈ। ਆਜ਼ਾਦੀ ਦਾ ਮਤਲਬ ਹਰ ਤਰ੍ਹਾਂ ਦੀ ਆਜ਼ਾਦੀ ਹੈ। ਹਰ ਵਿਅਕਤੀ ਆਪਣੇ ਦਿਲ ਅਤੇ ਦਿਮਾਗ ਦਾ ਮਾਲਕ ਹੈ। ਉਹ ਮਹਿਸੂਸ ਕਰਨ, ਸੋਚਣ ਲਈ ਆਜ਼ਾਦ ਹੈ ਅਤੇ ਉਸ ਅਨੁਸਾਰ ਫੈਸਲੇ ਲੈਣ ਅਤੇ ਉਨ੍ਹਾਂ ਫੈਸਲਿਆਂ ’ਤੇ ਅਮਲ ਕਰਨ ਲਈ ਵੀ ਆਜ਼ਾਦ ਹੈ। ਗੁਰਮਤਿ ਨੇ ਸਰੀਰਾਂ ਨੂੰ ਕੈਦ ਕਰ ਲੈਣ ਨੂੰ ਗੁਲਾਮੀ ਨਹੀਂ ਕਿਹਾ, ਗੁਰਮਤਿ ਨੇ ਗੁਲਾਮੀ ਉਸ ਨੂੰ ਕਿਹਾ ਜੋ ਆਪਣੀ ਸੋਚ ਨੂੰ ਦੂਜੇ ਦੇ ਅਧੀਨ ਕਰ ਲਵੇ, ਆਪਣੀ ਜ਼ਮੀਰ ਨੂੰ ਗੈਰ ਦੇ ਪੈਰਾਂ ਵਿੱਚ ਸੁੱਟ ਦੇਵੇ, ਭਾਵ ਮਾਨਸਿਕ ਤੌਰ ’ਤੇ ਖਤਮ ਹੋ ਜਾਵੇ। ਜੇ ਕਿਸੇ ਕੌਮ ਅਤੇ ਸੱਭਿਅਤਾ ਦਾ ਗਿਆਨ ਪ੍ਰਬੰਧ ਹੀ ਅਜ਼ਾਦ ਨਾ ਹੋਵੇ ਅਤੇ ਗਿਆਨ ਦਾ ਪ੍ਰਕਾਸ਼ ਹਰ ਕੋਨੇ ਅਤੇ ਹਰ ਨੁੱਕਰ ਤੱਕ ਨਾ ਹੋਵੇ ਤਾਂ ਫਿਰ ਉਸ ਖਿੱਤੇ ਵਿੱਚ ਵਸਣ ਵਾਲੀ ਲੋਕਾਈ ਮਾਨਸਿਕ ਤੌਰ ’ਤੇ ਗੁਲਾਮ ਹੋ ਜਾਇਆ ਕਰਦੀ ਹੈ। ਸੱਭਿਅਤਾ ਦੇ ਵਿਕਾਸ ਲਈ ਗਿਆਨ ਦਾ ਅਜ਼ਾਦ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਸਾਹਿਬ ਨੇ ਆਪਣੀ ਸਾਰੀ ਜਿੰਦਗੀ ਗਿਆਨ ਪ੍ਰਬੰਧ ਨੂੰ ਅਜ਼ਾਦ ਕਰਵਾਉਣ ਅਤੇ ਸ਼ਬਦ ਦੀ ਧੁੰਨ ਹਰ ਘਰ ਵਿੱਚ ਪਹੁੰਚਾਣ ਦੇ ਲੇਖੇ ਲਾ ਦਿੱਤੀ। ਘਰ ਘਰ ਅੰਦਰਿ ਧਰਮਸ਼ਾਲ ਵਾਲਾ ਸ਼ਬਦ ਗੁਰੂ ਸਾਹਿਬ ਦੀ ਇਸ ਕੋਸ਼ਿਸ ਦੀ ਗਵਾਹੀ ਭਰਦਾ ਹੈ। ਗੁਰੂ ਸਾਹਿਬਾਨ ਸਮੇਂ ਭਾਵੇਂ ਰਾਜ ਮੁਗਲਾਂ ਦਾ ਸੀ, ਸ਼ਾਹੀ ਫੁਰਮਾਨ ਮੁਗਲ ਸਰਕਾਰਾਂ ਦੇ ਸਨ, ਦੇਸ਼ ਵਿੱਚ ਸਿੱਕੇ ਮੁਗਲ ਸਰਕਾਰ ਦੇ ਚੱਲਦੇ ਸਨ ਜਹਾਂਗੀਰ, ਔਰੰਗਜੇਬ ਵਰਗੇ ਬਾਦਸਾਹ ਹੋਏ, ਪਰ ਗੁਰੂ ਸਾਹਿਬਾਂ ਨੇ ਗੁਲਾਮੀ ਨੂੰ ਪ੍ਰਵਾਨ ਨਹੀਂ ਕੀਤਾ। ਉਨ੍ਹਾਂ ਨੇ ਹਰ ਬੁਰਾਈ ਦਾ, ਜ਼ੁਲਮ ਦਾ ਵਿਰੋਧ ਕੀਤਾ, ਗੁਰੂ ਸਾਹਿਬਾਨਾਂ ਨੇ ਸਿਧਾਂਤ ਨੂੰ ਹੀ ਉੱਚਾ ਰੱਖਿਆ ਤੇ ਸਿਧਾਂਤ ਲਈ ਹੀ ਸ਼ਹਾਦਤਾਂ ਦਿੱਤੀਆਂ। ਗੁਰੂ ਸਾਹਿਬਾਨ ਤੋਂ ਬਾਅਦ ਸਿੱਖਾਂ ਨੇ ਜੰਗਲਾਂ ਵਿੱਚ ਰਹਿਣਾ ਪ੍ਰਵਾਨ ਕਰ ਲਿਆ, ਦਰਖਤਾਂ ਦੇ ਪੱਤੇ ਖਾਣੇ ਪਰਵਾਨ ਲਏ, ਠੰਡੀਆਂ ਰਾਤਾਂ ਵਿੱਚ ਗੁਜਰਨਾ ਪ੍ਰਵਾਨ ਕਰ ਲਿਆ, ਪਰ ਗੁਲਾਮੀ ਕਬੂਲ ਨਹੀਂ ਕੀਤੀ, ਆਪਣੀ ਵਿਚਾਰਧਾਰਾ ਤੇ ਸੱਭਿਆਚਾਰ ਤੋਂ ਦੂਰ ਨਹੀਂ ਹੋਏ। ਸਿੱਖਾਂ ਨੇ ਗੁਰੂ ਦੇ ਸਿਧਾਂਤ ਨੂੰ ਸਦਾ ਬਰਕਰਾਰ ਰੱਖਿਆ, ਜਿਸ ਕਰਕੇ ਕੋਈ ਵੀ ਸਰਕਾਰ ਸਿੱਖਾਂ ਦੀ ਸੋਚ ਨੂੰ ਕਾਬੂ ਨਾ ਕਰ ਸਕੀ।ਸਿੱਖਾਂ ਨੂੰ ਮਾਨਸਿਕ ਤੌਰ ’ਤੇ ਮਾਰਨ ਵਿੱਚ ਅਸਫਲ ਰਹੀ । ਇਹ ਸਾਡੇ ਇਤਿਹਾਸ ਤੇ ਫਲਸਫੇ ਦਾ ਵੱਡਾ ਪ੍ਰਮਾਣ ਹੈ ,ਜਿਸਨੂੰ ਅੱਜ ਅਸੀਂ ਸਮਝ ਨਹੀਂ ਰਹੇ।

ਸਤਿਗੁਰੂ ਨਾਨਕ ਦਾ ਫੁਰਮਾਨ ਹੈ ਕਿ ਗੁਲਾਮੀ ਖਤਰਨਾਕ ਹੈ। ਗੁਲਾਮੀ ਵਿੱਚ ਖਾਣਾ ਪੀਣਾ ਸਭ ਹਰਾਮ ਹੈ। ਅਰਥਾਤ ਜਿੰਦਗੀ ਦਾ ਅਨੰਦ ਨਹੀਂ

ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥

ਲੰਮੇ ਸਮੇਂ ਦੇ ਜਮਹੂਰੀਅਤ ਦੇ ਸਫ਼ਰ ਦੇ ਇਸ ਪੜਾਅ ’ਤੇ ਜਾਪਦਾ ਹੈ ਕਿ ਮਨੁੱਖ ਪਹਿਲਾਂ ਨਾਲੋਂ ਵੀ ਬੇਵੱਸ ਹੋ ਗਿਆ ਹੈ। ਅਸੀਂ ਸਿੱਖ ਵੀ ਇਸ ਵਿੱਚ ਸ਼ਾਮਲ ਹਾਂ ਅਤੇ ਮਜ਼ੇਦਾਰ ਗੱਲ ਇਹ ਹੈ ਕਿ ਉਹ ਇਸ ਗੱਲ ਤੋਂ ਵੀ ਅਣਜਾਣ ਹੈ ਕਿ ਉਹ ਅਜ਼ਾਦ ਹੈ ਜਾਂ ਨਹੀਂ।

ਤੁਸੀਂ ਮਾਰਕੀਟ ਵਿੱਚੋਂ ਜੋ ਚਾਹੁੰਦੇ ਹੋ ਉਸਨੂੰ ਚੁਣਨ ਦੀ ਥੋਨੂੰ ਕੀ ਆਜ਼ਾਦੀ ਹੈ?

ਪਰ ਕੀ ਤੁਸੀਂ ਸੱਚਮੁੱਚ ਇਹ ਫੈਸਲਾ ਕਰ ਸਕਦੇ ਹੋ ਕਿ ਤੁਹਾਡੀ ਚੋਣ ਕੀ ਹੈ? ਕਿਸਨੇ ਕੀਤੀ ਹੈ ? ਤੁਹਾਡੇ ਉਪਰ ਕਿਸਦਾ ਪ੍ਰਭਾਵ ਹੈ ?ਤੁਹਾਡੀ ਪਸੰਦ, ਤੁਹਾਡੀ ਬੋਲੀ, ਤੁਹਾਡੇ ਕਲਚਰ ਨੂੰ ਕਾਰਪੋਰੇਟ ਸਿਸਟਮ ਤਹਿ ਕਰਦਾ ਹੈ, ਜਿਨ੍ਹਾਂ ਕੋਲ ਉਪਕਰਨਾਂ, ਮੀਡੀਆ ਤੱਕ ਪਹੁੰਚ ਹੈ, ਜਿਨ੍ਹਾਂ ਦਾ ਮਾਇਆ ਉਪਰ ਗਲਬਾ ਹੈ, ਜਿਨ੍ਹਾਂ ਕੋਲ ਇਸ਼ਤਿਹਾਰਾਂ ਦਾ ਮਾਇਆ ਜਾਲ ਹੈ। ਜੋ ਤੁਹਾਡੇ ਜਦ ਪੁਸ਼ਤੀ ਭੋਜਨ ਨੂੰ ਫਾਸਟ ਫੂਡ ਵਿੱਚ ਬਦਲ ਦਿੰਦੇ ਹਨ। ਤੁਹਾਡੇ ਸੱਭਿਆਚਾਰਕ ਪਹਿਰਾਵੇ ਨੂੰ ਪਛੜਿਆ ਦਸਕੇ ਆਪਣੇ ਅਨੁਸਾਰ ਬਦਲ ਦਿੰਦੇ ਹਨ। ਤੁਹਾਡੇ ਸੱਭਿਆਚਾਰਕ ਰਿਸ਼ਤਿਆਂ ਦਾ ਅਜੀਬ ਨਾਮਕਰਨ ਕਰਦੇ ਹਨ। ਜਿਵੇਂ ਮਾਮਾ ਤੋਂ ਮਾਮੂ , ਨਾਨਾ ਤੋਂ ਨਾਨੂੰ, ਜੀਜਾ ਤੋਂ ਜੀਜੂ। ਤਾਏ, ਮਾਮੇ, ਹਰੇਕ ਲਈ ਅੰਕਲ, ਭੂਆ ਮਾਸੀ ਲਈ ਆਂਟੀ।

ਕਾਰਪੋਰੇਟ ਸਿਸਟਮ ਵਿੱਚ ਮਨੁੱਖ ਦੀ ਪਸੰਦ, ਉਸਦੀ ਚੋਣ ਸਿਰਫ਼ ਉਸਦਾ ਭਰਮ ਹੈ, ਇਹ ਕਾਰਪੋਰੇਟ ਤੈਅ ਕਰਦਾ ਹੈ । ਇਸ ਪ੍ਰਣਾਲੀ ਨੂੰ ਪੂੰਜੀਵਾਦ ਕਿਹਾ ਜਾਂਦਾ ਹੈ ਅਤੇ ਇਹ ਦਾਅਵਾ ਕਰਦਾ ਹੈ ਕਿ ਪੂੰਜੀਵਾਦ ਹੀ ਲੋਕਤੰਤਰ ਲਈ ਸਭ ਤੋਂ ਢੁਕਵਾਂ ਪ੍ਰਬੰਧ।

ਆਖ਼ਰਕਾਰ, ਕਾਰਲ ਮਾਰਕਸ ਨੇ ਇਹ ਵੀ ਕਿਹਾ ਸੀ ਕਿ ਪੂੰਜੀਵਾਦ ਆਪਣੀਆਂ ਸਾਰੀਆਂ ਪਿਛਲੀਆਂ ਪ੍ਰਣਾਲੀਆਂ ਨਾਲੋਂ ਵਧੇਰੇ ਜਮਹੂਰੀ ਹੈ ਕਿਉਂਕਿ ਇਹ ਮਨੁੱਖ ਦੇ ਅੰਦਰਲੇਪਣ ਨੂੰ ਪਛਾਣਦਾ ਅਤੇ ਖੋਲ੍ਹਦਾ ਹੈ। ਪੂੰਜੀਵਾਦ ਮਨੁੱਖ ਨੂੰ ਜ਼ਿੰਮੇਵਾਰੀ ਵੀ ਪ੍ਰਦਾਨ ਕਰਦਾ ਹੈ।

ਕਾਰਲ ਮਾਰਕਸ ਨੇ ਖੁਦ ਕਿਹਾ ਸੀ ਕਿ ਪੂੰਜੀਵਾਦ ਇਹ ਵਾਅਦਾ ਨਹੀਂ ਨਿਭਾਉਂਦਾ ਕਿ ਕਿਰਤ ਪ੍ਰਭੂਸੱਤਾ ਨਹੀਂ ਹੈ। ਖਪਤਕਾਰੀ ਸਿਸਟਮ ਵਿੱਚ ਨਾ ਤਾਂ ਆਪਣੀ ਕਿਰਤ ਉੱਤੇ ਮਨੁੱਖ ਦਾ ਕੋਈ ਹੱਕ ਹੈ ਅਤੇ ਨਾ ਹੀ ਉਨ੍ਹਾਂ ਚੀਜ਼ਾਂ ਉੱਤੇ ਜੋ ਉਸ ਕਿਰਤ ਦਾ ਫਲ ਹਨ ਜਾਂ ਕੁਦਰਤ ਦੀ ਦੇਣ ਹਨ। ਮਾਰਕਸ ਪੂੰਜੀਵਾਦ ਦੀ ਆਲੋਚਨਾ ਕਰਦਾ ਹੈ, ਕਿਉਂਕਿ ਇਹ ਮਨੁੱਖ ਦੀ ਸ਼ਕਤੀ, ਸੱਭਿਆਚਾਰ, ਬੋਲੀ ਨੂੰ ਹੜੱਪਦਾ ਹੈ।

ਜਦੋਂ ਅਸੀਂ ਕਾਰਪੋਰੇਟ ਦੀ ਆਰਥਿਕ ਪ੍ਰਣਾਲੀ ਦਾ ਹਿੱਸਾ ਹਾਂ ਜਿਸ ਵਿੱਚ ਅਸੀਂ ਆਪਣੀ ਭੂਮਿਕਾ ਦਾ ਫੈਸਲਾ ਨਹੀਂ ਕਰ ਸਕਦੇ, ਤਾਂ ਫਿਰ ਅਸੀਂ ਅਸਲ ਵਿੱਚ ਲੋਕਤੰਤਰ ਕਿਵੇਂ ਪ੍ਰਦਾਨ ਕਰ ਸਕਦੇ ਹਾਂ? ਅਸੀਂ ਅਜ਼ਾਦ ਕਿਵੇਂ ਹਾਂ? ਮਨੁੱਖ ਨੂੰ ਕੁਦਰਤ ਦੀ ਅਧੀਨਗੀ ਤੋਂ ਮੁਕਤ ਕਰਕੇ ਪੂੰਜੀਵਾਦ ਮਨੁੱਖ ਨੂੰ ਪੂੰਜੀ ਅਤੇ ਵਸਤੂਆਂ ਦਾ ਗੁਲਾਮ ਬਣਾ ਦਿੰਦਾ ਹੈ। ਇਸ ਦੀ ਬਜਾਏ, ਇਹ ਮਨੁੱਖ ਨੂੰ ਇੱਕ ਵਸਤ ਵਿੱਚ ਬਦਲ ਦਿੰਦਾ ਹੈ।

ਮਨੁੱਖੀ ਆਜ਼ਾਦੀ ਦੇ ਹੌਲੀ-ਹੌਲੀ ਖੋਹੇ ਜਾਣ ਦੀ ਕਹਾਣੀ ਪੂੰਜੀਵਾਦ ਦੇ ਵਿਕਾਸ ਦੀ ਕਹਾਣੀ ਹੈ। ਜਿੰਨਾ ਵੱਡਾ ਕਾਰਪੋਰੇਟ ਸਿਸਟਮ ਉਸਰਦਾ ਹੈ, ਮਨੁੱਖ ਓਨਾ ਹੀ ਮਾਮੂਲੀ ਬਣ ਜਾਂਦਾ ਹੈ। ਪੂੰਜੀਵਾਦ ਦੇ ਸਾਹਮਣੇ ਮਨੁੱਖ ਦੀ ਸਥਿਤੀ ਜਾਂ ਤਾਂ ਖਰੀਦਦਾਰ ਦੀ ਹੈ ਜਾਂ ਵੇਚਣ ਵਾਲੇ ਦੀ ਪਰ ਮਾਲਕ ਦੀ ਨਹੀਂ ਹੈ। ਉਹ ਕਿੰਨਾ ਕੁ ਖਰੀਦ ਸਕਦਾ ਹੈ ਇਹ ਉਸਦੀ ਸਮਾਜਿਕ ਸਥਿਤੀ ਨੂੰ ਨਿਰਧਾਰਤ ਕਰਦਾ ਹੈ।

ਫਿਰ ਅਸੀਂ ਇਸ ਚਮਕ ਦਮਕ ਵਾਲੇ ਆਰਥਿਕ ਸਿਸਟਮ ਵਿੱਚ ਹੌਲੀ-ਹੌਲੀ ਅਸੀਂ ਸੋਚਣ, ਫੈਸਲਾ ਕਰਨ ਅਤੇ ਚੁਣਨ ਦੀ ਆਜ਼ਾਦੀ ਗੁਆ ਦਿੰਦੇ ਹਾਂ। ਸਾਡੀ ਸਥਿਤੀ ਇੱਕ ਰੋਬੋਟ ਵਾਲੀ ਹੋ ਜਾਂਦੀ ਹੈ।

ਅਸੀਂ ਇਸ ਵਿਸ਼ਵ ਮੰਡੀ ਨੂੰ ਚੱਲਦਾ ਰੱਖਣ ਲਈ ਆਪਣੇ ਆਪੇ ਨੂੰ ਬਾਲਣ ਵਿੱਚ ਬਦਲਦੇ ਹਾਂ।

ਇਥੋਂ ਤੱਕ ਕਿ ਸਾਡੇ ਰਾਜਸੀ, ਧਾਰਮਿਕ ਨੇਤਾ ਵੀ ਸਾਡੇ ਸਾਹਮਣੇ ਇੱਕ ਉਤਪਾਦ ਦੀ ਤਰ੍ਹਾਂ ਤਿਆਰ ਅਤੇ ਪੇਸ਼ ਕੀਤੇ ਜਾਂਦੇ ਹਨ, ਕਿਉਂ ਕਿ ਕਾਰਪੋਰੇਟ ਸਿਸਟਮ ਇਨ੍ਹਾਂ ਨੂੰ ਵੀ ਆਪਣੀ ਮਰਜੀ ਅਨੁਸਾਰ ਚਲਾਉਂਦਾ ਤੇ ਉਸਾਰਦਾ ਹੈ। ਸਾਨੂੰ ਮੀਡੀਆ , ਇਸ਼ਤਿਹਾਰਾਂ ਤੇ ਸ਼ੋਸ਼ਲ ਮੀਡੀਆ ਰਾਹੀਂ ਦੱਸਿਆ ਜਾਂਦਾ ਹੈ ਕਿ ਇਸ ਲੀਡਰਸ਼ਿਪ ਜਾਂ ਉਤਪਾਦ ਦਾ ਕੋਈ ਬਦਲ ਨਹੀਂ ਹੈ।

ਸਾਮਰਾਜ ਅਜੋਕਾ ਪੂੰਜੀਵਾਦੀ ਰੂਪ ਧਾਰ ਕੇ ਲੋਕਾਂ ਦਾ ਸ਼ੋਸ਼ਣ ਕਰਨ ਲੱਗਾ ਹੋਇਆ ਹੈ ਅਤੇ ਸ਼ਕਤੀ ਦਾ ਰੋਹਬ ਪਾਉਣ ਤੇ ਹਥਿਆਰ ਵੇਚਣ ਲਈ ਜੰਗਾਂ ਛੇੜ ਕੇ ਮਾਸੂਮਾਂ ਨੂੰ ਮਾਰ ਤੇ ਉਜਾੜ ਰਿਹਾ ਹੈ। ਲੋਕਤੰਤਰ ਦੇ ਨਾਮ ਉਪਰ ਕਾਲੇ ਕਨੂੰਨਾਂ ਤੇ ਰਾਜਸੀ ਤੇ ਫੌਜੀ ਤਾਕਤ ਤਹਿਤ ਮਨੁੱਖ ਨੂੰ ਗੁਲਾਮ ਬਣਾ ਰਿਹਾ ਹੈ। ਉਸ ਦੇ ਵਿਗਿਆਨੀ ਮਾਰੂ ਹਥਿਆਰ ਬਣਾ ਕੇ ਦੁਨੀਆਂ ਵਿੱਚ ਤਬਾਹੀ ਮਚਾਉਣ ਦੀਆਂ ਵਿਉਂਤਾਂ ਬਣਾ ਰਹੇ ਹਨ। ਇਹ ਸਭ ਮਨੁੱਖਤਾ ਦੇ ਵਿਨਾਸ਼ ਵਲ ਸੰਕੇਤ ਹਨ।

ਜਮਹੂਰੀਅਤ ਦਾ ਸੰਘਰਸ਼ ਮਨੁੱਖੀ ਮਨ ਨੂੰ ਆਜ਼ਾਦ ਰੱਖਣ ਦਾ ਸੰਘਰਸ਼ ਹੈ ਅਤੇ ਇਹ ਪੂੰਜੀਵਾਦ ਨਾਲ ਲੜੇ ਬਿਨਾਂ ਨਹੀਂ ਹੋ ਸਕਦਾ। ਜੇ ਸਾਨੂੰ ਪੂੰਜੀਵਾਦ ਸੁਭਾਵਿਕ ਕੁਦਰਤੀ ਜਾਪਦਾ ਹੈ ਅਤੇ ਇਸ ਦਾ ਕੋਈ ਬਦਲ ਨਹੀਂ ਹੈ, ਪਰ ਜੇਕਰ ਮਨੁੱਖ ਇਸ ਨੂੰ ਹੁਕਮ ਮੰਨਕੇ ਸਵੀਕਾਰ ਕਰ ਲਵੇ ਤਾਂ ਮਨੁੱਖ ਕਿਵੇਂ ਜੀਵੇਗਾ ? ਬੰਧਨ ਕਿਵੇਂ ਟੁਟਣਗੇ।

ਗੁਰਬਾਣੀ ਵਿੱਚ ਮਾਇਆ ਨੂੰ ਮਾਈ ਮਾਇਆ ਛਲੁ ॥ (ਪੰਨਾ 717) ਅਤੇ ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥ (ਪੰਨਾ 643) ਆਖਿਆ ਗਿਆ ਹੈ। ਮਾਇਆ ਅਸਥਿਰ ਹੋਣ ਕਾਰਨ ਧਰਮ ਤੇ ਰੱਬੀ ਸੱਚ ਤੋਂ ਭੈਅ ਖਾਂਦੀ ਹੈ ਅਤੇ ਉਸ ਨੂੰ ਖਤਮ ਕਰਨਾ ਚਾਹੁੰਦੀ ਹੈ। ਪਰ ਧਰਮ ਰੱਬੀ ਤੇ ਕੁਦਰਤ ਦੀ ਸੱਤਾ ਹੈ ਅਤੇ ਪਦਾਰਥ, ਮਾਇਆ ਦੀ ਪਹੁੰਚ ਤੋਂ ਬਾਹਰ ਹੈ। ਇਸ ਲਈ ਮਾਇਆ ਸੰਸਾਰ ਵਿਚੋਂ ਧਰਮ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਸਮਾਜਕ ਸ਼ਕਤੀਆਂ ਨੂੰ ਉਸ ਦੇ ਸਮਰੂਪ ਦੁਨਿਆਵੀ ਧਰਮ ਦਾ ਨਿਰਮਾਣ ਕਰਨ ਲਈ ਉਤਸ਼ਾਹਤ ਕਰਦੀ ਹੈ।

ਗੁਰਮਤਿ ਮਾਨਵਤਾ ਦੇ ਕਲਿਆਣ ਦੀ ਵਿਧੀ ਹੈ। ਇਹ ਸੰਸਾਰ ਦੀ ਅਸਲੀਅਤ ਬਿਆਨ ਕਰਦੀ ਉਸ ਨੂੰ ਭਵਜਲ ਆਖਦੀ ਹੈ ਅਤੇ ਮਨੁੱਖ ਦੀਆਂ ਸੰਸਾਰਕ ਪ੍ਰਾਪਤੀਆਂ ਨੂੰ ਤੁੱਛ ਦੱਸਦੀ ਹੈ। ਇਹ ਸੰਸਾਰਕ ਸੁੱਖ ਨੂੰ ਦੁੱਖ ਦਾ ਹੀ ਦੂਜਾ ਰੂਪ ਆਖਦੀ ਹੈ ਅਤੇ ਮਨੁੱਖ ਨੂੰ ਸੰਸਾਰਕ ਪ੍ਰਾਪਤੀਆਂ ਲਈ ਦੌੜ ਭੱਜ ਕਰਨ ਦੀ ਥਾਂ ਆਪਣੇ ਮਨ ਨੂੰ ਵਸ ਕਰ ਧਰਮ ਦਾ ਰਾਹ ਅਪਨਾ ਕੇ ਆਤਮਕ ਅਨੰਦ ਮਾਣਨ ਅਤੇ ਪ੍ਰਭੂ ਦੀ ਵਿਸ਼ਾਲ ਸ਼ਕਤੀ ਦਾ ਭਾਗੀਦਾਰ ਬਣਨ ਲਈ ਪ੍ਰੇਰਿਤ ਕਰਦੀ ਹੈ ਤੇ ਅਜ਼ਾਦੀ ਦਾ ਅਸਲ ਮਾਰਗ ਦਰਸਾਉਂਦੀ ਹੈ। ਜ਼ੁਲਮ ਤੇ ਅਨਿਆਂ ਵਿਰੁੱਧ ਜੂਝਣ ਲਈ ਮਨੁੱਖ ਨੂੰ ਮਾਨਸਿਕ ਤੌਰ ਉਪਰ ਬਲਵਾਨ ਕਰਦੀ ਹੈ। ਅੱਜ ਵੀ ਗੁਰੂ ਗਰੰਥ ਸਾਹਿਬ ਦਾ ਰੂਹਾਨੀ , ਸਮਾਜਿਕ , ਸੱਭਿਆਚਾਰਕ , ਰਾਜਨੀਤਿਕ ਮਾਡਲ ਹੀ ਇਸ ਸੰਸਾਰ ਨੂੰ ਬਚਾ ਸਕਦਾ ਹੈ। ਅੱਜ ਸੰਸਾਰ ਵਿੱਚ ਜੋ ਸੰਕਟ ਪੈਦਾ ਹੋਇਆ ਹੈ ਉਹ ਮਨੁੱਖਤਾ ਦੇ ਇੱਕ ਹਿੱਸੇ ਵੱਲੋਂ ਦੂਜੇ ਦੀ ਪਹਿਚਾਣ ਨੂੰ ਸਹਿਣ ਨਾ ਕਰਨ ਕਰਕੇ ਪੈਦਾ ਹੋਇਆ ਹੋਇਆ ਹੈ।ਸਿੱਖ ਵੀ ਇਸ ਸੰਕਟ ਨੂੰ ਹੰਡਾ ਰਹੇ ਹਨ।

# ਸਿੱਖਿਆ ਖੇਤਰ ਲਈ ਆਰਟੀ.ਫੀਸ਼ਲ ਇੰਟੈਲੀਜੈਂਸ ਦਾ ਯੋਗਦਾਨ

ਸੰਦੀਪ ਕੁਮਾਰ



ਆਰਟੀਫ਼ੀਸ਼ਲ ਇੰਟੈਲੀਜੈਂਸ (ਏ. ਆਈ) ਤੇਜ਼ੀ ਨਾਲ ਵਿਭਿੰਨ ਉਦਯੋਗਾਂ ਵਿੱਚ ਨਵੀਨਤਾ ਦਾ ਅਧਾਰ ਬਣ ਰਿਹਾ ਹੈ, ਜਿਸ ਵਿੱਚ ਸਿੱਖਿਆ ਸਭ ਤੋਂ ਮਹੱਤਵਪੂਰਨ ਲਾਭਪਾਤਰੀਆਂ ਵਿੱਚੋਂ ਇੱਕ ਹੈ। ਦੁਨੀਆਂ ਭਰ ਦੀਆਂ ਵਿੱਦਿਅਕ ਪ੍ਰਣਾਲੀਆਂ ਵਿੱਚ ਇਸ ਤਕਨਾਲੋਜੀ ਦਾ ਏਕੀਕਰਨ ਕੇਵਲ ਅਧਿਆਪਨ ਅਤੇ ਸਿੱਖਣ ਦੀਆਂ ਪ੍ਰਕਿਰਿਆਵਾਂ ਨੂੰ ਮੁੜ ਆਕਾਰ ਹੀ ਨਹੀਂ ਦੇ ਰਿਹਾ ਹੈ ਸਗੋਂ ਸਿੱਖਿਆ ਦੀ ਪਹੁੰਚ ਅਤੇ ਪ੍ਰਭਾਵਸ਼ੀਲਤਾ ਨੂੰ ਵੀ ਵਧਾ ਰਿਹਾ ਹੈ।

ਵਿਅਕਤੀਗਤ ਸਿਖਲਾਈ: ਸਿੱਖਿਆ ਵਿੱਚ ਆਰਟੀਫ਼ੀਸ਼ਲ ਇੰਟੈਲੀਜੈਂਸ, ਸਿੱਖਣ ਨੂੰ ਵਿਅਕਤੀਗਤ ਬਣਾਉਣ ਦੀ ਯੋਗਤਾ ਦੇ ਸਭ ਤੋਂ ਮਹੱਤਵਪੂਰਨ ਪ੍ਰਭਾਵਾਂ ਵਿੱਚੋਂ ਇੱਕ ਹੈ। ਆਰਟੀਫ਼ੀਸ਼ਲ ਇੰਟੈਲੀਜੈਂਸ ਸਿਸਟਮ ਵਿੱਦਿਅਕ ਸਮੱਗਰੀ ਨੂੰ ਉਹਨਾਂ ਦੀਆਂ ਖਾਸ ਲੋੜਾਂ ਅਨੁਸਾਰ ਤਿਆਰ ਕਰਨ ਲਈ ਵਿਦਿਆਰਥੀ ਦੇ ਪਿਛਲੇ ਸਿੱਖਣ ਦੇ ਇਤਿਹਾਸ ਅਤੇ ਪ੍ਰਦਰਸ਼ਨ ਦਾ ਵਿਸ਼ਲੇਸ਼ਣ ਕਰ ਸਕਦੇ ਹਨ। ਇਹ ਪਹੁੰਚ ਵਿਦਿਆਰਥੀਆਂ ਦੀਆਂ ਵਿਅਕਤੀਗਤ ਖੂਬੀਆਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ, ਸਿੱਖਣ ਨੂੰ ਵਧੇਰੇ ਕੁਸ਼ਲ ਅਤੇ ਪ੍ਰਭਾਵੀ ਬਣਾਉਂਦੀ ਹੈ। ਉਦਾਹਰਣ ਲਈ, ਖਾਨ ਅਕੈਡਮੀ ਵਰਗੇ ਪਲੇਟਫਾਰਮ ਵਿਅਕਤੀਗਤ ਅਭਿਆਸਾਂ ਅਤੇ ਹਿਦਾਇਤੀ ਵੀਡੀਓਜ਼ ਦੀ ਪੇਸ਼ਕਸ਼ ਕਰਨ ਲਈ ਆਰਟੀ.ਫੀਸ਼ਲ ਇੰਟੈਲੀਜੈਂਸ ਦੀ ਵਰਤੋਂ ਕਰਦੇ ਹਨ ਜੋ ਹਰੇਕ ਵਿਦਿਆਰਥੀ ਦੀ ਸਿੱਖਣ ਦੀ ਗਤੀ ਨੂੰ ਅਨੁਕੂਲ ਬਣਾਉਂਦੇ ਹਨ। ਪ੍ਰਬੰਧਕੀ ਕਾਰਜਾਂ ਦਾ ਸਵੈਚਾਲਨ: ਆਰਟੀ.ਫੀਸ਼ਲ ਇੰਟੈਲੀਜੈਂਸ ਸਿੱਖਿਅਕਾਂ ਅਤੇ ਸੰਸਥਾਵਾਂ ਲਈ ਪ੍ਰਸ਼ਾਸਕੀ ਕਾਰਜਾਂ ਨੂੰ ਸਵੈਚਾਲਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਰਟੀ.ਫੀਸ਼ਲ ਇੰਟੈਲੀਜੈਂਸ ਨਾਲ ਗ੍ਰੇਡਿੰਗ ਪ੍ਰੀਖਿਆਵਾਂ, ਸਮਾਂ-ਸਾਰਣੀ ਦਾ ਪ੍ਰਬੰਧਨ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਨੂੰ ਟਰੈਕ ਕਰਨ ਵਰਗੇ ਕਾਰਜਾਂ ਨੂੰ ਸੁਚਾਰੂ ਬਣਾਇਆ ਜਾ ਸਕਦਾ ਹੈ। ਇਹ ਆਟੋਮੇਸ਼ਨ ਨਾ ਸਿਰਫ਼ ਅਧਿਆਪਕਾਂ ਉੱਤੇ ਕੰਮ ਦਾ ਬੋਝ ਘਟਾਉਂਦਾ ਹੈ, ਸਗੋਂ ਉਨ੍ਹਾਂ ਨੂੰ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਅਤੇ ਅਧਿਆਪਨ ਦੇ ਤਰੀਕਿਆਂ ਨੂੰ ਬਿਹਤਰ ਬਣਾਉਣ ਉੱਤੇ ਧਿਆਨ ਦੇਣ ਲਈ ਵਧੇਰੇ ਸਮਾਂ ਬਿਤਾਉਣ ਦੀ ਵੀ ਇਜਾਜ਼ਤ ਦਿੰਦਾ ਹੈ।

ਵਧੀ ਹੋਈ ਪਹੁੰਚਯੋਗਤਾ: ਆਰਟੀ.ਫੀਸ਼ਲ ਇੰਟੈਲੀਜੈਂਸ ਤਕਨੀਕਾਂ ਅਪਾਹਜ ਲੋਕਾਂ ਲਈ ਸਿੱਖਿਆ ਨੂੰ ਵਧੇਰੇ ਪਹੁੰਚਯੋਗ ਬਣਾ ਰਹੀਆਂ ਹਨ। ਸਪੀਚ-ਟੂ-ਟੈਕਸਟ ਅਤੇ ਟੈਕਸਟ-ਟੂ-ਸਪੀਚ ਕਨਵਰਟਰਜ਼, ਇੰਟੈਲੀਜੈਂਟ ਟਿਊਸ਼ਨ ਸਿਸਟਮ, ਅਤੇ ਵਰਚੁਅਲ ਰਿਐਲਿਟੀ ਵਾਤਾਵਰਣ ਵਰਗੇ ਟੂਲ ਸਿੱਖਣ ਦੀਆਂ ਵੱਖ-ਵੱਖ ਲੋੜਾਂ ਅਤੇ ਸ਼ੈਲੀਆਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਹਨ। ਉਦਾਹਰਣ ਲਈ, ਆਰਟੀ.ਫੀਸ਼ਲ ਇੰਟੈਲੀਜੈਂਸ-ਸੰਚਾਲਿਤ ਐਪਸ ਲਿਖਤੀ ਸਮੱਗਰੀ ਨੂੰ ਬਰੇਲ ਜਾਂ ਭਾਸ਼ਣ ਵਿੱਚ ਬਦਲ ਕੇ ਨੇਤਰਹੀਣ ਵਿਦਿਆਰਥੀਆਂ ਦੀ ਮਦਦ ਕਰ ਸਕਦੇ ਹਨ।

ਬੁੱਧੀਮਾਨ ਟਿਊਸ਼ਨ ਸਿਸਟਮ: ਇੰਟੈਲੀਜੈਂਟ ਟਿਊਸ਼ਨ ਸਿਸਟਮ (ਆਈ. ਟੀ. ਐੱਸ) ਆਰਟੀ.ਫੀਸ਼ਲ ਇੰਟੈਲੀਜੈਂਸ ਐਪਲੀਕੇਸ਼ਨ ਹਨ ਜੋ ਵਿਦਿਆਰਥੀਆਂ ਨੂੰ ਅਨੁਕੂਲਿਤ ਹਦਾਇਤਾਂ ਅਤੇ ਫੀਡਬੈਕ ਪ੍ਰਦਾਨ ਕਰਦੇ ਹਨ। ਇਹ ਪ੍ਰਣਾਲੀਆਂ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਇੱਕ-ਨਾਲ-ਨਾਲ ਗੱਲਬਾਤ ਦੀ ਨਕਲ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਉਹ ਵਿਦਿਆਰਥੀ ਦੇ ਜਵਾਬਾਂ ਦੇ ਆਧਾਰ ’ਤੇ ਸਵਾਲ ਪੁੱਛ ਸਕਦੇ ਹਨ, ਸੰਕੇਤ ਦੇ ਸਕਦੇ ਹਨ, ਅਤੇ ਮੁਸ਼ਕਲਾਂ ਦੇ ਪੱਧਰ ਨੂੰ ਵੀ ਸੋਧ ਸਕਦੇ ਹਨ। ਕਾਰਨੇਗੀ ਲਰਨਿੰਗ ਦੇ ਮੈਥੀਆ ਸੌਫਟਵੇਅਰ ਵਰਗੇ ਆਈ. ਟੀ. ਐੱਸ ਨੂੰ ਵਿਦਿਆਰਥੀ ਦੀ ਸਿੱਖਣ ਦੀ ਪ੍ਰਗਤੀ ਦੇ ਅਨੁਕੂਲ ਬਣਾ ਕੇ ਗਣਿਤ ਦੀ ਸਿੱਖਿਆ ਦਾ ਸਮਰਥਨ ਕਰਨ ਲਈ ਵਿਆਪਕ ਤੌਰ ’ਤੇ ਵਰਤਿਆ ਜਾ ਰਿਹਾ ਹੈ।ਭਵਿੱਖਬਾਣੀ ਕਰਨ ਵਾਲੇ ਵਿਸ਼ਲੇਸ਼ਣ: ਸਿੱਖਿਆ ਵਿੱਚ ਆਰਟੀ.ਫੀਸ਼ਲ ਇੰਟੈਲੀਜੈਂਸ ਸਿਰਫ਼ ਪੜ੍ਹਾਉਣ ਤਕ ਹੀ ਸੀਮਿਤ ਨਹੀਂ ਹੈ, ਇਹ ਭਵਿੱਖਬਾਣੀ ਵਿਸ਼ਲੇਸ਼ਣ ਵਿੱਚ ਵਿਸਤ੍ਰਿਤ ਹੈ, ਸਿੱਖਿਅਕਾਂ ਅਤੇ ਸੰਸਥਾਵਾਂ ਨੂੰ ਵਿਦਿਆਰਥੀਆਂ ਦੇ ਨਤੀਜਿਆਂ ਵਿੱਚ ਸੁਧਾਰ ਕਰਨ ਅਤੇ ਸਕੂਲ ਛੱਡਣ ਦੀਆਂ ਦਰਾਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਆਰਟੀ.ਫੀਸ਼ਲ ਇੰਟੈਲੀਜੈਂਸ ਸਿਸਟਮ ਭਵਿੱਖ ਦੇ ਪ੍ਰਦਰਸ਼ਨ ਅਤੇ ਸੰਭਾਵੀ ਸਿੱਖਣ ਰੁਕਾਵਟਾਂ ਦੀ ਭਵਿੱਖਬਾਣੀ ਕਰਨ ਲਈ ਵਿਦਿਆਰਥੀਆਂ ਦੇ ਆਪਸੀ ਤਾਲਮੇਲ ਅਤੇ ਸਿੱਖਣ ਦੇ ਪੈਟਰਨਾਂ ਤੋਂ ਡੇਟਾ ਦਾ ਵਿਸ਼ਲੇਸ਼ਣ ਕਰ ਸਕਦੇ ਹਨ। ਇਹ ਯੋਗਤਾ ਸਿੱਖਿਅਕਾਂ ਨੂੰ ਛੇਤੀ ਦਖਲ ਦੇਣ ਦੇ ਯੋਗ ਬਣਾਉਂਦੀ ਹੈ, ਵਿਦਿਆਰਥੀਆਂ ਨੂੰ ਸਫਲ ਹੋਣ ਵਿੱਚ ਮਦਦ ਕਰਨ ਲਈ ਵਾਧੂ ਸਰੋਤ ਜਾਂ ਸਹਾਇਤਾ ਪ੍ਰਦਾਨ ਕਰਦੀ ਹੈ।

ਚੁਣੌਤੀਆਂ ਅਤੇ ਨੈਤਿਕ ਵਿਚਾਰ: ਬਹੁਤ ਸਾਰੇ ਲਾਭਾਂ ਦੇ ਬਾਵਜੂਦ, ਸਿੱਖਿਆ ਵਿੱਚ ਆਰਟੀ.ਫੀਸ਼ਲ ਇੰਟੈਲੀਜੈਂਸ ਦੀ ਵਰਤੋਂ ਚੁਣੌਤੀਆਂ ਅਤੇ ਨੈਤਿਕ ਵਿਚਾਰਾਂ ਦੇ ਨਾਲ ਆਉਂਦੀ ਹੈ। ਡਾਟਾ ਗੋਪਨੀਯਤਾ, ਸੁਰੱਖਿਆ ਅਤੇ ਆਰਟੀ.ਫੀਸ਼ਲ ਇੰਟੈਲੀਜੈਂਸ ਐਲਗਰਿਦਮ ਵਿੱਚ ਪੱਖਪਾਤ ਦੀ ਸੰਭਾਵਨਾ ਵਰਗੇ ਮੁੱਦੇ ਮਹੱਤਵਪੂਰਨ ਚਿੰਤਾਵਾਂ ਹਨ। ਇਸ ਤੋਂ ਇਲਾਵਾ ਇਹ ਡਰ ਹੈ ਕਿ ਆਰਟੀ.ਫੀਸ਼ਲ ਇੰਟੈਲੀਜੈਂਸ ਡਿਜਿਟਲ ਵੰਡ ਨੂੰ ਵਧਾ ਸਕਦਾ ਹੈ (**ਬਾਕੀ ਸਫ਼ਾ 31 ’ਤੇ**)

# ਵੱਡੀ ਗਿਣਤੀ ਵੋਟਰਾਂ ਦੀ ਚੋਣਾਂ ਵਿੱਚ ਦਿਲਚਸਪੀ ਕਿਉਂ ਘਟੀ ?



ਡਾ. ਸ. ਸ. ਛੀਨਾ

ਇਸ ਵਕਤ ਭਾਰਤ ਵੋਟਰਾਂ ਦੀ ਗਿਣਤੀ ਦੇ ਪੱਖ ਤੋਂ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਅਤੇ ਉਸ ਤੋਂ ਬਾਅਦ ਦੂਸਰੇ ਨੰਬਰ 'ਤੇ ਅਮਰੀਕਾ ਦਾ ਲੋਕਤੰਤਰ ਹੈ। ਭਾਵੇਂ ਕਿਸੇ ਵਕਤ ਚੀਨ ਵਸੋਂ ਦੇ ਹਿਸਾਬ ਨਾਲ ਦੁਨੀਆਂ ਦਾ ਸਭ ਤੋਂ ਵੱਡਾ ਦੇਸ਼ ਸੀ ਪਰ ਉਥੇ ਕਮਿਊਨਿਸਟ ਪਾਰਟੀ ਜਾਂ ਇਕੋ ਇੱਕ ਪਾਰਟੀ ਦੀ ਹਕੂਮਤ ਹੋਣ ਕਰਕੇ ਉਸ ਨੂੰ ਇੱਕ ਲੋਕਤੰਤਰਿਕ ਦੇਸ਼ ਨਹੀਂ ਮੰਨਿਆ ਜਾਂਦਾ। ਭਾਵੇਂ ਕਿ ਚੀਨ ਅਤੇ ਉਸ ਵਰਗੇ ਹੋਰ ਦੋ ਕਮਿਊਨਿਸਟ ਦੇਸ਼ ਕਿਊਬਾ ਅਤੇ ਉੱਤਰੀ ਕੋਰੀਆ ਆਪਣੇ-ਆਪ ਨੂੰ ਦੁਨੀਆਂ ਦਾ ਸਭ ਤੋਂ ਉੱਤਮ ਲੋਕਤੰਤਰ ਮੰਨਦੇ ਹਨ। ਇੱਕ ਦੇਸ਼ ਦੀ ਮੁੱਖ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਥੇ ਵਿਚਾਰ ਪੇਸ਼ ਕਰਨ ਅਤੇ ਸਿਧਾਂਤ ਘੜਨ, ਉਨ੍ਹਾਂ ਸਿਧਾਂਤਾਂ ਵਿੱਚ ਤਬਦੀਲੀਆਂ ਕਰਨ ਅਤੇ ਇਸ ਸਭ ਕੁਝ ਸੰਬੰਧੀ ਆਪਣੀ ਰਾਇ ਰੱਖਣ ਦੀ ਪੂਰੀ ਖੁੱਲ੍ਹ ਹੁੰਦੀ ਹੈ। ਲੋਕਤੰਤਰ ਬਰਾਬਰੀ ਦੇ ਸਿਧਾਂਤ 'ਤੇ ਆਧਾਰਿਤ ਹੈ ਹਰ ਕੋਈ ਇਸ ਵਿੱਚ ਚੋਣ ਲੜਨ, ਵੋਟ ਪਾਉਣ ਅਤੇ ਚੋਣਾਂ ਵਿੱਚ ਕਿਸੇ ਵੀ ਵਿਅਕਤੀ ਜਾਂ ਪਾਰਟੀ ਦੀ ਮਦਦ ਕਰਨ ਦਾ ਅਧਿਕਾਰ ਰੱਖਦਾ ਹੈ।

ਭਾਰਤ ਵਿੱਚ ਅੱਜ ਕੱਲ੍ਹ ਲੋਕ ਸਭਾ ਦੀਆਂ ਚੋਣਾਂ ਚੱਲ ਰਹੀਆਂ ਹਨ। ਹੁਣ ਤਕ ਸੱਤਾ ਵਿਚੋਂ ਪੰਜ ਗੇੜਾਂ ਦੀਆਂ ਵੋਟਾਂ ਪੈ ਚੁੱਕੀਆਂ ਹਨ। ਪਹਿਲੇ ਗੇੜ ਵਿੱਚ 66.14 ਫ਼ੀਸਦੀ, ਦੂਜੇ ਗੇੜ 'ਚ 66.71 ਫ਼ੀਸਦੀ, ਤੀਜੇ ਗੇੜ 'ਚ 67 ਫ਼ੀਸਦੀ ਮਤਦਾਨ ਹੋਇਆ ਹੈ। ਇਸ ਤਰ੍ਹਾਂ ਵੇਖੀਏ ਤਾਂ ਚੋਣਾਂ ਦੇ ਪਹਿਲੇ ਗੇੜ ਵਿੱਚ ਵੋਟਾਂ ਦਾ ਅਨੁਪਾਤ ਉਨ੍ਹਾਂ ਹਲਕਿਆਂ ਦੀਆਂ ਕੁੱਲ ਵੋਟਾਂ ਦਾ ਸਿਰਫ਼ 66 ਫ਼ੀਸਦੀ ਰਿਹਾ ਹੈ, ਜਿਸ ਦਾ ਅਰਥ ਹੈ ਕਿ ਉਨ੍ਹਾਂ ਹਲਕਿਆਂ ਦੇ 100 ਵਿਚੋਂ 34 ਲੋਕਾਂ ਨੇ ਵੋਟਾਂ ਨਹੀਂ ਪਾਈਆਂ। ਕਦੀ ਵੀ ਚੋਣਾਂ ਵਿੱਚ ਪੂਰੀਆਂ ਵੋਟਾਂ ਤਾਂ ਨਹੀਂ ਪੈਂਦੀਆਂ, ਪਰ ਚੰਗੇ ਲੋਕਤੰਤਰ ਲਈ ਇੱਕ ਦੇਸ਼ ਵਿੱਚ ਵੱਧ ਤੋਂ ਵੱਧ ਵੋਟਾਂ ਪੈਣਾ ਜ਼ਰੂਰੀ ਮੰਨਿਆ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਦਿਨੋ-ਦਿਨ ਚੋਣਾਂ ਵਿੱਚ ਪੈਸੇ ਦੀ ਵਧਦੀ ਹੋਈ ਭੂਮਿਕਾ ਕਰਕੇ ਹਰ ਕੋਈ ਚੋਣਾਂ ਵਿੱਚ ਖੜ੍ਹੇ ਹੋਣ ਦਾ ਹੌਸਲਾ ਤਾਂ ਨਹੀਂ ਕਰ ਸਕਦਾ, ਪਰ ਹਰ ਕੋਈ ਵੋਟ ਤਾਂ ਪਾ ਹੀ ਸਕਦਾ ਹੈ। ਪਰ ਕੀ ਕਾਰਨ ਹਨ ਕਿ ਵੋਟਾਂ ਵੀ ਸਾਰਿਆਂ ਵੋਟਰਾਂ ਵਲੋਂ ਨਹੀਂ ਪਾਈਆਂ ਜਾਂਦੀਆਂ। ਇਹ ਰੁਝਾਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਵੋਟਰਾਂ ਦੇ ਵੋਟਾਂ ਵਿੱਚ ਹਿੱਸਾ ਨਾ ਲੈਣ ਦੇ ਕਾਰਨਾਂ ਦੀ ਘੋਖ ਕੀਤੀ ਜਾਵੇ ਅਤੇ ਉਸ ਦਾ ਹੱਲ ਵੀ ਕੀਤਾ ਜਾਵੇ।

ਏ.ਡੀ.ਆਰ. (ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮ) ਭਾਵੇਂ ਚੋਣਾਂ ਵਿਚ ਸੁਧਾਰ ਲਈ ਕਈ ਨਵੀਆਂ ਰਵਾਇਤਾਂ ਸ਼ੁਰੂ ਕਰਵਾਉਣ ਵਿੱਚ ਸਫ਼ਲ ਹੋਈ ਹੈ, ਪਰ ਕਈ ਉਹ ਮੁੱਦੇ ਹਨ, ਜਿਸ ਬਾਰੇ ਉਨ੍ਹਾਂ ਦੀ ਪਹੁੰਚ ਸੀਮਤ ਹੋਣ ਕਰਕੇ ਉਨ੍ਹਾਂ ਬਾਰੇ ਉੱਦਮ ਨਹੀਂ ਕੀਤੇ ਗਏ। ਭਾਵੇਂ ਕਿ ਸਫ਼ਲ ਲੋਕਤੰਤਰ ਲਈ ਉਹ ਬਹੁਤ ਜ਼ਰੂਰੀ ਹਨ। ਉਨ੍ਹਾਂ ਮੁੱਦਿਆਂ 'ਤੇ ਡੂੰਘਾ ਗੌਰ ਕਰਨ ਨਾਲ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਦੇ ਆਰਥਿਕ ਤੇ ਸਮਾਜਕ ਪਹਿਲੂ ਹਨ।

ਲੋਕਤੰਤਰ ਦੀਆਂ ਦੋ ਮੁਢਲੀਆਂ ਸ਼ਰਤਾਂ ਹਨ। ਪਹਿਲੀ ਹੈ 100 ਫ਼ੀਸਦੀ ਸਾਖ਼ਰਤਾ ਦੀ ਦਰ ਭਾਵ ਪੜ੍ਹਿਆਂ-ਲਿਖਿਆਂ ਦਾ 100 ਫ਼ੀਸਦੀ ਹੋਣਾ। ਭਾਵੇਂ ਕਿ ਭਾਰਤ ਵਿੱਚ ਪੜ੍ਹੇ-ਲਿਖੇ ਦੀ ਪਰਿਭਾਸ਼ਾ ਇਹ ਹੈ ਕਿ ਜਿਹੜਾ ਵਿਅਕਤੀ ਵੀ 8ਵੀਂ ਜਮਾਤ ਪਾਸ ਕਰ ਗਿਆ ਉਹ ਪੜ੍ਹਿਆ-ਲਿਖਿਆ ਗਿਣਿਆ ਜਾਂਦਾ ਹੈ, ਪਰ ਇਸ ਗੱਲ ਨੂੰ ਮੰਨਿਆ ਜਾਣਾ ਚਾਹੀਦਾ ਹੈ ਕਿ ਸਿਰਫ਼ 8 ਜਮਾਤਾਂ ਪਾਸ ਕਰਨ ਨਾਲ ਅੰਤਰਰਾਸ਼ਟਰੀ ਸਥਿਤੀ, ਰਾਜਨੀਤਕ ਸਿਧਾਂਤਾਂ ਦਾ ਤੁਲਨਾਤਮਿਕ ਮੁਕਾਬਲਾ ਅਤੇ ਠੀਕ-ਠਾਕ ਰਾਜਨੀਤਕ ਅਤੇ ਆਰਥਿਕ ਨੀਤੀਆਂ ਨੂੰ ਸਮਝਣ ਵਿੱਚ ਏਨਾ ਕੁ ਪੜ੍ਹੇ ਵਿਅਕਤੀ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ ਹਨ, ਪਰ ਫਿਰ ਵੀ ਭਾਰਤ ਵਿੱਚ 77 ਸਾਲਾਂ ਦੀ ਸੁਤੰਤਰਤਾ ਤੋਂ ਬਾਅਦ ਵੀ ਪੜ੍ਹਿਆਂ-ਲਿਖਿਆਂ ਦੀ ਦਰ ਸਿਰਫ਼ 75 ਫ਼ੀਸਦੀ ਹੈ, ਜਿਸ ਦਾ ਅਰਥ ਹੈ ਕਿ 100 ਵਿਚੋਂ 26 ਵਿਅਕਤੀ ਅਨਪੜ੍ਹ ਹਨ, ਇਸ ਲਈ ਪਹਿਲੀ ਸ਼ਰਤ ਪੂਰੀ ਨਹੀਂ ਹੁੰਦੀ। ਸਫ਼ਲ ਲੋਕਤੰਤਰ ਦੀ ਦੂਸਰੀ ਸ਼ਰਤ ਹੈ ਖ਼ੁਸ਼ਹਾਲੀ ਦਾ ਹੋਣਾ ਜਾਂ ਕਿਸੇ ਵੀ ਪਰਿਵਾਰ ਲਈ ਕੋਈ



ਆਰਥਿਕ ਸਮੱਸਿਆ ਦਾ ਨਾ ਹੋਣਾ, ਨਾ ਬੇਰੁਜ਼ਗਾਰੀ ਹੋਣੀ, ਨਾ ਖ਼ਰੀਦ ਸ਼ਕਤੀ ਦੀ ਕਮੀ ਹੋਣੀ ਅਤੇ ਨਾ ਹੀ ਬੱਚਿਆਂ ਦੀ ਸਰਬਪੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਕੋਈ ਆਰਥਿਕ ਰੁਕਾਵਟ ਹੋਣੀ। ਪਰ ਇਹ ਗੱਲ ਪ੍ਰਤੱਖ ਹੈ ਕਿ ਦੇਸ਼ ਦੇ 3 ਕਰੋੜ ਬੱਚੇ ਬਾਲ ਮਜ਼ਦੂਰੀ ਕਰ ਰਹੇ ਹਨ, ਜਦੋਂ ਕਿ ਗ਼ੈਰ-ਸਰਕਾਰੀ ਰਿਪੋਰਟਾਂ ਵਿੱਚ ਇਹ ਗੱਲ ਸਾਹਮਣੇ ਆਉਂਦੀ ਹੈ ਕਿ 4 ਕਰੋੜ ਬੱਚੇ ਅੱਧ ਵਿਚਾਲਿਓਂ ਸਕੂਲ ਛੱਡ ਜਾਂਦੇ ਹਨ। ਇਹ ਤਾਂ ਜ਼ਾਹਿਰ ਹੀ ਹੈ ਕਿ ਸਕੂਲ ਛੱਡ ਰਹੇ 4 ਕਰੋੜ ਬੱਚੇ ਸਕੂਲ ਛੱਡ ਕੇ ਕੋਈ ਮੌਜ ਮੇਲਾ ਤਾਂ ਨਹੀਂ ਕਰ ਰਹੇ ਹੋਣਗੇ, ਸਗੋਂ ਉਹ ਵੀ ਕਿਰਤ ਹੀ ਕਰਦੇ ਹੋਣਗੇ। ਉਨ੍ਹਾਂ ਦੇ ਪਰਿਵਾਰਾਂ ਦੀ ਆਰਥਿਕ ਮਜਬੂਰੀ ਹੀ ਇਸ ਦੀ ਵਜ੍ਹਾ ਹੋਵੇਗੀ। ਇਨ੍ਹਾਂ ਪਰਿਵਾਰਾਂ ਵੱਲੋਂ ਚੋਣਾਂ ਵਿੱਚ ਖੜ੍ਹੇ ਹੋਣਾ ਤਾਂ ਦੂਰ ਦੀ ਗੱਲ ਰਹੀ, ਉਨ੍ਹਾਂ ਦੀ ਚੋਣਾਂ ਵਿੱਚ ਵੋਟਾਂ ਪਾਉਣ ਵਿੱਚ ਵੀ ਕਿੰਨੀ ਕੁ ਦਿਲਚਸਪੀ ਹੋਵੇਗੀ, ਇਸ ਗੱਲ ਦਾ ਅੰਦਾਜ਼ਾ ਹਰ ਸਾਧਾਰਨ ਵਿਅਕਤੀ ਭਲੀ-ਭਾਂਤ ਲਗਾ ਸਕਦਾ ਹੈ।

ਜੇ ਯੂਰਪ, ਅਮਰੀਕਾ ਅਤੇ ਆਸਟ੍ਰੇਲੀਆ ਮਹਾਦੀਪਾਂ ਦੇ ਦੇਸ਼ਾਂ ਦੇ ਲੋਕਤੰਤਰ 'ਤੇ ਨਜ਼ਰ ਮਾਰੀਏ ਤਾਂ ਇਕ ਹੋਰ ਵਿਸ਼ੇਸ਼ਤਾ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਦੇਸ਼ਾਂ ਦੀ ਖ਼ੁਸ਼ਹਾਲੀ ਉਨ੍ਹਾਂ ਦੇਸ਼ਾਂ ਦੀ ਆਮਦਨ ਬਰਾਬਰੀ 'ਤੇ ਆਧਾਰਿਤ ਹੈ, ਜਿਸ ਕਰਕੇ ਸਮਾਜਿਕ ਬਰਾਬਰੀ ਆਪਣੇ-ਆਪ ਹੀ ਹੋ ਜਾਂਦੀ ਹੈ। ਇਹੋ ਵਜ੍ਹਾ ਹੈ ਕਿ ਉਥੇ ਅਮੀਰ ਤੋਂ ਅਮੀਰ ਵਿਅਕਤੀ ਵੀ ਡਰਾਈਵਰ ਅਤੇ ਘਰ ਵਿੱਚ ਨੌਕਰ ਨਹੀਂ ਰੱਖਦਾ, ਕਿਉਂ ਕਿ ਉਨ੍ਹਾਂ ਨੇ ਵੀ ਓਨੀ ਹੀ ਤਨਖ਼ਾਹ ਲੈਣੀ ਹੈ, ਜਿੰਨੀ ਉਨ੍ਹਾਂ ਦੀ ਆਮਦਨ ਹੈ। ਉਨ੍ਹਾਂ ਦੇਸ਼ਾਂ ਦੀ ਵਿਸ਼ੇਸ਼ਤਾਈ ਹੈ ਕਿ ਉਥੇ ਧਨ ਦੀ ਮਾਲਕੀ ਵਿੱਚ ਤਾਂ ਬਹੁਤ ਵੱਡਾ ਫ਼ਰਕ ਹੈ, ਪਰ ਆਮਦਨ ਦੀ ਨਾਬਰਾਬਰੀ ਨਹੀਂ, ਜਿਸ ਨੂੰ ਉਨ੍ਹਾਂ ਦੀ ਸਮਾਜਿਕ ਪ੍ਰਣਾਲੀ ਨੇ ਨਹੀਂ, ਸਗੋਂ ਕਰ ਨੀਤੀ ਨੇ ਠੀਕ ਬਣਾਇਆ ਹੋਇਆ ਹੈ। ਉਤਲੀ ਆਮਦਨ 'ਤੇ 97 ਫ਼ੀਸਦੀ ਤਕ ਦਾ ਟੈਕਸ ਹੈ। ਸਰਚਾਰਜ ਹੈ ਅਤੇ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਆਮਦਨ ਬਰਾਬਰੀ ਬਣੀ ਰਹੇਗੀ। ਉਨ੍ਹਾਂ ਦੇਸ਼ਾਂ ਵਿੱਚ ਇੱਕ ਵੀ ਬੱਚਾ ਬਾਲ ਕਿਰਤ ਨਹੀਂ ਕਰ ਰਿਹਾ ਹੁੰਦਾ। ਇਸ ਮਜ਼ਬੂਤ ਆਰਥਿਕ ਬਰਾਬਰੀ ਨੇ ਉਥੋਂ ਦੇ ਲੋਕਤੰਤਰ ਨੂੰ ਸਫ਼ਲ ਕੀਤਾ ਹੈ। ਇਹੋ ਵਜ੍ਹਾ ਹੈ ਕਿ ਉਥੇ ਨਾ ਕੋਈ ਚੋਣ ਰੈਲੀ, ਨਾ ਜਲੂਸ ਅਤੇ ਨਾ ਹੀ ਪ੍ਰਚਾਰ ਲਈ ਭੀੜ ਇਕੱਠੀ ਕਰਨੀ ਪੈਂਦੀ ਹੈ ਕੋਰੋਨਾ ਕਾਲ ਦੇ ਸਮੇਂ ਜਦੋਂ ਦੇਸ਼ ਭਰ ਵਿੱਚ ਤਾਲਾਬੰਦੀ ਕਰ ਦਿੱਤੀ ਗਈ ਸੀ ਤਾਂ ਇਹ ਗੱਲ ਸਾਹਮਣੇ ਆਈ ਸੀ ਕਿ ਦੇਸ਼ ਵਿੱਚ ਕੋਈ 9 ਕਰੋੜ ਉਹ ਕਿਰਤੀ ਹਨ, ਜਿਹੜੇ ਆਪਣੇ ਘਰਾਂ ਤੋਂ ਸੈਂਕੜੇ ਮੀਲ ਦੂਰ ਜਾ ਕੇ ਵੱਡੇ-ਵੱਡੇ ਸ਼ਹਿਰਾਂ ਵਿੱਚ ਕੰਮ ਕਰ ਰਹੇ ਹਨ। ਕਿਰਤ ਬੰਦ ਹੋਣ ਕਰਕੇ ਉਨ੍ਹਾਂ ਦਾ ਉਨ੍ਹਾਂ ਸ਼ਹਿਰਾਂ ਵਿੱਚ ਰਹਿਣਾ ਸੰਭਵ ਨਹੀਂ ਸੀ ਰਿਹਾ। ਇਸ ਲਈ ਆਪਣੇ ਪਰਿਵਾਰ ਸਮੇਤ ਸੈਂਕੜੇ ਮੀਲ ਦੂਰ ਆਪਣੇ ਪਿੰਡਾਂ ਵੱਲ ਪੈਦਲ ਜਾਂ ਸਾਈਕਲ 'ਤੇ ਵਾਪਸ ਮੁੜਨਾ ਪਿਆ ਸੀ ਉਂਝ ਤਾਂ ਘਰ ਇੱਟਾਂ ਪੱਥਰਾਂ ਦਾ ਬਣਿਆ ਹੁੰਦਾ ਹੈ ਅਤੇ ਉਸ ਵਿੱਚ ਮੰਜੇ-ਬਿਸਤਰੇ ਅਤੇ ਫਰਨੀਚਰ ਤੋਂ ਇਲਾਵਾ ਬਿਜਲੀ ਨਾਲ ਚੱਲਣ ਵਾਲਾ ਸਾਮਾਨ ਵੀ ਹੁੰਦਾ ਹੈ, ਪਰ ਉਸ ਵਕਤ ਉਨ੍ਹਾਂ ਕਿਰਤੀਆਂ ਨੇ ਆਪਣੇ ਸਾਰੇ ਘਰ ਦੇ ਸਾਮਾਨ ਨੂੰ ਜਾਂ ਇਹ ਕਹਿ ਲਵੋ ਕਿ ਆਪਣੇ ਸਾਰੇ ਘਰ ਨੂੰ ਹੀ ਇਕ ਗਠੜੀ ਵਿੱਚ ਬੰਨ੍ਹ ਕੇ ਜਾਂ ਸਿਰਾਂ 'ਤੇ ਚੁੱਕ ਲਿਆ ਜਾਂ ਸਾਈਕਲ 'ਤੇ ਲੱਦ ਲਿਆ ਅਤੇ ਇਹ ਗੱਲ ਸਿਰਫ਼ ਉਨ੍ਹਾਂ ਨੇ ਹੀ ਮਹਿਸੂਸ ਨਹੀਂ ਸੀ ਕੀਤੀ, ਸਗੋਂ ਦੇਸ਼ ਦੇ ਹੋਰ ਕਰੋੜਾਂ ਲੋਕਾਂ ਨੇ ਵੀ ਮਹਿਸੂਸ ਕੀਤੀ ਸੀ ਕਿ ਉਨ੍ਹਾਂ ਦਾ ਸਾਰਾ ਘਰ ਤਾਂ ਇੱਕ ਗਠੜੀ ਵਿੱਚ ਹੀ ਬੰਨ੍ਹਿਆ ਗਿਆ ਹੈ, ਪਰ ਹੁਣ ਦੋ ਸਾਲ ਬੀਤਣ ਤੋਂ ਬਾਅਦ ਇਸ ਵੱਡੇ ਮੁੱਦੇ ਵੱਲ ਕਿੰਨਾ ਕੁ ਧਿਆਨ ਦਿੱਤਾ ਗਿਆ ਹੈ, ਇਹ ਵੀ ਸੋਚਣ ਵਾਲੀ ਗੱਲ ਹੈ। ਉਹ ਲੋਕ ਜਿਨ੍ਹਾਂ ਨੇ ਆਪਣਾ ਘਰ ਹੀ ਇੱਕ ਗਠੜੀ ਵਿੱਚ ਬੰਨ੍ਹ ਲਿਆ ਸੀ, ਉਨ੍ਹਾਂ ਦੀ ਇਨ੍ਹਾਂ ਚੋਣਾਂ ਵਿੱਚ ਕਿੰਨੀ ਕੁ ਦਿਲਚਸਪੀ ਹੋਵੇਗੀ ?

ਦੇਸ਼ ਵਿਚ 22 ਫ਼ੀਸਦੀ ਵਸੋਂ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ, ਜਦੋਂ ਕਿ ਗ਼ਰੀਬੀ ਦੀ ਰੇਖਾ ਪਾਰ ਕਰਨ ਦੀ ਪਰਿਭਾਸ਼ਾ ਇਹ ਹੈ ਕਿ ਜਿਸ ਵਿਅਕਤੀ ਦਾ ਸ਼ਹਿਰ ਵਿੱਚ 32 ਰੁਪਏ ਅਤੇ ਪਿੰਡਾਂ ਵਿੱਚ 27 ਰੁਪਏ ਤੋਂ ਜ਼ਿਆਦਾ ਖ਼ਰਚ ਹੈ ਉਹ ਗਰੀਬੀ ਦੀ ਰੇਖਾ ਤੋਂ ਉੱਪਰ ਹੋ ਗਿਆ ਹੈ ਜਦੋਂ ਕਿ ਇੰਨੇ ਪੈਸਿਆਂ ਨਾਲ ਇੱਕ ਵਕਤ ਦੀ ਰੋਟੀ ਵੀ ਨਹੀਂ ਖਾਧੀ ਜਾ ਸਕਦੀ, ਉਹ ਲੋਕ ਵੋਟਾਂ ਵਿੱਚ ਕਿੰਨੀ ਕੁ ਦਿਲਚਸਪੀ ਰੱਖ ਸਕਦੇ ਹਨ ?

ਭਾਵੇਂ ਕਿ ਦੇਸ਼ ਦੇ 93 ਫ਼ੀਸਦੀ ਕਿਰਤੀ ਅਸੰਗਠਿਤ ਖੇਤਰ ਦੇ ਕਰਮਚਾਰੀ ਹਨ, ਜਿਨ੍ਹਾਂ ਦੀ ਨੌਕਰੀ ਦੀ ਕੋਈ ਗਾਰੰਟੀ ਨਹੀਂ, ਪਰ ਇਹ ਰੁਝਾਨ 1991 ਤੋਂ ਬਾਅਦ ਵਧਦਾ ਗਿਆ ਹੈ ਅਤੇ ਬਹੁਤ ਸਾਰੇ ਕਾਰੋਬਾਰੀ ਠੇਕੇ ਦੇ ਕਿਰਤੀ ਰੱਖ ਕੇ ਉਨ੍ਹਾਂ ਦਾ ਜ਼ਿਆਦਾ ਸ਼ੋਸ਼ਣ ਕਰਦੇ ਹਨ। ਅਜਿਹੇ ਕਿਰਤੀਆਂ ਦਾ ਜ਼ਿਆਦਾ ਧਿਆਨ ਅਤੇ ਸਮਾਂ ਆਪਣੇ ਕੰਮ ਨੂੰ ਪੱਕਾ ਕਰਾਉਣ ਵੱਲ ਹੀ ਲੱਗਾ ਰਹਿੰਦਾ ਹੈ।

(ਬਾਕੀ ਸਫ਼ਾ 31 'ਤੇ)

# ਮਜ਼ਬੂਤ ਅਰਥਵਿਵਸਥਾ ਵਾਲੇ ਦੇਸ਼ ਭਾਰਤ 'ਚ ਨੌਜਵਾਨ ਬੇਰੁਜ਼ਗਾਰ ਕਿਉਂ ?

ਨਵਤੇਜ ਸਿੰਘ

ਆਰਥਿਕ ਪੱਖੋਂ ਭਾਰਤ ਦੇ ਜ਼ਮੀਨੀ ਹਾਲਾਤ ਭਾਵੇਂ ਕੁਝ ਵੀ ਬਿਆਨ ਕਰਦੇ ਹੋਣ, ਪਰ ਮੌਜੂਦਾ ਦ੍ਰਿਸ਼ ਇਸ ਨੂੰ ਵਿਕਾਸ ਦੇ ਮਾਰਗ 'ਤੇ ਨਿਰੰਤਰ ਅੱਗੇ ਵਧਦਾ ਦਰਸਾਉਣ ਵਾਲਾ ਹੈ। ਅਜਿਹੇ ਸਮੇਂ ਬੁੱਧੀਜੀਵੀ ਵਰਗ ਨੂੰ ਸਮਝ ਨਹੀਂ ਆ ਰਹੀ ਕਿ ਭੁੱਖਮਰੀ, ਕੰਗਾਲੀ ਤੇ ਗ਼ਰੀਬੀ ਨਾਲ ਜੂਝ ਰਹੇ ਆਮ ਲੋਕਾਂ ਦਾ ਦੇਸ਼ ਅਮਰੀਕਾ, ਚੀਨ, ਜਾਪਾਨ ਤੇ ਜਰਮਨੀ ਵਰਗੇ ਵਿਕਸਿਤ ਤੇ ਸਾਧਨ ਸੰਪੰਨ ਦੇਸ਼ਾਂ ਨੂੰ ਪਛਾੜਨ ਦੇ ਦਮਗਜੇ ਕਿਵੇਂ ਮਾਰ ਰਿਹਾ ਹੈ ? ਇੱਕ ਪਾਸੇ ਭਾਰਤ ਦੀ ਤੁਲਨਾ ਅਮਰੀਕਾ ਵਰਗੇ ਵਿਕਸਿਤ ਦੇਸ਼ਾਂ ਨਾਲ ਕੀਤੀ ਜਾਂਦੀ ਹੈ, ਦੂਜੇ ਪਾਸੇ ਦੇਸ਼ ਦੀ 80 ਕਰੋੜ ਆਬਾਦੀ ਨੂੰ ਆਰਥਿਕ ਪੱਖੋਂ ਕਮਜ਼ੋਰ ਮੰਨ ਕੇ ਮੁਫ਼ਤ ਰਾਸ਼ਨ ਵੰਡਿਆ ਜਾ ਰਿਹਾ ਹੈ। ਅਸਲ 'ਚ ਚੋਣਾਂ ਨੇੜੇ ਆਉਣ ਕਾਰਨ ਦੇਸ਼ ਦੇ ਆਰਥਿਕ ਵਿਕਾਸ ਦਾ ਏਨਾ ਪ੍ਰਚਾਰ-ਪ੍ਰਸਾਰ ਕੀਤਾ ਜਾ ਰਿਹਾ ਹੈ ਕਿ ਲੋਕਾਂ ਦਾ ਦੇਸ਼ ਦੀਆਂ ਤਲਖ ਹਕੀਕਤਾਂ ਵੱਲ ਧਿਆਨ ਨਾ ਜਾਵੇ। ਬਿਨਾਂ ਸ਼ੱਕ ਭਾਰਤ ਵਿਕਸਿਤ ਦੇਸ਼ ਬਣਨ ਵੱਲ ਵਧਣਾ ਚਾਹੀਦਾ ਹੈ, ਪਰ ਫ਼ਰਜ਼ੀ ਅੰਕੜਿਆਂ ਦੇ ਬਲਬੂਤੇ ਇਹ ਕਦੇ ਵੀ ਸੰਭਵ ਨਹੀਂ ਹੋਵੇਗਾ। ਸਰਕਾਰ ਮੁਤਾਬਿਕ ਜੇਕਰ ਮੰਨ ਲਿਆ ਜਾਵੇ ਕਿ ਦੇਸ਼ ਵਿਕਸਿਤ ਦੇਸ਼ਾਂ ਦੀ ਬਰਾਬਰੀ ਕਰ ਰਿਹਾ ਹੈ ਤਾਂ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਹਾਲਾਤ ਕਿਉਂ ਨਹੀਂ ਬਦਲ ਰਹੇ ? ਜੇਕਰ ਦੇਸ਼ ਆਰਥਿਕ ਪੱਖੋਂ ਮਜ਼ਬੂਤ ਹੈ ਤਾਂ ਸਾਡੇ ਲੋਕ ਸਿਹਤ, ਸਿੱਖਿਆ, ਬਿਜਲੀ, ਸ਼ੁੱਧ ਪਾਣੀ, ਮਕਾਨ ਤੇ ਰੁਜ਼ਗਾਰ ਵਰਗੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਹਾਲੇ ਵੀ ਕਿਉਂ ਤਰਸ ਰਹੇ ਹਨ ? ਤ੍ਰਾਸਦੀ ਹੈ ਕਿ ਅੱਜ ਵੀ ਭਾਰਤ ਵਿੱਚ ਲੱਖਾਂ ਗ੍ਰੈਜੂਏਟ ਤੇ ਡਿਗਰੀਆਂ ਤੇ ਡਿਪਲੋਮਾ ਧਾਰਕ ਨੌਜਵਾਨ ਪੜ੍ਹ-ਲਿਖ ਕੇ ਇੱਕ ਚੌਰਾਹੇ 'ਤੇ ਆਣ ਖਲੋਂਦੇ ਹਨ, ਜਿੱਥੋਂ ਉਨ੍ਹਾਂ ਨੂੰ ਆਪਣੇ ਭਵਿੱਖ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਡਿਗਰੀਆਂ, ਡਿਪਲੋਮਿਆਂ 'ਤੇ ਲੱਖਾਂ ਰੁਪਏ ਖਰਚ ਕਰਕੇ ਵੀ ਉਨ੍ਹਾਂ ਦੇ ਪੱਲੇ ਅਖੀਰ ਨਿਰਾਸ਼ਾ ਹੀ ਪੈਂਦੀ ਹੈ। ਕਈ ਵਾਰ ਆਪਣੇ ਮਾਪਿਆਂ ਦੀਆਂ ਇੱਛਾਵਾਂ ਪੂਰੀਆਂ ਨਾ ਕਰ ਸਕਣ ਕਾਰਨ ਇਹ ਬੇਰੁਜ਼ਗਾਰ ਨੌਜਵਾਨ ਨਸ਼ੇ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੰਦੇ ਹਨ ਜਾਂ ਫਿਰ ਅਪਰਾਧਾਂ ਦੀ ਦੁਨੀਆ ਵੱਲ ਖਿੱਚੇ



ਜਾਂਦੇ ਹਨ।

ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਹੁਣ ਤਾਂ ਦੇਸ਼ ਭਰ 'ਚ 12ਵੀਂ ਜਮਾਤ ਤੋਂ ਅੱਗੇ ਪੜ੍ਹਨ ਦਾ ਰੁਝਾਨ ਹੀ ਵਿਦਿਆਰਥੀਆਂ 'ਚੋਂ ਖ਼ਤਮ ਹੋ ਰਿਹਾ ਹੈ। ਇਸੇ ਕਰਕੇ ਉੱਚ ਸਿੱਖਿਆ ਪ੍ਰਦਾਨ ਕਰ ਰਹੀਆਂ ਕਾਲਜਾਂ ਤੇ ਯੂਨੀਵਰਸਿਟੀਆਂ ਵਰਗੀਆਂ ਸਿੱਖਿਆ ਸੰਸਥਾਵਾਂ ਵਿਦਿਆਰਥੀਆਂ ਦੀ ਘਾਟ ਕਾਰਨ ਆਪਣੇ ਪਤਨ ਵੱਲ ਵਧ ਰਹੀਆਂ ਹਨ। ਵਧੇਰੇ ਮਾਪੇ ਵੀ ਹੁਣ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚੇ ਉੱਚ ਸਿੱਖਿਆ ਹਾਸਿਲ ਕਰਕੇ ਬੇਰੁਜ਼ਗਾਰਾਂ ਦੀਆਂ ਭੀੜਾਂ 'ਚ ਸ਼ਾਮਿਲ ਹੋਣ। ਵਿਦੇਸ਼ ਜਾਣ ਦਾ ਰੁਝਾਨ ਵੀ ਦੇਸ਼ 'ਚ ਬੇਰੁਜ਼ਗਾਰੀ ਦੇ ਵਿਕਰਾਲ ਰੂਪ ਨੇ ਪੈਦਾ ਕੀਤਾ ਹੈ। ਦੇਸ਼ ਭਰ 'ਚੋਂ 7.5 ਲੱਖ ਵਿਦਿਆਰਥੀ ਹਰ ਸਾਲ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਇੰਗਲੈਂਡ, ਜਰਮਨੀ ਵਰਗੇ ਦੇਸ਼ਾਂ 'ਚ ਪੜ੍ਹਨ ਲਈ ਜਾ ਰਹੇ ਹਨ। ਦੇਸ਼ ਦੇ 6.07 ਲੱਖ ਕਰੋੜ ਰੁਪਏ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ, ਟਿਊਸ਼ਨ, ਰਿਹਾਇਸ਼ ਆਦਿ 'ਤੇ ਖਰਚੇ ਲਈ ਹਰ ਸਾਲ ਵਿਦੇਸ਼ ਭੇਜੇ ਜਾਂਦੇ ਹਨ। ਡਾਕਟਰ, ਇੰਜੀਨੀਅਰ, ਵਿਦਵਾਨ, ਅਧਿਆਪਕ ਤੇ ਚਿੰਤਕ ਦੇਸ਼ 'ਚ ਹੁਨਰ ਦੀ ਬੇਕਦਰੀ ਕਾਰਨ ਵਿਦੇਸ਼ਾਂ 'ਚ ਜਾਣ ਲਈ ਮਜਬੂਰ ਹਨ, ਕਿਉਂਕਿ ਉੱਥੋਂ ਦੀਆਂ ਸਰਕਾਰਾਂ ਹੁਨਰ ਦਾ ਮੁੱਲ ਤਾਰਨਾ ਜਾਣਦੀਆਂ ਹਨ। ਹੁਨਰ ਦੀ ਬੇਕਦਰੀ ਹੀ ਕਹੀ ਜਾ ਸਕਦੀ ਹੈ ਕਿ ਪੀ.ਐੱਚ.ਡੀ. ਕਰਕੇ ਨੌਜਵਾਨ ਸਬਜ਼ੀਆਂ ਦੀਆਂ ਰੇਹੜੀਆਂ ਲਾ ਕੇ ਘਰ ਦਾ ਗੁਜ਼ਾਰਾ ਚਲਾਉਂਦੇ ਹਨ।

ਅਖੌਤੀ ਵਿਕਾਸ ਦੇ ਅਜਿਹੇ ਜ਼ਮੀਨੀ ਹਾਲਾਤ ਕਾਰਨ ਨੌਜਵਾਨ ਇੱਥੇ ਰਹਿਣਾ ਪਸੰਦ ਨਹੀਂ ਕਰਦੇ। ਉਹ ਹਰ ਤਰ੍ਹਾਂ ਦਾ ਜਾਨੀ-ਮਾਲੀ ਜੋਖ਼ਮ ਲੈ ਕੇ ਵੀ ਵਿਦੇਸ਼ਾਂ 'ਚ ਕੰਮ ਕਰਨ ਤੇ ਰਹਿਣ ਨੂੰ ਸੁਰੱਖਿਅਤ ਸਮਝਦੇ ਹਨ। 15 ਸਾਲ ਤੋਂ 34 ਸਾਲ ਉਮਰ ਦਰਮਿਆਨ 36 ਫ਼ੀਸਦੀ ਭਾਰਤੀਆਂ ਸਾਹਮਣੇ ਬੇਰੁਜ਼ਗਾਰੀ ਸਭ ਤੋਂ ਵੱਡੀ ਚੁਣੌਤੀ ਹੈ। 2 ਕਰੋੜ ਸਾਲਾਨਾ ਨੌਕਰੀਆਂ ਦੇਣ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਭਾਜਪਾ ਨੇ ਕੇਵਲ 80 ਹਜ਼ਾਰ ਸਾਲਾਨਾ ਨੌਕਰੀਆਂ ਦਿੱਤੀਆਂ। ਇੱਕ ਰਿਪੋਰਟ ਅਨੁਸਾਰ 23 ਕਰੋੜ ਆਬਾਦੀ ਹਾਲੇ ਵੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਇਹ ਲੋਕ ਸਾਲਾਨਾ 72 ਹਜ਼ਾਰ ਤੋਂ ਵੀ ਘੱਟ ਕਮਾਉਂਦੇ ਹਨ। ਵਿਕਸਿਤ ਹੋ ਰਹੇ ਭਾਰਤ ਦੇ ਇਹ ਲੋਕ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਵਾਂਝੇ ਹਨ। ਦੇਸ਼ ਦੇ 18 ਲੱਖ ਤੋਂ ਵੱਧ ਲੋਕ ਆਪਣਾ ਮਕਾਨ ਨਾ ਹੋਣ ਕਾਰਨ ਅਤਿ ਦੀ ਗਰਮੀ ਤੇ ਸਰਦੀ 'ਚ ਖੁੱਲ੍ਹੇ ਅਸਮਾਨ ਹੇਠ ਰਾਤਾਂ ਕੱਟਣ ਲਈ ਮਜਬੂਰ ਹਨ। ਛੱਤੀਸਗੜ੍ਹ ਦੇਸ਼ ਦਾ ਸਭ ਤੋਂ ਗ਼ਰੀਬ ਰਾਜ ਹੈ। ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਮੱਧ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਓਡੀਸ਼ਾ, ਆਸਾਮ, ਮਨੀਪੁਰ ਵਰਗੇ ਰਾਜਾਂ ਦੀ 30 ਤੋਂ 40 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਇਨ੍ਹਾਂ ਲੋਕਾਂ ਨੂੰ ਗ਼ਰੀਬੀ ਰੇਖਾ ਤੋਂ ਬਾਹਰ ਕੱਢਣ ਦੇ ਯਤਨ ਵੀ ਨਾਮਾਤਰ ਹਨ। ਖ਼ੈਰਾਤਾਂ ਨੂੰ ਵਿਕਾਸ ਯੋਜਨਾਵਾਂ ਦਾ ਨਾਂਅ ਦਿੱਤਾ ਜਾ ਰਿਹਾ ਹੈ। ਵੱਧ ਆਬਾਦੀ ਵਾਲੇ ਰਾਜਾਂ 'ਚ ਗ਼ਰੀਬੀ ਏਨੀ ਘੋਰ ਹੈ ਕਿ ਆਟੇ ਦੀ ਮੁਫ਼ਤ ਇੱਕ-ਇੱਕ ਥੈਲੀ ਵੰਡਣ ਵਾਲੀ ਪਾਰਟੀ ਨੂੰ ਇਹ ਲੋਕ ਰੱਬ ਦਾ ਰੂਪ ਮੰਨਦੇ ਹਨ। ਇਨ੍ਹਾਂ ਰਾਜਾਂ 'ਚੋਂ ਕਿਸੇ ਇੱਕ ਪਾਰਟੀ ਨੂੰ ਵੱਡਾ ਬਹੁਮਤ ਮਿਲਣ ਦਾ ਕਾਰਨ ਵਿਕਾਸ ਨਾਲੋਂ ਵਧ ਕੇ ਖ਼ੈਰਾਤਾਂ ਦੀ ਵੰਡ ਹੈ।

(ਬਾਕੀ ਸਫ਼ਾ 31 'ਤੇ)







# ਆਪਣੀ ਆਮਦਨ ਦੇ ਸੋਮਿਆਂ ਨੂੰ ਵਧਾਉਣ ਪੰਜਾਬੀ

ਸਬਜ਼ੀਆਂ, ਫਲ, ਮਸਾਲੇ, ਦਾਲਾਂ ਸਮੇਤ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਅਸਮਾਨੀ ਚੜ੍ਹੀਆਂ ਕੀਮਤਾਂ ਕਾਰਨ ਜ਼ਿਆਦਾਤਰ ਮੱਧਵਰਗੀ ਪਰਿਵਾਰਾਂ ਦੀ ਰਸੋਈ ਦਾ ਬਜਟ ਅਤੇ ਮੂੰਹ ਦਾ ਸਵਾਦ ਵਿਗੜ ਗਿਆ ਹੈ, ਪਰ ਸਮੇਂ ਦੀ ਸਰਕਾਰ ਅਤੇ ਸੱਤਾਧਾਰੀ ਆਗੂ ਇਹ ਦਾਅਵਾ ਕਰਕੇ ਆਪਣੀ ਪਿੱਠ ਥਪਥਪਾਉਣ ਵਿੱਚ ਲੱਗੇ ਹੋਏ ਹਨ ਕਿ ਉਨ੍ਹਾਂ ਨੇ ਮਹਿੰਗਾਈ ਨੂੰ ਕਾਬੂ ਵਿੱਚ ਕਰ ਲਿਆ ਹੈ।

ਇਸ ਸਮੇਂ ਭਾਰਤ ਵਿੱਚ ਲੋਕ ਸਭਾ ਚੋਣਾਂ ਹੋ ਰਹੀਆਂ ਹਨ, ਜਿਨ੍ਹਾਂ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਦਾਅਵਾ ਕਰ ਰਹੀਆਂ ਹਨ ਕਿ ਉਹਨਾਂ ਦੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਮਹਿੰਗਾਈ ਨੂੰ ਪੂਰੀ ਤਰ੍ਹਾਂ ਕਾਬੂ ਵਿੱਚ ਕਰ ਲਿਆ ਜਾਵੇਗਾ ਪਰ ਮਹਿੰਗਾਈ ਨੂੰ ਕਾਬੂ ਕਿਵੇਂ ਕੀਤਾ ਜਾਵੇਗਾ ? ਇਸ ਬਾਰੇ ਕਿਸੇ ਵੀ ਸਿਆਸੀ ਪਾਰਟੀ ਨੇ ਕੋਈ ਏਜੰਡਾ ਵੋਟਰਾਂ ਅੱਗੇ ਪੇਸ਼ ਨਹੀਂ ਕੀਤਾ, ਨਾ ਹੀ ਮਹਿੰਗਾਈ ਘੱਟ ਕਰਨ ਦੇ ਤਰੀਕਿਆਂ ਬਾਰੇ ਕੋਈ ਰੂਪ ਰੇਖਾ ਹੀ ਬਣਾਈ ਹੈ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਮਹਿੰਗਾਈ ਨੂੰ ਕਾਬੂ ਕਰਨ ਦੇ ਸਿਆਸੀ ਪਾਰਟੀਆਂ ਦੇ ਦਾਅਵੇ ਕਿੰਨੇ ਕੁ ਅਸਰਦਾਇਕ ਹਨ।

ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਵੋਟਾਂ ਮੰਗਣ ਆਏ ਉਮੀਦਵਾਰਾਂ ਅਤੇ ਉਹਨਾਂ ਦੇ ਸਮਰਥਕਾਂ ਤੋਂ ਉਹਨਾਂ ਦੀ ਪਾਰਟੀ ਦਾ ਮਹਿੰਗਾਈ ਸਬੰਧੀ ਏਜੰਡਾ ਜ਼ਰੂਰ ਪੁੱਛਣ ਅਤੇ ਇਹ ਵੀ ਸਵਾਲ ਪੁੱਛਣ ਕਿ ਮਹਿੰਗਾਈ ਨੂੰ ਕਾਬੂ ਕਰਨ ਲਈ ਉਹਨਾਂ ਦੀ ਕੀ ਯੋਜਨਾ ਹੈ ? ਨਵੀਂ ਬਣਨ ਵਾਲੀ ਸਰਕਾਰ ਇਹ ਯੋਜਨਾ ਤਾਂ ਹੀ ਬਣਾਏਗੀ ਜੇ ਵੋਟਰ ਚੋਣਾਂ ਸਮੇਂ ਹਰ ਪਾਰਟੀ ਦੇ ਉਮੀਦਵਾਰ ਨੂੰ ਮਹਿੰਗਾਈ ਨੂੰ ਕਾਬੂ ਕਰਨ ਲਈ ਉਹਨਾਂ ਦੀ ਪਾਰਟੀ ਵੱਲੋਂ ਕੀਤੇ ਜਾਣ ਵਾਲੇ ਉਪਰਾਲਿਆਂ ਬਾਰੇ ਜਾਣਕਾਰੀ ਮੰਗਣਗੇ।

ਪੰਜਾਬ ਵਿੱਚ ਹਾਲਾਤ ਇਹ ਹਨ ਕਿ ਵੱਡੀ ਗਿਣਤੀ ਲੋਕਾਂ ਦੇ ਆਮਦਨੀ ਦੇ ਸੋਮੇ ਘੱਟ ਰਹੇ ਹਨ ਜਦੋਂ ਕਿ ਖ਼ਰਚਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਬਾਜ਼ਾਰ ਵਿੱਚ ਵਿਕੇਂਦੀ ਹਰ ਚੀਜ਼ ਦਾ ਭਾਅ



ਲਗਾਤਾਰ ਵਧ ਰਿਹਾ ਹੈ, ਜਿਸ ਕਾਰਨ ਹਰ ਵਰਗ ਅਮਰਵੇਲ ਵਾਂਗ ਲਗਾਤਾਰ ਵਧ ਰਹੀ ਮਹਿੰਗਾਈ ਤੋਂ ਪਰੇਸ਼ਾਨ ਹੈ। ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ, ਜਿਸ ਦੇ ਵੱਡੀ ਗਿਣਤੀ ਵਸਨੀਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸਬੰਧਿਤ ਕੰਮ ਧੰਦੇ ਹਨ। ਕਿਸਾਨਾਂ ਅਨੁਸਾਰ ਖੇਤੀਬਾੜੀ ਵੀ ਲਾਹੇਵੰਦਾ ਧੰਦਾ ਨਹੀਂ ਰਹੀ, ਜਿਸ ਕਾਰਨ ਖੇਤੀਬਾੜੀ ਵਿਚੋਂ ਹੀ ਕਿਸਾਨਾਂ ਨੂੰ ਲਾਭ ਹੋਣ ਦੀ ਥਾਂ ਘਾਟਾ ਹੀ ਪੈਂਦਾ ਹੈ। ਕਿਸਾਨਾਂ ਦੀ ਫਸਲ ਨੂੰ ਕਦੇ ਸੋਕਾ ਮਾਰ ਜਾਂਦਾ ਹੈ ਅਤੇ ਕਦੇ ਫਸਲ ਹੜ੍ਹਾਂ ਵਿੱਚ ਰੁੜ੍ਹ ਜਾਂਦੀ ਹੈ। ਵੱਡੇ ਕਿਸਾਨਾਂ ਨੂੰ ਤਾਂ ਹਰ ਫਸਲ ਵਿੱਚੋਂ ਹੀ ਫ਼ਾਇਦਾ ਹੋ ਜਾਂਦਾ ਹੈ ਪਰ ਦਰਮਿਆਨੇ ਅਤੇ ਛੋਟੇ ਕਿਸਾਨਾਂ ਅਨੁਸਾਰ ਉਹਨਾਂ ਦੀ ਕਮਾਈ ਤਾਂ ਕਰਜ਼ੇ ਲਾਹੁਣ ਵਿੱਚ ਹੀ ਚਲੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਉਹ ਲੋਕ ਵੀ ਵੱਡੀ ਗਿਣਤੀ ਵਿੱਚ ਰਹਿੰਦੇ ਹਨ ਜੋ ਕਿ ਪ੍ਰਾਈਵੇਟ ਨੌਕਰੀਆਂ ਕਰਦੇ ਹਨ। ਅਜਿਹੇ ਪ੍ਰਾਈਵੇਟ ਮੁਲਾਜ਼ਮਾਂ ਦੀ ਆਮਦਨ ਘੱਟ ਹੁੰਦੀ ਹੈ ਪਰ ਉਹਨਾਂ ਦੇ ਵੀ ਖ਼ਰਚੇ ਲਗਾਤਾਰ ਵਧ ਰਹੇ ਹਨ। ਭਾਵੇਂ ਪੰਜਾਬ ਦੀ ਮੌਜੂਦਾ ਸਰਕਾਰ ਵੱਡੀ ਗਿਣਤੀ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਦਾਅਵੇ ਕਰ ਰਹੀ ਹੈ, ਪਰ ਇਸ ਦੇ ਬਾਵਜੂਦ ਪੰਜਾਬ ਵਿੱਚ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਬਹੁਤ ਹੈ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਬੇਰੁਜ਼ਗਾਰ ਨੌਜਵਾਨ ਉੱਚ ਵਿਦਿਆ ਪ੍ਰਾਪਤ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਉਹ ਨੌਜਵਾਨ ਵੀ ਵੱਡੀ ਗਿਣਤੀ ਵਿੱਚ ਹਨ, ਜਿਨ੍ਹਾਂ ਨੇ ਇੰਜੀਨੀਅਰਿੰਗ ਤੇ ਹੋਰ ਡਿਗਰੀ ਕੋਰਸ ਕੀਤੇ ਹੋਏ ਹਨ ਪਰ ਉਹ ਬਹੁਤ ਘੱਟ ਤਨਖਾਹ ’ਤੇ ਪ੍ਰਾਈਵੇਟ ਨੌਕਰੀਆਂ ਕਰਨ ਲਈ ਮਜਬੂਰ ਹਨ।

ਪੰਜਾਬੀਆਂ ਨੂੰ ਸਭ ਤੋਂ ਪਹਿਲਾਂ ਸਾਦੇ ਵਿਆਹਾਂ ਅਤੇ ਹੋਰ ਸਾਦੇ ਸਮਾਗਮਾਂ ਦੀ ਰੀਤ ਤੋਰਨੀ ਚਾਹੀਦੀ ਹੈ। ਅਕਸਰ ਅਨੇਕਾਂ ਪੰਜਾਬੀ ਮੈਰੇਜ਼ ਪੈਲਿਸਾਂ ਤੇ ਹੋਟਲਾਂ ਵਿੱਚ ਆਪਣੇ ਬੱਚਿਆਂ ਦੇ ਵਿਆਹ ਕਰਨ ਮੌਕੇ ਕਰਜ਼ਾਈ ਹੋ ਜਾਂਦੇ ਹਨ। ਇਸ ਤੋਂ ਇਲਾਵਾ ਕਈ ਪੰਜਾਬੀ ਆਪਣੇ ਬਜ਼ੁਰਗਾਂ ਦੇ ਭੋਗ ਸਮਾਗਮਾਂ ਮੌਕੇ ਵੀ ਬਹੁਤ ਖਰਚ ਕਰਦੇ ਹਨ। ਭਾਵੇਂ ਇਹ ਲੋਕਾਂ ਦੇ ਨਿੱਜੀ ਮਾਮਲੇ ਹੁੰਦੇ ਹਨ ਪਰ ਜੇ ਸਾਦੇ ਵਿਆਹ ਅਤੇ ਸਾਦੇ ਸਮਾਗਮਾਂ ਦੀ ਸ਼ੁਰੂਆਤ ਕੀਤੀ ਜਾਵੇ ਤਾਂ ਪੰਜਾਬੀਆਂ ਦੇ ਕਾਫ਼ੀ ਖਰਚੇ ਘੱਟ ਜਾਣਗੇ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀਆਂ ਨੂੰ ਮਹਿੰਗੀਆਂ ਗੱਡੀਆਂ ਤੇ ਹਥਿਆਰ ਰੱਖਣ ਦਾ ਵੀ ਸ਼ੌਂਕ ਹੈ, ਇਹਨਾਂ ਚੀਜ਼ਾਂ ’ਤੇ ਵੀ ਕਾਫ਼ੀ ਖ਼ਰਚਾ ਹੋ ਜਾਂਦਾ ਹੈ। ਭਾਵੇਂਕਿ ਸ਼ੌਂਕ ਦਾ ਕੋਈ ਮੁੱਲ ਨਹੀਂ ਹੁੰਦਾ ਪਰ ਖਰਚੇ ਘਟਾਉਣ ਲਈ ਅਜਿਹੇ ਮਹਿੰਗੇ ਸ਼ੌਂਕ ਤਾਂ ਛੱਡਣੇ ਹੀ ਪੈਣੇ ਨੇ।

ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਆਮਦਨੀ ਦੇ ਸੋਮੇ ਵਧਾਉਣ ਲਈ ਵੱਡੇ ਉਪਰਾਲੇ ਕਰਨ। ਪੰਜਾਬੀਆਂ ਨੂੰ ਖੁਦ ਮਿਹਨਤ ਨਾਲ ਆਪਣੇ ਕੰਮ ਧੰਦਿਆਂ ਨੂੰ ਵਧਾਉਣਾ ਚਾਹੀਦਾ ਹੈ, ਕਿਉਂਕਿ ਜੇ ਕੰਮ ਧੰਦੇ ਵਧਣਗੇ ਤਾਂ ਪੰਜਾਬੀਆਂ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ। ਪੰਜਾਬੀਆਂ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਉਹ ਆਪਣੀ ਤਨਖਾਹ ਜਾਂ ਆਮਦਨ ਦਾ ਬਜਟ ਬਣਾਉਣ ਅਤੇ ਆਪਣੀ ਆਮਦਨੀ ਅਨੁਸਾਰ ਹੀ ਖ਼ਰਚ ਕਰਨ। ਜਦੋਂ ਪੰਜਾਬੀ ਸਹੀ ਤਰੀਕੇ ਨਾਲ ਆਮਦਨ ਅਤੇ ਖਰਚ ਦੀ ਰੂਪ ਰੇਖਾ ਬਣਾ ਲੈਣਗੇ ਅਤੇ ਆਮਦਨ ਦੇ ਹਿਸਾਬ ਨਾਲ ਖਰਚੇ ਕਰਨਗੇ ਤਾਂ ਉਹਨਾਂ ਨੂੰ ਕਰਜ਼ ਲੈਣ ਜਾਂ ਲੋਨ ਲੈਣ ਦੀ ਲੋੜ ਨਹੀਂ ਪਵੇਗੀ। ਇਸ ਤੋਂ ਇਲਾਵਾ ਪੰਜਾਬੀਆਂ ਨੂੰ ਬਚਤ ਕਰਨ ਦੀ ਆਦਤ ਵੀ ਪਾਉਣੀ ਚਾਹੀਦੀ ਹੈ ਕਿਉਂਕਿ ਜੇ ਬਚਤ ਕੀਤੀ ਹੋਵੇਗੀ ਤਾਂ ਉਹ ਪੰਜਾਬੀਆਂ ਨੂੰ ਲੋੜ ਵੇਲੇ ਬਹੁਤ ਕੰਮ ਆਵੇਗੀ। ਹਰ ਪੰਜਾਬੀ ਨੂੰ ਹੁਣੇ ਤੋਂ ਆਪਣੀ ਵਿੱਤੀ ਸਥਿਤੀ ਨੂੰ ਮਜ਼ਬੂਤ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਆਉਣ ਵਾਲੇ ਸਮੇਂ ਵਿੱਚ ਮਹਿੰਗਾਈ ਵਿੱਚ ਹੋਰ ਵਾਧਾ ਵੀ ਹੋ ਸਕਦਾ ਹੈ ਅਤੇ ਪੰਜਾਬੀਆਂ ਨੇ ਆਪਣੇ ਘਰੇਲੂ ਸਮਾਗਮ ਜਾਂ ਵਿਆਹ ਆਦਿ ਵੀ ਕਰਨੇ ਹੁੰਦੇ ਹਨ, ਇਸ ਲਈ ਆਉਣ ਵਾਲੇ ਸਮੇਂ ਲਈ ਪਹਿਲਾਂ ਹੀ ਰੂਪ ਰੇਖਾ ਬਣਾ ਕੇ ਵਿੱਤੀ ਯੋਜਨਾ ਨੂੰ ਮਜ਼ਬੂਤ ਤਰੀਕੇ ਨਾਲ ਅਪਣਾਉਣਾ ਚਾਹੀਦਾ ਹੈ। ਹਰ ਪੰਜਾਬੀ ਨੂੰ ਆਪਣੇ ਖ਼ਰਚੇ ਘੱਟ ਕਰਕੇ ਆਮਦਨ ਦੇ ਸੋਮੇ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬੀਆਂ ਨੂੰ ਇੱਕ ਗੱਲ ਜ਼ਰੂਰ ਚੇਤੇ ਰੱਖਣੀ ਚਾਹੀਦੀ ਹੈ ਕਿ ਜੇ ਉਹ ਕੰਮ ਕਰਨ ਦੀ ਉਮਰ ਭਾਵ ਜਵਾਨੀ ਵਿੱਚ ਆਰਾਮ ਕਰਨਗੇ ਤਾਂ ਆਰਾਮ ਕਰਨ ਦੀ ਉਮਰ ਭਾਵ ਬੁਢਾਪੇ ਵਿੱਚ ਉਹਨਾਂ ਨੂੰ ਕੰਮ ਕਰਨਾ ਪਵੇਗਾ। ਇਸ ਲਈ ਹਰ ਪੰਜਾਬੀ ਨੌਜਵਾਨ ਨੂੰ ਸਮੇਂ ਦੀ ਹਕੀਕਤ ਸਮਝਣੀ ਚਾਹੀਦੀ ਹੈ ਅਤੇ ਆਪਣੇ ਕੰਮ ਧੰਦਿਆਂ ਨੂੰ ਹੋਰ ਵਧਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਕਿਉਂਕਿ ਜੇ ਕੰਮ ਵਿੱਚ ਵਾਧਾ ਹੋਵੇਗਾ ਤਾਂ ਆਮਦਨ ਵਿੱਚ ਵੀ ਤਾਂ ਵਾਧਾ ਜ਼ਰੂਰ ਹੋਵੇਗਾ।



## ਆਮਦਨ ਅਤੇ ਖ਼ਰਚੇ ਵਿੱਚ ਹੈ ਵੱਡਾ ਅੰਤਰ: ਰਿਪੋਰਟ

ਪੀਪਲ ਰਿਸਰਚ ਆਨ ਇੰਡੀਆਜ਼ ਕੰਜ਼ਿਊਮਰ ਇਕਾਨਮੀ ਦੀ ਰਿਪੋਰਟ ਮੁਤਾਬਕ ਭਾਰਤ ਦੇ 90 ਕਰੋੜ ਲੋਕਾਂ ਦੀ ਆਮਦਨ ਯਾਨੀ 60 ਫੀਸਦੀ ਲੋਕਾਂ ਦੀ ਆਮਦਨ ਘੱਟ ਹੈ, ਜਦਕਿ ਖਰਚਾ ਜ਼ਿਆਦਾ ਹੈ। ਉਨ੍ਹਾਂ ਨੂੰ ਆਪਣੇ ਇਲਾਜ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ। ਇਹੀ ਕਾਰਨ ਹੈ ਕਿ ਉਹ ਆਪਣੀ ਲੋੜ ਮੁਤਾਬਕ ਚੀਜ਼ਾਂ ਨਹੀਂ ਖਰੀਦ ਪਾ ਰਹੇ ਹਨ। ਇਹ ਰਿਪੋਰਟ 25 ਰਾਜਾਂ ਦੇ 40 ਹਜ਼ਾਰ ਪਰਿਵਾਰਾਂ ਦੇ ਸਰਵੇਖਣ ਤੋਂ ਤਿਆਰ ਕੀਤੀ ਗਈ ਹੈ। ਇਨ੍ਹਾਂ ਵਿੱਚ ਪਰਿਵਾਰਕ ਮੈਂਬਰਾਂ ਤੋਂ ਉਨ੍ਹਾਂ ਦੀ ਆਮਦਨ ਅਤੇ ਖਰਚੇ ਬਾਰੇ ਪੁੱਛਿਆ ਗਿਆ।



ਰਿਪੋਰਟ ਮੁਤਾਬਕ ਸਾਰੇ ਟੈਕਸਾਂ ਦਾ ਭੁਗਤਾਨ ਕਰਨ ਤੋਂ ਬਾਅਦ 5 ਲੱਖ ਤੋਂ 30 ਲੱਖ ਰੁਪਏ ਸਾਲਾਨਾ ਕਮਾਉਣ ਵਾਲੇ ਭਾਰਤ ਦੇ 43 ਕਰੋੜ ਮੱਧ ਵਰਗ ਦੀ ਔਸਤ ਡਿਸਪੋਸੇਬਲ ਆਮਦਨ 9.25 ਲੱਖ ਰੁਪਏ ਹੈ। ਉਨ੍ਹਾਂ ਦੀ ਬਚਤ ਸਿਰਫ 14 ਫੀਸਦੀ ਹੈ। ਜਦੋਂ ਕਿ 30 ਲੱਖ ਰੁਪਏ ਤੋਂ ਵੱਧ ਕਮਾਈ ਕਰਨ ਵਾਲੇ 5.6 ਕਰੋੜ ਲੋਕਾਂ ਦੀ ਡਿਸਪੋਸੇਬਲ ਆਮਦਨ 35.77 ਲੱਖ ਰੁਪਏ ਹੈ। ਉਹ ਆਪਣੇ ਪੈਸੇ ਦਾ ਲਗਭਗ 57% ਜ਼ਰੂਰਤਾਂ ’ਤੇ ਖਰਚ ਕਰਦੇ ਹਨ। ਉਨ੍ਹਾਂ ਦੀ ਬਚਤ 17% ਹੈ। ਮਤਲਬ ਮੱਧ ਵਰਗ ਨਾਲੋਂ 3% ਵੱਧ। ਦੂਜੇ ਪਾਸੇ 5 ਲੱਖ ਰੁਪਏ ਤੱਕ ਦੀ ਆਮਦਨ ਵਾਲੇ 93 ਕਰੋੜ ਲੋਕਾਂ ਦੀਆਂ ਲੋੜਾਂ ਉਨ੍ਹਾਂ ਦੀ ਆਮਦਨ ਤੋਂ ਵੱਧ ਹਨ। ਉਨ੍ਹਾਂ ਨੂੰ ਇਲਾਜ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ। ਰਿਪੋਰਟ ਮੁਤਾਬਕ ਭਾਰਤ ਵਿੱਚ ਦੁਨੀਆਂ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਮੱਧ ਵਰਗ ਹੈ। ਇਸ ਦੀ ਖਰਚ ਸ਼ਕਤੀ ਬਹੁਤ ਵਧ ਗਈ ਹੈ।

# ਸਿਆਸਤ 'ਚ ਅਸਫ਼ਲ ਰਹੇ ਵੱਡੀ ਗਿਣਤੀ ਦਲ ਬਦਲੂ ਨੇਤਾ

## ਦਲ ਬਦਲੀਆਂ ਦੀ ਸਭ ਤੋਂ ਵੱਧ ਮਾਰ ਪੰਜਾਬ ਦੀ ਕਾਂਗਰਸ ਨੂੰ ਝੱਲਣੀ ਪਈ



ਕਮਲਜੀਤ ਸਿੰਘ ਬਨਵੈਤ

## ਪਿਛਲੀਆਂ ਚੋਣਾਂ ਵਿੱਚ ਦਲ ਬਦਲੂਆਂ ਦੇ ਜਿੱਤਣ ਦੀ ਪ੍ਰਤੀਸ਼ਤਤਾ 15 ਫ਼ੀਸਦੀ ਸੀ



ਭਾਰਤ ਦੀ ਸਿਆਸਤ ਵਿੱਚ ਇੱਕ ਨਵਾਂ ਰੁਝਾਨ ਮਜਬੂਰੀ ਵੱਸ ਆਪਣੀ ਪਾਰਟੀ ਨੂੰ ਛੱਡ ਕੇ ਸੱਤਾਧਾਰੀਆਂ ਵਿੱਚ ਜਾ ਰਲਣ ਦਾ ਸ਼ੁਰੂ ਹੋ ਗਿਆ ਹੈ। ਵਿਰਲੇ ਟਾਵੇਂ ਅਜਿਹੇ ਵੀ ਹਨ ਜਿਨ੍ਹਾਂ ਨੇ ਪਿਤਰੀ ਪਾਰਟੀ ਨਾਲ ਦਗਾ ਵੀ ਕੀਤਾ ਪਰ ਨਵੀਂ ਪਾਰਟੀ ਵਿੱਚ ਵਫ਼ਾ ਵੀ ਨਹੀਂ ਨਿਭਾ ਸਕੇ। ਕਈ ਵਿਚਾਰੇ ਅਜਿਹੇ ਵੀ ਹੋਣਗੇ ਜਿਨ੍ਹਾਂ ਨੂੰ ਦੋਹੀਂ ਦਰੀਂ ਠੋਕਰਾਂ ਖਾ ਕੇ ਜੇਲ੍ਹ ਦੀ ਹਵਾ ਖਾਣੀ ਪਈ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਦਲ ਬਦਲੂਆਂ ਦੀ ਇੱਕ ਤਰ੍ਹਾਂ ਨਾਲ ਹਨੇਰੀ ਵਗਣ ਲੱਗੀ ਹੈ। ਨਾ ਪਾਰਟੀ ਛੱਡਣ ਵਾਲੇ ਅਸੂਲੀ ਦਿਸਦੇ ਹਨ ਅਤੇ ਨਾ ਹੀ ਨਵੀਂ ਪਾਰਟੀ ਵਿੱਚ ਲੈਣ ਵਾਲੇ ਆਉਣ ਵਾਲੇ ਦਾ ਕਿਰਦਾਰ ਪਰਖਦੇ ਹਨ ਬਸ ਇੱਕੋ ਲਾਲਸਾ ਕੰਮ ਕਰਦੀ ਹੈ ਉਹ ਹੈ ਸੱਤਾ 'ਤੇ ਕਾਬਜ਼ ਹੋਣ ਦੀ। ਢੰਗ-ਤਰੀਕਾ ਕੋਈ ਵੀ ਅਪਣਾਉਣਾ ਪੈ ਜਾਵੇ, ਕੋਈ ਪਰਵਾਹ ਨਹੀਂ। ਪੰਜਾਬ ਵਿੱਚ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ 35 ਕਾਂਗਰਸੀ ਆਪਣੀ ਪਾਰਟੀ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਗਏ ਹਨ। ਆਮ ਆਦਮੀ ਪਾਰਟੀ ਦੇ ਬੇੜੇ ਵਿੱਚ ਵੀ ਦੂਜੀਆਂ ਪਾਰਟੀਆਂ ਦੇ ਅੱਧੀ ਦਰਜਨ ਦੇ ਕਰੀਬ ਲੀਡਰ ਸਵਾਰ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਜੇ ਜ਼ਿਆਦਾ ਖੋਰਾ ਵੀ ਨਹੀਂ ਲੱਗਾ ਤਾਂ ਮਹਿੰਦਰ ਕੇਪੀ ਤੋਂ ਬਿਨਾਂ ਹੋਰ ਵੱਡੇ ਲੀਡਰਾਂ ਨੇ ਪੱਲਾ ਵੀ ਨਹੀਂ ਫੜਿਆ। ਦਲ ਬਦਲੀਆਂ ਦੀ ਸਭ ਤੋਂ ਵੱਧ ਮਾਰ ਪੰਜਾਬ ਦੀ ਕਾਂਗਰਸ ਨੂੰ ਝੱਲਣੀ ਪਈ ਹੈ। ਭਾਜਪਾ ਨੇ ਕਾਂਗਰਸ ਨੂੰ ਵੱਡਾ ਖੋਰਾ ਲਾਇਆ ਹੈ। ਚੋਣਾਂ ਦਾ ਐਲਾਨ ਹੁੰਦਿਆਂ ਹੀ ਦਲ ਬਦਲਣ ਵਾਲੇ ਨੇਤਾਵਾਂ ਦੀ ਹੋੜ ਲੱਗ ਜਾਂਦੀ ਰਹੀ ਹੈ। ਵਿਚ-ਵਿਚਾਲੇ ਵੀ ਇਹ ਕੰਮ ਰੁਕਦਾ ਨਹੀਂ। ਭਾਜਪਾ ਅਤੇ ਕਾਂਗਰਸ ਦੇ ਨਾਲ ਦੂਜੀਆਂ ਪਾਰਟੀਆਂ ਵਿੱਚ ਵੀ ਆਵਾਜਾਈ ਦੀ ਕਾਫ਼ੀ ਹਲਚਲ ਹੈ। ਹਾਲਾਂਕਿ ਅੰਕੜੇ ਦੱਸਦੇ ਹਨ ਕਿ ਦਲ ਬਦਲੂ ਨੇਤਾਵਾਂ ਦੇ ਜਿੱਤਣ ਦੀ ਔਸਤ ਲਗਾਤਾਰ ਘਟ ਰਹੀ ਹੈ। ਇੱਕ ਰਿਪੋਰਟ ਮੁਤਾਬਕ ਲੋਕ ਸਭਾ ਦੀਆਂ ਪਿਛਲੀਆਂ ਚੋਣਾਂ ਵਿੱਚ ਦਲ ਬਦਲੂਆਂ ਦੇ ਜਿੱਤਣ ਦੀ ਪ੍ਰਤੀਸ਼ਤਤਾ 15 ਫ਼ੀਸਦੀ ਰਹਿ ਗਈ ਸੀ ਜਦਕਿ 1980 ਵਿਚ 49 ਫ਼ੀਸਦੀ ਨਾਲ ਦਲ ਬਦਲੂਆਂ ਦਾ ਰਿਕਾਰਡ ਬਣਿਆ ਸੀ। ਇਸ ਤੋਂ ਪਹਿਲਾਂ 1967 ਦੀਆਂ ਚੋਣਾਂ ਵਿੱਚ 50 ਫ਼ੀਸਦੀ ਉਮੀਦਵਾਰਾਂ ਨੇ ਦਲ ਬਦਲਿਆ ਸੀ। ਸਾਲ 1980 ਵਿੱਚ ਇੰਦਰਾ ਗਾਂਧੀ ਨੇ ਐਮਰਜੈਂਸੀ ਤੋਂ ਬਾਅਦ ਦੂਜੀ ਵਾਰ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲੀ ਸੀ। ਇਸ ਦੇ ਉਲਟ 1977 ਵਿੱਚ 69 ਫ਼ੀਸਦੀ ਬਾਗ਼ੀ ਨੇਤਾ ਜਿੱਤ ਗਏ ਸਨ। ਸਾਲ 1960 ਤੋਂ ਲੈ ਕੇ 2019 ਤੱਕ ਆਮ ਚੋਣਾਂ ਵਿੱਚ ਦਲੂ ਬਦਲੂਆਂ ਦੇ ਜਿੱਤਣ ਦੀ ਔਸਤ 30 ਫ਼ੀਸਦੀ ਰਹੀ ਹੈ। ਅੰਕੜੇ ਦੱਸਦੇ ਹਨ ਕਿ 2004 ਤੋਂ ਬਾਅਦ ਦਲ ਬਦਲੂਆਂ ਨੂੰ ਲੋਕ ਨਕਾਰਦੇ ਰਹੇ ਹਨ। ਅਸ਼ੋਕਾ ਯੂਨੀਵਰਸਿਟੀ ਦੇ ਤ੍ਰਿਵੇਦੀ ਸੈਂਟਰ ਫਾਰ ਪੋਲੀਟੀਕਲ ਸੈਂਟਰ ਦੇ ਮਾਹਿਰਾਂ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਵਿੱਚੋਂ ਇਹ ਅੰਕੜੇ ਉੱਭਰ ਕੇ ਸਾਹਮਣੇ ਆਏ ਹਨ। ਸਾਲ 2019 ਵਿੱਚ ਲੋਕ ਸਭਾ ਦੀਆਂ ਚੋਣਾਂ ਦੌਰਾਨ 8000 ਉਮੀਦਵਾਰਾਂ ਨੇ ਆਪਣੀ ਕਿਸਮਤ ਅਜਮਾਈ ਸੀ ਤੇ ਇਨ੍ਹਾਂ ਵਿੱਚੋਂ 195 ਦਲ ਬਦਲ ਕੇ ਮੈਦਾਨ ਵਿੱਚ ਨਿਤਰੇ ਸਨ। ਜਦੋਂ ਰਿਜ਼ਲਟ ਆਇਆ ਤਾਂ ਇਨ੍ਹਾਂ ਵਿੱਚੋਂ ਸਿਰਫ਼ 29 ਹੀ ਜਿੱਤ ਸਕੇ ਤੇ 166 ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਸਾਲ 1980 ਵਿੱਚ ਸਭ ਤੋਂ ਵੱਧ 377 ਉਮੀਦਵਾਰਾਂ ਨੇ ਆਪਣੀ ਪਾਰਟੀ ਬਦਲੀ ਸੀ। ਇਸ ਵਾਰ ਜਿਨ੍ਹਾਂ ਵੱਡੇ ਲੀਡਰਾਂ ਨੇ ਪਾਰਟੀ ਬਦਲੀ ਹੈ ਉਨ੍ਹਾਂ ਵਿੱਚ ਹਿਸਾਰ ਤੋਂ ਬਰਜੇਂਦਰ ਸਿੰਘ ਆਪਣੀ ਪਿਤਰੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।

ਉਨ੍ਹਾਂ ਤੋਂ ਬਿਨਾਂ ਦਰਜਨ ਦੇ ਕਰੀਬ ਮੈਂਬਰ ਪਾਰਲੀਮੈਂਟ ਆਪਣੀ ਪਿਤਰੀ ਪਾਰਟੀ ਨੂੰ ਅਲਵਿਦਾ ਕਹਿ ਕੇ ਦੂਜੀ ਵਿੱਚ ਜਾਂ ਸ਼ਾਮਲ ਹੋਏ ਹਨ। ਪੰਜਾਬ ਵਿੱਚ ਕਾਂਗਰਸ ਨੂੰ ਛੱਡ ਕੇ ਭਾਜਪਾ ਤੇ 'ਆਪ' ਵਿੱਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਇੱਕ ਦਰਜਨ ਨੂੰ ਟੱਪ ਗਈ ਸੀ ਭਾਵੇਂ ਇਨ੍ਹਾਂ ਵਿੱਚੋਂ ਅੱਧੇ ਨਾਲੋਂ ਵੱਧ ਵਾਪਸ ਕਾਂਗਰਸ ਵਿੱਚ ਆ ਗਏ ਹਨ। ਇੱਕ ਹੋਰ ਜਾਣਕਾਰੀ ਅਨੁਸਾਰ ਪਿਛਲੇ ਸੱਤ ਦਹਾਕਿਆਂ ਦੌਰਾਨ ਸਿਆਸੀ ਪਾਰਟੀਆਂ ਦੀ ਗਿਣਤੀ 53 ਤੋਂ ਵਧ ਕੇ 2500 ਹੋ ਗਈ ਹੈ। ਦੇਸ਼ ਵਿੱਚ ਸਿਰਫ਼ ਛੇ ਰਾਸ਼ਟਰੀ ਪਾਰਟੀਆਂ ਹਨ ਜਿਵੇਂ ਕਿ ਭਾਜਪਾ, ਕਾਂਗਰਸ, ਬਸਪਾ ਸੀਪੀਆਈ (ਐੱਮ), ਐੱਨਸੀਪੀ ਅਤੇ 'ਆਪ'। ਅੱਠ ਕੌਮੀ ਪਾਰਟੀਆਂ ਦੀ ਮਾਨਤਾ ਰੱਦ ਹੋ ਚੁੱਕੀ ਹੈ। ਚੋਣਾਂ ਵਿੱਚ ਕਾਲੇ ਧਨ ਦੀ ਵਰਤੋਂ ਲਗਾਤਾਰ ਵਧਦੀ ਜਾ ਰਹੀ ਹੈ। ਧਨ ਅਤੇ ਤਾਕਤ ਦੀ ਵਰਤੋਂ ਕਰ ਕੇ ਨਿਰਪੱਖ ਚੋਣਾਂ ਕਰਵਾਉਣੀਆਂ ਵੀ ਮੁਸ਼ਕਲ ਹੋਣ ਲੱਗੀਆਂ ਹਨ। ਸਾਲ 2022-23 ਦੌਰਾਨ 11 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਮਿਸ਼ਨ ਵੱਲੋਂ 3400 ਕਰੋੜ ਰੁਪਏ ਨਕਦ ਤੇ ਹੋਰ ਸਾਮਾਨ ਜ਼ਬਤ ਕੀਤਾ ਗਿਆ ਸੀ। ਸਾਲ 2017 ਦੇ ਮੁਕਾਬਲੇ ਇਹ ਅੱਠ ਗੁਣਾ ਭਾਵ 835 ਫ਼ੀਸਦੀ ਜ਼ਿਆਦਾ ਦੱਸਿਆ ਗਿਆ ਹੈ। ਇਨ੍ਹਾਂ ਚੋਣਾਂ ਦੇ ਐਲਾਨ ਵੇਲੇ ਵੀ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਚੋਣਾਂ ਵਿੱਚ ਵਧ ਰਹੇ ਖ਼ਰਚੇ ਉੱਤੇ ਚਿੰਤਾ ਪ੍ਰਗਟ ਕੀਤੀ ਸੀ। ਸਾਲ 1999 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ 10 ਹਜ਼ਾਰ ਕਰੋੜ ਰੁਪਏ ਖ਼ਰਚ ਆਏ ਸਨ ਜਦਕਿ ਸੰਨ 2014 ਦੀਆਂ ਚੋਣਾਂ 30 ਹਜ਼ਾਰ ਕਰੋੜ ਰੁਪਏ ਨੂੰ ਪਈਆਂ ਸਨ। ਇੱਕ ਹੋਰ ਰਿਪੋਰਟ ਮੁਤਾਬਕ ਪਿਛਲੇ ਪੰਜ ਸਾਲਾਂ ਦੌਰਾਨ ਚੋਣਾਂ ਉੱਤੇ 4 ਲੱਖ ਕਰੋੜ ਤੋਂ ਲੈ ਕੇ 7 ਲੱਖ ਕਰੋੜ ਰੁਪਏ ਤੱਕ ਖ਼ਰਚੇ ਆਏ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਉੱਤੇ 100 ਕਰੋੜ ਰੁਪਏ ਪ੍ਰਤੀ ਲੋਕ ਸਭਾ ਸੀਟ ਖ਼ਰਚ ਆਏ। ਸੈਂਟਰ ਫਾਰ ਮੀਡੀਆ ਸਟੱਡੀਜ਼ ਅਨੁਸਾਰ ਇਨ੍ਹਾਂ ਚੋਣਾਂ ਉੱਤੇ 55 ਤੋਂ ਲੈ ਕੇ 60 ਹਜ਼ਾਰ ਕਰੋੜ ਰੁਪਏ ਖਰਚ ਆਉਣ ਦਾ ਅੰਦਾਜ਼ਾ ਹੈ। ਇੱਕ ਹੋਰ ਰਿਪੋਰਟ ਅਨੁਸਾਰ 18ਵੀਆਂ ਲੋਕ ਸਭਾ ਚੋਣਾਂ ਦੇਸ਼ ਅਤੇ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਚੋਣਾਂ ਹੋਣਗੀਆਂ। ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਇਸ ਵਾਰ ਇਨ੍ਹਾਂ ਚੋਣਾਂ 'ਤੇ ਇਕ ਲੱਖ ਕਰੋੜ ਰੁਪਏ ਤੋਂ ਵੱਧ ਖ਼ਰਚ ਹੋ ਸਕਦੇ ਹਨ। ਸਾਲ 2019 ਦੀਆਂ ਲੋਕ ਸਭਾ ਚੋਣਾਂ ਉੱਤੇ 60 ਹਜ਼ਾਰ ਕਰੋੜ ਰੁਪਏ ਖ਼ਰਚ ਹੋਏ ਸਨ। ਇਸ ਵਾਰ ਇਹ ਖ਼ਰਚ ਦੁੱਗਣਾ ਹੋਣ ਦੀ ਸੰਭਾਵਨਾ ਹੈ। ਵੋਟਰਾਂ ਵਿੱਚ ਪਹਿਲਾਂ ਨਾਲੋਂ ਵੱਧ ਜਾਗਰੂਕਤਾ ਆਈ ਹੈ, ਚੇਤਨਤਾ ਵਧੀ ਹੈ। ਪਰ ਹਾਲੇ ਵੀ ਦਲ ਬਦਲੂਆਂ ਨੂੰ ਮੁੱਢੋਂ ਰੱਦ ਨਹੀਂ ਕਰਨ ਲੱਗੇ ਹਾਂ। ਇਸ ਦੀ ਵੱਡੀ ਵਜ੍ਹਾ ਇਹ ਹੈ ਕਿ 60 ਫ਼ੀਸਦੀ ਵੋਟਰ ਉਮੀਦਵਾਰਾਂ ਦੀ ਥਾਂ ਪਾਰਟੀ ਨੂੰ ਵੋਟ ਦਿੰਦੇ ਹਨ। ਪੰਜਾਬ ਵਿੱਚ ਲੋਕ ਸਭਾ ਦੀਆਂ ਚੋਣਾਂ ਐਨ ਸਿਰ 'ਤੇ ਹਨ ਅਤੇ ਹਾਲੇ ਤੱਕ ਸਿਆਸੀ ਪਾਰਟੀਆਂ ਇੱਕ-ਦੂਜੀ 'ਤੇ ਚਿੱਕੜ ਉਛਾਲਣ ਵੱਲ ਹੀ ਕੇਂਦਰਿਤ ਹਨ। ਅਸਲ ਮੁੱਦੇ ਤਾਂ ਗ਼ਾਇਬ ਹਨ। ਪੰਜਾਬ ਦੇ ਕਿਸਾਨਾਂ ਨੇ ਸਿਆਸੀ ਪਾਰਟੀਆਂ ਦਾ ਆਪਣੀਆਂ ਮੰਗਾਂ ਵੱਲ ਧਿਆਨ ਜ਼ਰੂਰ ਖਿੱਚਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਨਸ਼ਿਆਂ ਦਾ ਮੁੱਦਾ ਪਿਛਲੀਆਂ ਚੋਣਾਂ 'ਚ ਪੂਰੀ ਤਰ੍ਹਾਂ ਭਖਦੇ ਰਹੇ ਪਰ ਇਸ ਵਾਰ ਇਹ ਕਿਸੇ ਵੀ ਨੇਤਾ ਨੇ ਉਠਾਉਣ ਦੀ ਲੋੜ ਨਹੀਂ ਸਮਝੀ ਹੈ। ਇਹ ਵੀ ਪਹਿਲੀ ਵਾਰ ਹੋ ਰਿਹਾ ਹੈ ਕਿ ਸ਼ੰਭੂ ਅਤੇ ਖਨੌਰੀ ਦੇ ਬਾਰਡਰ 'ਤੇ ਬੈਠੇ ਕਿਸਾਨਾਂ ਵੱਲ ਸੱਤਾਧਾਰੀ ਪਾਰਟੀ ਕੰਨ ਨਹੀਂ ਧਰ ਰਹੀ ਹੈ। ਵੋਟਰਾਂ ਵਿੱਚ ਜਿਵੇਂ-ਜਿਵੇਂ ਵੋਟਾਂ ਦੇ ਮੌਲਿਕ ਅਧਿਕਾਰ ਦੀ ਵਰਤੋਂ ਆਪਣੀ ਮਰਜ਼ੀ ਨਾਲ ਕਰਨ ਦੀ ਸੂਝ ਵਧੇਗੀ, ਤਿਵੇਂ-ਤਿਵੇਂ ਦਲ ਬਦਲੂਆਂ ਨੂੰ ਹੋਰ ਵੀ ਮੂੰਹ ਲਾਉਣ ਤੋਂ ਹਟ ਜਾਣਗੇ।

## ਪੰਜਾਬਣਾਂ ਨੂੰ ਸ਼ੌਂਕ ਹਥਿਆਰਾਂ ਦਾ.....



# ਲਾਇਸੈਂਸੀ ਹਥਿਆਰ ਰੱਖਣ ਦੇ ਮਾਮਲੇ 'ਚ ਭਾਰਤ 'ਚੋਂ ਦੂਜੇ ਨੰਬਰ 'ਤੇ ਨੇ ਪੰਜਾਬਣਾਂ

ਮਰਦਾਂ ਦੇ ਮੁਕਾਬਲੇ ਦੇਸ਼ ਵਿੱਚ ਸਿਰਫ਼ ਇੱਕ ਫ਼ੀਸਦੀ ਔਰਤਾਂ ਹੀ ਸੁਰੱਖਿਆ ਲਈ ਹਥਿਆਰਾਂ ਦੀ ਲੋੜ ਮਹਿਸੂਸ ਕਰਦੀਆਂ ਹਨ। ਹਥਿਆਰਾਂ ਦੇ ਸ਼ੌਕੀਨਾਂ ਵਿੱਚ ਉੱਤਰ ਪ੍ਰਦੇਸ਼ ਤੋਂ ਬਾਅਦ ਪੰਜਾਬ ਦੀਆਂ ਔਰਤਾਂ ਦੂਜੇ ਨੰਬਰ 'ਤੇ ਹਨ। ਹਾਲਾਂਕਿ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਵਿੱਚ ਵੀ ਔਰਤਾਂ ਦੀ ਭਾਗੀਦਾਰੀ ਇੱਕ ਫੀਸਦੀ ਤੋਂ ਵੱਧ ਹੈ।

ਉੱਤਰ ਪ੍ਰਦੇਸ਼ ਵਿੱਚ ਕੁੱਲ 13,80,375 ਲੋਕਾਂ ਕੋਲ ਹਥਿਆਰਾਂ ਦੇ ਲਾਇਸੰਸ ਹਨ, ਇਨ੍ਹਾਂ ਵਿਚੋਂ 20,016 ਲਾਇਸੰਸ ਔਰਤਾਂ ਦੇ ਨਾਂਅ ਉਤੇ ਹਨ। ਕੁੱਲ 3.17 ਕਰੋੜ ਦੀ ਆਬਾਦੀ ਵਾਲੇ ਪੰਜਾਬ ਵਿੱਚ 4,39,427 ਹਥਿਆਰ ਹਨ ਅਤੇ ਔਰਤਾਂ ਦੇ ਨਾਂਅ ਉਤੇ 4703 ਲਾਇਸੰਸ ਹਨ। ਕਰੀਬ 2.12 ਕਰੋੜ ਦੀ ਆਬਾਦੀ ਵਾਲੇ ਹਰਿਆਣਾ ਵਿੱਚ 1,58,524 ਲਾਇਸੰਸ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚ 1404 ਔਰਤਾਂ ਦੇ ਨਾਂਅ ਹਨ। ਚੰਡੀਗੜ੍ਹ ਵਿੱਚ ਕੁੱਲ 7055 ਲਾਇਸੰਸ ਹਨ,





ਇਨ੍ਹਾਂ ਵਿਚੋਂ 444 ਔਰਤਾਂ ਦੇ ਨਾਂਅ ਹਨ।

### ਪੰਜਾਬ ਦੇ ਕਿਸ ਜ਼ਿਲ੍ਹੇ ਵਿੱਚ ਹਨ ਕਿੰਨੇ ਲਾਇਸੰਸ

ਪੰਜਾਬ ਵਿੱਚ ਲਾਇਸੰਸੀ ਅਸਲੇ ਦੇ ਮਾਮਲੇ ਵਿੱਚ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ (40,212) ਅਤੇ ਗੁਰਦਾਸਪੁਰ (38,945) ਸੱਭ ਤੋਂ ਉੱਪਰ ਹਨ। ਸਨਅਤੀ ਜ਼ਿਲ੍ਹਾ ਲੁਧਿਆਣਾ 35,230 ਲਾਇਸੰਸਾਂ ਨਾਲ ਸੂਚੀ ਵਿੱਚ ਤੀਜੇ ਨੰਬਰ ਉਤੇ ਹਨ। ਇਸ ਤੋਂ ਬਾਅਦ ਪਟਿਆਲਾ (33,147) ਚੌਥੇ ਨੰਬਰ ਉਤੇ ਹੈ। ਇਸ ਤੋਂ ਇਲਾਵਾ ਸੂਚੀ ਵਿੱਚ ਫਿਰੋਜ਼ਪੁਰ (30,904), ਮੋਗਾ (29,831), ਤਰਨਤਾਰਨ (27,104), ਸੰਗਰੂਰ (26,396), ਬਠਿੰਡਾ (26,381), ਸ੍ਰੀ ਮੁਕਤਸਰ ਸਾਹਿਬ (24,489), ਜਲੰਧਰ (17,116) ਫਾਜ਼ਿਲਕਾ (16,532), ਫਰੀਦਕੋਟ (15,507), ਮਾਨਸਾ (13,166), ਬਰਨਾਲਾ (11,420), ਹੁਸ਼ਿਆਰਪੁਰ (11,367) ਫਤਿਹਗੜ੍ਹ ਸਾਹਿਬ (10,753), ਮੋਹਾਲੀ (10,101), ਕਪੂਰਥਲਾ (8,479), ਰੂਪਨਗਰ (5,411), ਪਠਾਨਕੋਟ (3,696), ਸ਼ਹੀਦ ਭਗਤ ਸਿੰਘ ਨਗਰ (2,907), ਮਲੇਰਕੋਟਲਾ (332) ਸ਼ਾਮਲ ਹਨ।

ਗੁਰਦਾਸਪੁਰ ਦੇ ਗੰਨ ਹਾਊਸ ਵਿੱਚ ਕੰਮ ਕਰਨ ਵਾਲੇ ਤਰਨਦੀਪ ਸਿੰਘ ਗੋਲਡੀ ਦਾ ਕਹਿਣਾ ਹੈ ਕਿ, 2016 ਤੋਂ ਇੱਕ ਲਾਇਸੰਸ ਉਤੇ ਦੋ ਹਥਿਆਰ ਰੱਖਣ ਦੇ ਨਿਯਮ ਤੋਂ ਬਾਅਦ 12 ਬੋਰ ਵਾਲੀਆਂ ਜ਼ਿਆਦਾਤਰ ਬੰਦੂਕਾਂ ਲੋਕਾਂ ਨੇ ਸਰੰਡਰ ਕਰ ਦਿਤੀਆਂ ਹਨ। ਹੁਣ ਲੋਕ ਛੋਟੇ ਹਥਿਆਰਾਂ ਨੂੰ ਤਰਜੀਹ ਦਿੰਦੇ ਹਨ, ਜੋ ਬਚਾਅ ਲਈ ਹੋਵੇ ਅਤੇ ਜਿਸ ਨੂੰ ਰੱਖਣਾ ਆਸਾਨ ਹੋਵੇ। ਖੇਤਾਂ ਵਿੱਚ ਰਹਿਣ ਵਾਲੇ ਅਤੇ ਸਰਹੱਦ ਨੇੜਲੇ ਲੋਕ ਹੁਣ ਵੀ ਅਸਲਾ ਖਰੀਦਦੇ ਹਨ। 90 ਫ਼ੀ ਸਦੀ ਲੋਕਾਂ ਦੀ ਪਸੰਦ ਪਿਸਤੌਲ ਹੈ। ਹੁਣ ਦੁਨਾਲੀ ਲਗਭਗ ਬੰਦ ਹੋ ਗਈ ਹੈ।

ਪੰਜਾਬ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਦੇ ਚੇਅਰਪਰਸਨ ਡਾ. ਵਿਨੋਦ ਚੌਧਰੀ ਦਾ ਕਹਿਣਾ ਹੈ ਕਿ ਪੰਜਾਬ, ਹਰਿਆਣਾ ਦੀ ਆਬਾਦੀ ਇਤਿਹਾਸਕ ਕਾਰਨਾਂ ਕਾਰਨ ਯੋਧਾ ਕੌਮ ਰਹੀ ਹੈ। ਵਿਦੇਸ਼ੀ ਹਮਲਾਵਰਾਂ ਕਾਰਨ ਇਥੇ ਬਚਾਅ ਲਈ ਹਮੇਸ਼ਾ ਹਥਿਆਰ ਰੱਖੇ ਜਾਂਦੇ ਹਨ। ਜ਼ਮੀਨਾਂ ਦੇ ਝਗੜਿਆਂ ਕਾਰਨ ਵੀ ਇਥੇ ਹਥਿਆਰ ਰੱਖੇ ਜਾਂਦੇ ਹਨ। ਜ਼ਿਮੀਦਾਰ ਪਰਿਵਾਰਾਂ ਦੀਆਂ ਔਰਤਾਂ, ਜਿਨ੍ਹਾਂ ਦੇ ਪਤੀ ਵਿਦੇਸ਼ਾਂ ਵਿੱਚ ਹਨ ਅਤੇ ਬੱਚੇ ਛੋਟੇ ਹਨ, ਉਨ੍ਹਾਂ ਲਈ ਵੀ ਹਥਿਆਰ ਜ਼ਰੂਰੀ ਹਨ।

# ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦਾ ਸੰਘਰਸ਼

# ਮਨੁੱਖੀ ਹੱਕਾਂ ਲਈ ਘੋਲ ਦਾ ਸ਼ਾਨਦਾਰ ਇਤਿਹਾਸ

ਕਿਸ਼ਤ ਪਹਿਲੀ


ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ ਐਬਟਸਫੋਰਡ ਬੀਸੀ ਕੈਨੇਡਾ

23 ਮਈ 2024 ਨੂੰ ਸ੍ਰੀ ਗੁਰੂ ਨਾਨਕ ਜਹਾਜ਼ ਦੇ, ਵੈਨਕੂਵਰ ਦੀ ਸਮੁੰਦਰੀ ਧਰਤੀ 'ਤੇ ਪੁੱਜਣ ਦੇ ਇਤਿਹਾਸਿਕ ਵਰਤਾਰੇ ਨੂੰ 110 ਸਾਲ ਹੋ ਗਏ ਹਨ। ਮਹਾਨ ਲਿਖਾਰੀ ਜਾਰਜ ਓਰਵੈਲ ਦਾ ਕਹਿਣਾ ਹੈ ਕਿ ਲੋਕਾਂ ਨੂੰ ਤਬਾਹ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ ਕਿ ਲੋਕਾਂ ਦੀ ਆਪਣੇ ਇਤਿਹਾਸ ਬਾਰੇ ਸਮਝ ਨੂੰ ਨਕਾਰਨਾ ਅਤੇ ਮਿਟਾ ਦੇਣਾ। ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦਾ ਸੰਘਰਸ਼, ਮਨੁੱਖੀ ਹੱਕਾਂ ਲਈ ਘੋਲ ਦਾ ਸ਼ਾਨਦਾਰ ਇਤਿਹਾਸ ਅਤੇ ਚੇਤਨਾ ਦੀ ਪ੍ਰਤੀਕ ਹੈ। ਲੋਕਾਂ ਨੂੰ ਤਬਾਹੀ ਤੋਂ ਬਚਾਉਣ ਲਈ ਆਪਣੇ ਇਤਿਹਾਸ ਬਾਰੇ ਸਮਝਾਉਣ ਅਤੇ ਉਸ ਦੇ ਫ਼ਖਰ ਮਹਿਸੂਸ ਕਰਨ ਪ੍ਰਤੀ ਉਤਸ਼ਾਹਿਤ ਕਰਨ ਲਈ ਸ੍ਰੀ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਅਤੇ ਪ੍ਰਸੰਗ ਨੂੰ ਸਮਝਣਾ ਲਾਹੇਵੰਦ ਹੋਏਗਾ।

ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ ਵਿੱਚ ਨਸਲਵਾਦੀ ਗੋਰੀ ਸਰਕਾਰ ਸੀ, ਜਿਸ ਨੇ 1907 ਵਿੱਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ। ਸਿੱਧੇ ਸਫ਼ਰ ਰਾਹੀਂ ਕੈਨੇਡਾ ਦਾਖਲ ਹੋਣ ਤੋਂ ਰੋਕਣ ਦਾ ਇਹ ਕਾਲਾ ਕਾਨੂੰਨ ਸੀ, ਜਿਸ ਨੂੰ ਪ੍ਰਭਾਵਹੀਣ ਕਰਨ ਲਈ ਕੈਨੇਡਾ ਦੇ ਮੋਢੀ ਸਿੱਖਾਂ ਸ਼ਹੀਦ ਭਾਈ ਭਾਗ ਸਿੰਘ ਜੀ ਭਿਖੀਪਿੰਡ, ਪ੍ਰਧਾਨ ਅਤੇ ਸ਼ਹੀਦ ਭਾਈ ਬਲਵੰਤ ਸਿੰਘ ਜੀ ਖੁਰਦਪੁਰ ਮੁੱਖ ਗ੍ਰੰਥੀ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਸਲਾਹ 'ਤੇ ਮਾਝੇ ਦੇ ਨਾਮਵਰ ਸਿੱਖ ਆਗੂ ਅਤੇ ਕਾਰੋਬਾਰੀ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਦੂਰ-ਅੰਦੇਸ਼ੀ ਨਾਲ ਵਿਉਂਤ ਸੋਚੀ।

ਕੈਨੇਡਾ ਸਰਕਾਰ ਦੇ 'ਨਸਲੀ ਵਿਤਕਰੇ ਵਾਲੇ ਕਾਨੂੰਨ ਨਿਰੰਤਰ ਸਿੱਧੇ ਸਫ਼ਰ' ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿੱਚ ਬਾਬਾ ਜੀ ਵੱਲੋਂ ਕਲਕੱਤੇ (ਬ੍ਰਿਟਿਸ਼ ਭਾਰਤ) ਜਾ ਕੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਕਾਇਮ ਕੀਤੀ ਗਈ, ਜਿਸ ਅਧੀਨ 'ਗੁਰੂ ਨਾਨਕ ਸਾਹਿਬ' ਦੇ ਨਾਂ 'ਤੇ ਇੱਕ ਜਹਾਜ਼ ਕਿਰਾਏ 'ਤੇ ਲੈਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਸਮੁੰਦਰੀ ਬੇੜੇ ਦੀ ਭਾਲ ਕਰਦਿਆਂ ਸਭ ਤੋਂ ਪਹਿਲਾਂ 'ਸਿੰਗਾਪੁਰ ਸਟੀਮਸ਼ਿਪ ਕੰਪਨੀ' ਦੇ ਮੈਨੇਜਰ ਰਾਹੀਂ 'ਲਿਥੋ ਐਂਡ ਕੰਪਨੀ' ਨੂੰ ਸੰਪਰਕ ਕੀਤਾ, ਪਰ ਉਹਨਾਂ ਦਾ ਜਹਾਜ਼ ਪੁਰਾਣਾ ਹੋਣ ਕਾਰਨ ਪੈਸੇਫ਼ਿਕ



ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਸਵੈ ਜੀਵਨੀ।

ਸਮੁੰਦਰ ਵਿੱਚ ਉਤਾਰੇ ਜਾਣ ਦੇ ਸਮਰੱਥ ਨਹੀਂ ਸੀ। ਇਉਂ ਹੀ ਕਈ ਹੋਰ ਬੇੜਿਆਂ ਦੀ ਭਾਲ ਕੀਤੀ ਗਈ। ਆਖ਼ਰਕਾਰ ਜਰਮਨ ਦੇ ਏਜੰਟ ਯੂਨੇ ਰਾਹੀਂ ਜਪਾਨੀ ਕੰਪਨੀ 'ਕਾਮਾਗਾਟਾ' ਨਾਲ ਸੰਪਰਕ ਕੀਤਾ ਅਤੇ ਉਹਨਾਂ ਦਾ ਜਹਾਜ਼ ਲੈਣ ਦਾ ਫੈਸਲਾ ਕੀਤਾ। ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਬੇੜਾ, ਜਾਪਾਨ ਤੋਂ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ, ਛੇ ਮਹੀਨਿਆਂ ਲਈ ਭਾੜੇ 'ਤੇ ਲਿਆ। ਇਸ ਦਾ ਆਕਾਰ 392.2 ਫੁੱਟ ਸੀ ਅਤੇ 3 ਹਜ਼ਾਰ ਟਨ ਮਾਲ ਢੋਣ ਦੀ ਸਮਰੱਥਾ ਸੀ, ਜਦ ਕਿ ਇੱਕ ਘੰਟੇ ਵਿੱਚ 20 ਕਿਲੋਮੀਟਰ ਦਾ ਸਫ਼ਰ ਤੈਅ ਕਰ ਸਕਦਾ ਸੀ। ਮਾਰਚ 1914 ਨੂੰ ਬਾਬਾ ਗੁਰਦਿੱਤ ਸਿੰਘ ਨੇ ਜਪਾਨੀ ਕੰਪਨੀ ਤੋਂ ਇਹ ਜਹਾਜ਼ ਭਾੜੇ 'ਤੇ ਲਿਆ। ਇਹ ਜਹਾਜ਼ ਕੋਲਾ ਢੋਣ ਵਾਲਾ ਸੀ ਤੇ ਯਾਤਰੂ ਜਹਾਜ਼ ਦੇ ਰੂਪ ਵਿੱਚ ਬਦਲਣ ਲਈ ਬਾਬਾ ਗੁਰਦਿੱਤ ਸਿੰਘ ਨੇ ਅੰਦਰੋਂ ਕਾਫ਼ੀ ਤਬਦੀਲੀ ਕੀਤੀ ਅਤੇ 2500 ਡਾਲਰ ਖਰਚੇ 'ਤੇ ਬੈਠਣ ਲਈ ਬੈਂਚ ਆਦਿ ਦਾ ਪ੍ਰਬੰਧ ਕੀਤਾ। ਭਾਰੀ ਖਰਚਾ ਕਰਕੇ ਜਹਾਜ਼ ਦੀ ਮੁਰੰਮਤ ਕਰਵਾਉਂਦਿਆਂ, ਪੂਰੀ ਤਿਆਰੀ ਨਾਲ ਜਹਾਜ਼ ਮੁਸਾਫ਼ਰ ਲਿਜਾਉਣ ਦੇ ਯੋਗ ਬਣਾਇਆ ਗਿਆ।

### ਸ੍ਰੀ ਗੁਰੂ ਨਾਨਕ ਜਹਾਜ਼ ਦੇ ਨਾਮਕਰਨ ਦਾ ਇਤਿਹਾਸ

ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਮਾਰਚ 1914 ਨੂੰ ਹਾਂਗਕਾਂਗ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਗਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਾਮਕਰਨ 'ਸ੍ਰੀ ਗੁਰੂ ਨਾਨਕ ਜਹਾਜ਼' ਕੀਤਾ ਗਿਆ। ਕਾਨੂੰਨੀ ਪਹਿਲੂ ਵਿਚਾਰਦਿਆਂ ਜਹਾਜ਼ ਦੀਆਂ ਟਿਕਟਾਂ 'ਗੁਰੂ ਨਾਨਕ ਨੈਵੀਗੇਸ਼ਨ ਕੰਪਨੀ' ਵੱਲੋਂ ਪ੍ਰਕਾਸ਼ਿਤ ਹੋਈਆਂ ਅਤੇ ਟਿਕਟਾਂ ਉੱਪਰ ਜਹਾਜ਼ ਦਾ ਨਾਂ 'ਗੁਰੂ ਨਾਨਕ ਸਟੀਮਰ' ਲਿਖਿਆ ਗਿਆ। ਸ੍ਰੀ ਗੁਰੂ ਨਾਨਕ ਜਹਾਜ਼ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿੱਥੇ ਦੀਵਾਨ ਜੁੜਦੇ, ਢਾਡੀ ਵਾਰਾਂ ਗਾਉਂਦੇ ਅਤੇ ਨਿਸ਼ਾਨ ਸਾਹਿਬ ਝੁਲਾਇਆ ਜਾਂਦਾ। ਸਾਂਝੇ ਪੰਜਾਬ (ਅਜੋਕੇ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼) ਦੇ ਸਭ ਯਾਤਰੂ ਜਾਣਦੇ



JUDICIAL

The 14th February 1922

No. 4946 – In exercise of the powers conferred by section 12, sub section (1), of the Indian Press Act (I of 1910), the Governor of the Punjab in Council is pleased to declare forfeited to His Majesty all copies, where found, of a Gurmukhi book entitled **"Guru Nanak Jahaz"** by Gurdit Singh of the Komagata Maru, printed at the Partap Hari Press, Lahore, and all copies of all documents containing some or all of the subject matter of the same; inasmuch as the said book contains matter which has a tendency to bring into hatred and contempt the Government established by law in British India, and which, therefore, appears to the Government of the Punjab to contain words of the nature described in section 4, sub section (1), clause C, of the said Act.

Sd/-
Chief Secretary to Government, Punjab

JUDICIAL

The 9th May 1922

No. 15358-J. — Whereas the second part of the book entitled **"Guru Nanak Jahaz de musafiran di dukh bhari kahani"** appears to the Local Government to contain matter, the publication of which is punishable under section 124-A of the Indian Penal Code, inasmuch as it attempts to excite disaffection towards the Government established by law in British India, it is hereby notified that such book is forfeited to His Majesty under the provisions of section 99-A of the Criminal Procedure Code, 1898, as amended by the Press Law Appeal and Amendment Act, 1922.

Sd/-
Chief Secretary to Government, Punjab.

ਕਿਤਾਬ ਜ਼ਬਤ ਹੋਣ ਸਬੰਧੀ ਕਾਨੂੰਨੀ ਫੈਸਲੇ।

ਸਨ ਕਿ 'ਗੁਰੂ ਨਾਨਕ ਜਹਾਜ਼' ਨਾਂ ਦੇ ਅਧੀਨ ਹੀ ਸਭ ਨੂੰ 'ਸਾਂਝੀ ਗੋਦ' ਵਿੱਚ ਲਿਆ ਜਾ ਸਕਦਾ ਸੀ। ਇਤਿਹਾਸਿਕ ਤੱਥਾਂ 'ਤੇ ਅਧਾਰਤ ਇਸ ਜਾਣਕਾਰੀ ਤੋਂ ਬਾਅਦ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਸ ਸਮੁੰਦਰੀ ਬੇੜੇ ਦਾ ਨਾਂ ਸ੍ਰੀ ਗੁਰੂ ਨਾਨਕ ਜਹਾਜ਼ ਹੈ ਅਤੇ ਇਤਿਹਾਸਕਾਰਾਂ ਲਈ ਸ੍ਰੀ ਗੁਰੂ ਨਾਨਕ ਜਹਾਜ਼ ਸ਼ਬਦ ਹੀ ਵਰਤਣਾ ਉਚਿਤ ਹੈ। ਕਈ ਲੇਖਕਾਂ ਵੱਲੋਂ ਅੱਜ ਵੀ ਜਾਣੇ-ਅਣਜਾਣੇ ਵਿੱਚ ਸ੍ਰੀ ਗੁਰੂ ਨਾਨਕ ਜਹਾਜ਼ ਨੂੰ, ਜਾਪਾਨੀ ਨਾਂ ਕਾਮਾਗਾਟਾਮਾਰੂ ਨਾਲ ਹੀ ਬਿਆਨਿਆਂ ਜਾਂਦਾ ਹੈ, ਜੋ ਕਿ ਸਹੀ ਨਹੀਂ। ਜਹਾਜ਼ ਦੇ ਸਹੀ ਨਾਂ ਪ੍ਰਤੀ ਬੇਸਮਝੀ ਹੋਣ ਕਾਰਨ, ਕੈਨੇਡਾ ਵਿੱਚ ਕਈ ਸੰਸਥਾਵਾਂ ਦੇ ਨੁਮਾਇੰਦੇ ਕਾਹਲੀ ਨਾਲ ਸੜਕਾਂ, ਪਾਰਕਾਂ ਅਤੇ ਇਮਾਰਤਾਂ ਆਦਿ ਦੇ ਨਾਂ 'ਕਾਮਾਗਾਟਾਮਾਰੂ' ਰਖਵਾਈ ਜਾ ਰਹੇ ਹਨ, ਜੋ ਕਿ ਆਪਣੇ ਆਪ ਵਿੱਚ ਗਲਤ ਪਿਰਤ ਹੈ। ਅਜਿਹੀਆਂ ਸੰਸਥਾਵਾਂ ਦੇ ਆਗੂਆਂ ਲਈ ਸੁਚੇਤ ਹੋ ਕੇ, ਇਤਿਹਾਸਿਕ ਖੋਜ ਪ੍ਰਤੀ ਸੂਝ-ਬੂਝ ਰੱਖਣੀ ਜ਼ਰੂਰੀ ਹੈ।

### ਕੌਮਾਂਤਰੀ ਮੰਚ 'ਤੇ ਪੰਜਾਬੀ ਸ਼ਬਦ 'ਜਹਾਜ਼' ਨੂੰ ਮਾਨਤਾ

ਨਿਰੰਤਰ ਸਿੱਧੇ ਸਫ਼ਰ ਦੇ ਕਾਨੂੰਨੀ ਪੱਖ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਜਹਾਜ਼ ਨੂੰ ਹਰ ਬੰਦਰਗਾਹ 'ਤੇ, ਭਾਰਤ ਵਿੱਚ ਰਜਿਸਟਰ 'ਸ੍ਰੀ ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਅਧੀਨ, ਸ੍ਰੀ ਗੁਰੂ ਨਾਨਕ ਜਹਾਜ਼ ਦੇ ਨਾਂ ਨਾਲ ਹੀ ਦਾਖਲ ਕੀਤਾ ਜਾਂਦਾ ਅਤੇ ਤੋਰਿਆ ਜਾਂਦਾ ਸੀ। ਆਪਣੇ ਮੂਲ ਬਿਰਤਾਂਤ 'ਤੇ ਪਹਿਰਾ ਦਿੰਦੇ ਹੋਏ ਜਾਪਾਨੀ ਸ਼ਬਦ 'ਮਾਰੂ' ਜਾਂ ਅੰਗਰੇਜ਼ੀ ਸ਼ਬਦ 'ਸ਼ਿਪ' ਦੀ ਥਾਂ 'ਤੇ 'ਜਹਾਜ਼' ਸ਼ਬਦ ਵਰਤਣਾ, ਪੰਜਾਬੀ ਮਾਂ ਬੋਲੀ ਤੇ ਗੁਰਮੁਖੀ ਦਾ ਸਤਿਕਾਰ ਅਤੇ ਪੰਜਾਬੀ ਸੱਭਿਆਚਾਰ ਦਾ ਗਿਆਨ ਵਧਾਉਣਾ ਸੀ ਅਤੇ ਦੁਨੀਆਂ ਨੂੰ ਦੱਸਣਾ ਸੀ ਕਿ 'ਪੰਜਾਬੀ ਸ਼ਬਦ ਜਹਾਜ਼' ਦੀ ਕਿੰਨੀ ਅਹਿਮੀਅਤ ਰੱਖਦਾ ਹੈ। ਕਾਨੂੰਨੀ ਦਸਤਾਵੇਜ਼ਾਂ ਮੁਤਾਬਕ ਜਪਾਨੀ ਸਮੁੰਦਰੀ ਬੇੜੇ ਨੂੰ ਕਿਰਾਏ 'ਤੇ ਲੈ ਕੇ, ਉਸ ਦੇ ਪੁਨਰ ਨਾਮਕਰਨ ਦੇ ਆਧਾਰ 'ਤੇ ਉਸ ਨੂੰ ਸ੍ਰੀ ਗੁਰੂ ਨਾਨਕ ਜਹਾਜ਼ ਹੀ ਕਿਹਾ ਜਾ ਸਕਦਾ ਸੀ, ਨਾ ਕਿ ਕਿਸੇ ਵੀ ਹੋਰ ਪੁਰਾਣੇ ਨਾਂ ਨਾਲ ਸੰਬੋਧਨ ਕਰਨਾ ਠੀਕ ਸੀ। ਅਜਿਹੇ ਸੁਚੱਜੇ ਵਰਤਾਰੇ ਨੇ ਕੌਮਾਂਤਰੀ ਮੰਚ 'ਤੇ ਪੰਜਾਬੀ ਸ਼ਬਦ 'ਜਹਾਜ਼' ਨੂੰ ਮਕਬੂਲ ਕੀਤਾ ਹੈ।

ਇਤਿਹਾਸ ਦੇ ਇਸ ਸ਼ਾਨਦਾਰ ਅਧਿਆਏ ਬਾਰੇ ਬਾਬਾ ਗੁਰਦਿੱਤ ਸਿੰਘ ਸਵੈ-ਜੀਵਨੀ 'ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਦਰਦ ਭਰੀ ਕਹਾਣੀ', ਸਭ ਤੋਂ ਮਹੱਤਵਪੂਰਨ ਹੈ, ਜਿਹੜੀ ਕਿ ਪੰਜਾਬੀ ਵਿੱਚ ਡਾ. ਗੁਰਦੇਵ ਸਿੰਘ ਸਿੱਧੂ ਵੱਲੋਂ ਸੰਪਾਦਿਤ ਕੀਤੀ ਗਈ ਹੈ। ਇਸ ਕਿਤਾਬ ਵਿੱਚੋਂ, ਇਸ ਲੇਖ ਵਿੱਚ ਕਈ ਸਰੋਤ ਸਾਂਝੇ ਕੀਤੇ ਗਏ ਹਨ। ਕੈਨੇਡਾ ਵਾਸੀ ਡਾ. ਪੂਰਨ ਸਿੰਘ ਦੀ ਕਿਤਾਬ 'ਕਾਮਾਗਾਟਾਮਾਰੂ ਦਾ ਦੁਖਾਂਤ : ਕੈਨੇਡਾ ਦੇ ਸਿੱਖਾਂ ਵੱਲੋਂ ਮਨੁੱਖੀ ਹੱਕਾਂ ਲਈ ਘੋਲ', ਗਿਆਨੀ ਕੇਸਰ ਸਿੰਘ ਨਾਵਲਿਸਟ ਦੀ ਕਿਤਾਬ 'ਦਾ ਕੈਨੇਡੀਅਨ ਸਿੱਖਜ਼' ਤੇ ਨਾਵਲ 'ਕਾਮਾਗਾਟਾਮਾਰੂ', ਇਤਿਹਾਸਕਾਰ ਡਾਕਟਰ ਗੰਡਾ ਸਿੰਘ ਦੀਆਂ ਲਿਖਤਾਂ, ਭਾਈ ਰਾਜਵਿੰਦਰ ਸਿੰਘ ਰਾਹੀ ਦੀ 'ਕਾਮਾਗਾਟਾਮਾਰੂ ਜਹਾਜ਼ ਦਾ ਅਸਲੀ ਸੱਚ', ਸ. ਅਜਮੇਰ ਸਿੰਘ ਦੀ ਕਿਤਾਬ 'ਗਦਰੀ ਬਾਬੇ ਕੌਣ ਸਨ ?' ਆਦਿ ਕਿਤਾਬਾਂ ਵੀ ਗੌਰ ਕਰਨਯੋਗ ਹਨ। ਇਹਨਾਂ ਕਿਤਾਬਾਂ ਵਿੱਚ ਵਧੇਰੇ ਕਰਕੇ 'ਗੁਰੂ ਨਾਨਕ ਜਹਾਜ਼' ਸ਼ਬਦ ਵਰਤਿਆ ਗਿਆ ਹੈ। ਇਤਿਹਾਸ ਦਾ ਸਹੀ ਬਿਰਤਾਂਤ ਸਮਝਣ 'ਤੇ ਗਿਆਨ ਹੁੰਦਾ ਹੈ ਕਿ ਜਹਾਜ਼ ਦਾ ਨਾਂ ਸ੍ਰੀ ਗੁਰੂ ਨਾਨਕ ਜਹਾਜ਼ ਰੱਖਣਾ, ਮਹਿਜ਼ ਖਾਨਾਪੂਰਤੀ ਨਹੀਂ ਸੀ, ਬਲਕਿ ਭਾਈਚਾਰਕ ਸਾਂਝੀਵਾਲਤਾ ਦੀ ਤਾਕਤ ਅਤੇ ਜਬਰ ਖ਼ਿਲਾਫ਼ ਲੜਨ ਲਈ ਦੂਰ-ਅੰਦੇਸ਼ੀ ਸੀ। ਸੱਚ ਤਾਂ ਇਹ ਹੈ ਕਿ 'ਗੁਰੂ ਨਾਨਕ ਜਹਾਜ਼' ਸ਼ਬਦ ਸਾਂਝੀਵਾਲਤਾ ਦਾ ਅਜਿਹਾ ਮੰਚ ਬਣਿਆ, ਗੁਰੂ ਨਾਨਕ ਵਿਚਾਰ ਤੇ ਸਰਬੱਤ ਨੂੰ ਕਲਾਵੇ ਵਿੱਚ ਲੈਣ ਵਾਲੀ ਸੋਚ ਉਜਾਗਰ ਹੋਈ। ਸਿੱਖਾਂ ਵੱਲੋਂ ਇੱਕ ਦੋਹਾ ਜੀਵਨ-ਸਫ਼ਰ ਸਫਲਾ ਕਰਨ ਲਈ ਗਾਇਆ ਜਾਂਦਾ ਹੈ :

ਨਾਨਕ ਨਾਮ ਜਹਾਜ਼ ਹੈ, ਚੜ੍ਹੇ ਸੋ ਉਤਰੇ ਪਾਰ।
ਜੋ ਸ਼ਰਧਾ ਕਰ ਸੇਵਦੇ, ਗੁਰ ਪਾਰ ਉਤਾਰਨ ਹਾਰ।

ਭਾਵ 'ਨਾਨਕ ਨਾਮ' ਜਹਾਜ਼ ਸਿੱਖ ਨੂੰ ਸੰਸਾਰ-ਸਾਗਰ ਤੋਂ ਪਾਰ ਕਰਦਾ ਹੈ। ਬਾਬਾ ਗੁਰਦਿੱਤ ਸਿੰਘ ਜੀ ਵੱਲੋਂ ਇਸ ਜਹਾਜ਼ ਦਾ ਨਾਮ ਸ੍ਰੀ ਗੁਰੂ ਨਾਨਕ ਜਹਾਜ਼ ਰੱਖਣ ਪਿੱਛੇ ਅਜਿਹੀ ਹੀ ਸੋਚ ਸੀ, ਪਰ ਅਫਸੋਸ ਇਹ ਹੈ ਕਿ ਅਜੋਕੇ ਕਈ ਲੇਖਕਾਂ, ਸਿਆਸਤਦਾਨਾਂ ਅਤੇ ਮੀਡੀਆਕਾਰਾਂ ਨੇ ਦੇਖੋ-ਦੇਖੀ ਕਾਮਾਗਾਟਾਮਾਰੂ ਨਾਂ ਨੂੰ ਪ੍ਰਚਲਤ ਕਰਕੇ, ਨਾ ਸਿਰਫ਼ ਇਤਿਹਾਸ ਵਿਗਾੜਿਆ ਹੈ, ਬਲਕਿ ਗੁਰੂ ਨਾਨਕ ਸਾਹਿਬ ਦੇ ਬ੍ਰਹਿਮੰਡੀ ਫ਼ਲਸਫ਼ੇ ਨੂੰ ਵੀ ਨਜ਼ਰ ਅੰਦਾਜ਼ ਕੀਤਾ ਹੈ। ਇਸ ਵਰਤਾਰੇ ਵਿੱਚ ਸਿੱਖੀ ਪ੍ਰਤੀ ਸੰਕੀਰਣਤਾ ਵੀ ਝਲਕਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇੱਕ ਪਾਸੇ ਕਾਮਾਗਾਟਾਮਾਰੂ ਦੁਖਾਂਤ ਨਸਲਵਾਦ ਵਿਰੋਧੀ ਸੰਘਰਸ਼ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਪਰ ਦੂਜੇ ਪਾਸੇ 'ਸ੍ਰੀ ਗੁਰੂ ਨਾਨਕ ਜਹਾਜ਼' ਨਾਂ ਮਿਟਾ ਕੇ, ਆਪਣੇ ਆਪ ਵਿੱਚ ਉਲਟਾ ਨਸਲਵਾਦ ਪੈਦਾ ਕੀਤਾ ਜਾ ਰਿਹਾ ਹੈ।



ਕੈਨੇਡਾ ਸਰਕਾਰ ਵੱਲੋਂ ਰਿਲੀਜ਼ ਟਿਕਟ।

### ਕਾਮਾਗਾਟਾਮਾਰੂ ਤੋਂ ਪਹਿਲਾਂ ਤੇ ਮਗਰੋਂ ਬਦਲਦੇ ਰਹੇ ਨੇ ਜਹਾਜ਼ ਦੇ ਨਾਂ

ਬਾਬਾ ਗੁਰਦਿੱਤ ਸਿੰਘ ਵੱਲੋਂ ਭਾੜੇ 'ਤੇ ਲਏ ਗਏ ਸਮੁੰਦਰੀ ਜਹਾਜ਼ ਦੇ ਨਾਂ ਸਮੇਂ-ਸਮੇਂ ਬਦਲਦੇ ਰਹੇ ਹਨ। 'ਕਾਮਾਗਾਟਾਮਾਰੂ' ਨਾਂ ਦੀ ਕੰਪਨੀ ਵੱਲੋਂ ਖ਼ਰੀਦੇ ਜਾਣ ਤੋਂ ਪਹਿਲਾਂ, ਇਸ ਜਹਾਜ਼ ਦੇ ਕਈ ਹੋਰ ਨਾਂ ਸਨ। ਮੂਲ ਰੂਪ ਵਿੱਚ ਇਹ ਜਪਾਨੀ ਸਟੀਮ ਲਾਈਨਰ ਜਹਾਜ਼ ਕੋਲਾ ਢੋਣ ਵਾਲਾ ਸੀ, ਜਿਸ ਨੂੰ 'ਚਾਰਲਸ ਕੋਨੇਲ ਐਂਡ ਕੰਪਨੀ' ਨੇ 13 ਅਗਸਤ 1890 ਨੂੰ ਪਹਿਲੀ ਵਾਰ ਸਮੁੰਦਰ ਵਿੱਚ ਉਤਾਰਿਆ ਸੀ ਅਤੇ ਉਦੋਂ ਇਸ ਦਾ ਨਾਂ ਉਪਰੋਕਤ ਕੰਪਨੀ ਦੇ ਨਾਂ 'ਤੇ ਹੀ ਆਧਾਰਿਤ ਸੀ। ਫਿਰ ਇਸ ਦੀ ਮਾਲਕੀ 'ਸਿਨਿਆਈ ਕਾਈਸਨ ਗੋਸ਼ੀ ਕੈਸੀਆ' ਜਪਾਨੀ ਕੰਪਨੀ ਕੋਲ ਆ ਗਈ ਅਤੇ ਇਸ ਨੂੰ ਇਸ ਕੰਪਨੀ ਦੇ ਨਾਂ ਨਾਲ ਜਾਣਿਆਂ ਜਾਂਦਾ ਰਿਹਾ। ਮਗਰੋਂ ਦੋ ਜਰਮਨ ਐਸ. ਐਸ. ਸਟੱਬਨਹਕ ਤੇ ਐਸ. ਐਸ. ਸਿਸੀਨੀਆ ਇਸ ਦੇ ਮਾਲਕ ਬਣੇ ਤੇ ਇਸ ਦਾ ਨਾਂ 'ਸਿਸੀਨੀਆ ਜਹਾਜ਼' ਹੋ ਗਿਆ। ਇਸ ਤੋਂ ਬਾਅਦ ਇਹ ਜਹਾਜ਼ ਕਾਫ਼ੀ ਸਮਾਂ 'ਹੈਮਬਰਗ ਅਤੇ ਅਮਰੀਕਨ ਲਾਈਨ' ਕੋਲ ਰਿਹਾ ਅਤੇ ਉਹਨਾਂ ਦੇ ਨਾਂ ਨਾਲ ਹੀ ਸੰਬੋਧਨ ਕੀਤਾ ਜਾਂਦਾ ਰਿਹਾ। ਜਨਵਰੀ 1914 ਵਿੱਚ ਜਪਾਨ ਦੀ ਕੰਪਨੀ 'ਕਾਮਾਗਾਟਾ' ਨੇ ਇਹ ਸਮੁੰਦਰੀ ਬੇੜੇ ਖਰੀਦ ਲਿਆ ਅਤੇ ਉਸ ਸਮੇਂ ਤੋਂ ਇਸ ਜਹਾਜ਼ ਦਾ ਨਾਂ 'ਕਾਮਾਗਾਟਾ ਮਾਰੂ' ਹੋ ਗਿਆ, ਕਿਉਂਕਿ ਜਪਾਨੀ ਵਿੱਚ ਸਮੁੰਦਰੀ ਜਹਾਜ਼ ਨੂੰ 'ਮਾਰੂ' ਕਿਹਾ ਜਾਂਦਾ ਹੈ। ਮਗਰੋਂ ਬਾਬਾ ਗੁਰਦਿੱਤ ਸਿੰਘ ਵੱਲੋਂ ਭਾੜੇ 'ਤੇ ਲੈਣ 'ਤੇ ਇਸ ਦਾ ਕਾਨੂੰਨੀ ਨਾਂ 'ਸ੍ਰੀ ਗੁਰੂ ਨਾਨਕ ਜਹਾਜ਼' ਪੈ ਗਿਆ। 23 ਜੁਲਾਈ 1914 ਨੂੰ ਕੈਨੇਡਾ ਤੋਂ ਜਬਰੀ ਵਾਪਸ ਮੋੜਨ 'ਤੇ, 29 ਸਤੰਬਰ 1914 ਨੂੰ ਕਲਕੱਤਾ ਵਿਖੇ ਬਜ-ਬਜ ਘਾਟ 'ਤੇ ਪੁੱਜਣ ਮਗਰੋਂ, ਇਹ ਜਹਾਜ਼ 'ਕਾਮਾਗਾਟਾਮਾਰੂ ਕੰਪਨੀ' ਵਾਪਸ ਲੈ ਗਈ। 1924 ਵਿੱਚ ਇਹ ਜਹਾਜ਼ ਹੋਰ ਕੰਪਨੀ ਨੇ ਖਰੀਦ ਲਿਆ ਅਤੇ ਇਸ ਦਾ ਨਾਂ 'ਹੀਆ ਮਾਰੂ' ਰੱਖ ਦਿੱਤਾ। ਇਉਂ ਇਸ ਸਮੁੰਦਰੀ ਬੇੜੇ ਦੇ ਨਾਂ ਕਈ ਵਾਰ ਬਦਲੇ, ਪਰ ਇਸ ਗੱਲ ਨਾਲ ਆਪਣਾ ਕੋਈ ਲੈਣਾ-ਦੇਣਾ ਨਹੀਂ ਅਤੇ ਨਾ ਹੀ ਇਹ ਮੁੱਦਾ ਅਹਿਮ ਹੈ ਕਿ ਅੱਜ-ਕੱਲ੍ਹ ਇਸ ਜਹਾਜ਼ ਦਾ ਕੀ ਨਾਂ ਹੈ ਜਾਂ ਇਹ ਜਹਾਜ਼ ਕਿੱਥੇ ਹੈ। ਅਸਲ ਮਕਸਦ ਤਾਂ ਉਸ ਬਿਰਤਾਂਤ ਨੂੰ ਸਾਂਭਣਾ ਹੈ, ਜਿਹੜਾ ਗੁਰੂ ਨਾਨਕ ਸਾਹਿਬ ਦੀ ਸਾਜੀ-ਵਾਜੀ ਖਲਕਤ ਵੱਲੋਂ ਨਸਲਵਾਦ ਖ਼ਿਲਾਫ਼ ਜਾਨ ਦੀ ਬਾਜ਼ੀ ਖੇਡ ਕੇ ਸੰਘਰਸ਼ ਕੀਤਾ ਗਿਆ।

(ਚਲਦਾ)



ਸ੍ਰੀ ਗੁਰੂ ਨਾਨਕ ਜਹਾਜ਼ ਦੀਆਂ ਟਿਕਟਾਂ ਦੀ ਤਸਵੀਰ।

# ਜੁੱਤੀ ਵੇ ਤੇਰੀ ਕੱਢਵੀਂ ਲਾੜਿਆ...



ਜੱਗਾ ਸਿੰਘ ਆਦਮਕੇ

ਮਨੁੱਖੀ ਜ਼ਿੰਦਗੀ ਦੇ ਸਭ ਤੋਂ ਅਹਿਮ ਅਤੇ ਮਹੱਤਵਪੂਰਨ ਮੌਕੇ ਵਿਆਹ ਨਾਲ ਸਬੰਧਿਤ ਵੱਖ- ਵੱਖ ਖਿੱਤਿਆਂ, ਸੱਭਿਆਚਾਰਾਂ ਵਿੱਚ ਸ਼ੁਰੂਆਤ ਤੋਂ ਲੈ ਕੇ ਵਿਆਹ ਸਿਰੇ ਚੜ੍ਹਨ ਤੱਕ ਬਹੁਤ ਸਾਰੀਆਂ ਰਸਮਾਂ ਤੇ ਰਿਵਾਜ ਜੁੜੇ ਹੋਏ ਹਨ। ਕੁਝ ਇਸੇ ਤਰ੍ਹਾਂ ਹੀ ਪੰਜਾਬੀ ਸੱਭਿਆਚਾਰ ਵਿੱਚ ਵੀ ਹੈ। ਪੰਜਾਬੀਆਂ ਦੇ ਵਿਆਹਾਂ ਨਾਲ ਸਬੰਧਿਤ ਬਹੁਤ ਸਾਰੀਆਂ ਰਸਮਾਂ ਤੇ ਰਿਵਾਜ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਰਸਮਾਂ ਹਾਲੇ ਵੀ ਪ੍ਰਚੱਲਿਤ ਹਨ ਪਰ ਕੁਝ ਸਮਾਂ ਪਾ ਕੇ ਬਦਲ ਗਈਆਂ ਜਾਂ ਫਿਰ ਖ਼ਤਮ ਹੋ ਗਈਆਂ ਹਨ। ਇਨ੍ਹਾਂ ਵਿੱਚੋਂ ਸਾਕ ਹੋਣਾ/ਸ਼ਗਨ ਪੈਣਾ, ਸਾਹਾ ਬੰਨ੍ਹਣਾ, ਸਾਹਾ ਭੇਜਣਾ, ਗੰਢਾਂ ਭੇਜਣਾ, ਪਹੇਲੀ ਦੇਣੀ, ਚੱਕੀਆਂ ਲਗਾਉਣਾ, ਸੁਹਾਗ-ਘੋੜੀਆਂ ਸ਼ਗਨਾਂ ਦੇ ਗੀਤ ਗਾਉਣਾ, ਮਾਂਹ ਦੱਬਣਾ, ਗਾਨਾ ਬੰਨ੍ਹਣਾ, ਤੇਲ ਚੋਣਾ, ਨਾਨਕਾ ਮੇਲ ਦੀ ਚੜ੍ਹਤ, ਮਹਿੰਦੀ ਲਗਾਉਣਾ, ਜਾਗੋ ਕੱਢਣੀ, ਛੱਜ ਭੰਨਣਾ, ਵਟਣਾ ਮਲਣਾ, ਮਾਮਿਆਂ ਵੱਲੋਂ ਖਾਰਿਓਂ ਲਹਾਉਣਾ, ਠੂਠੀਆਂ ਭੰਨਣਾ, ਸਿਹਰਾ ਸਜਾਉਣਾ, ਭਾਬੀਆਂ ਦੁਆਰਾ ਸੁਰਮਾ ਪਾਉਣਾ, ਜੰਡੀ ਵੱਢਣਾ, ਸਰਬਾਲਾ ਬਣਾਉਣਾ, ਮਿਲਣੀ ਕਰਨੀ, ਬਾਰ ਰੋਕਣਾ, ਜੰਨ ਬੰਨ੍ਹਣਾ, ਖੱਟ ਵਿਛਾਉਣਾ, ਸਿੱਠਣੀਆਂ ਦੇਣਾ, ਪੱਤਲ ਦੇਣਾ, ਲਾੜੇ ਦੀ ਜੁੱਤੀ ਚੁੱਕਣਾ ਆਦਿ ਪ੍ਰਮੁੱਖ ਰਸਮਾਂ ਹਨ।

ਜੁੱਤੀ ਚੁੱਕਣ ਦੀ ਰਸਮ ਬਹੁਤ ਪਿਆਰੀ ਹੈ। ਇਸ ਰਸਮ ਦੇ ਅਨੁਸਾਰ ਆਨੰਦ ਕਾਰਜ ਜਾਂ ਫੇਰਿਆਂ ਤੋਂ ਬਾਅਦ ਲਾੜੇ ਦੀਆਂ ਸਾਲੀਆਂ ਜਾਂ ਸਾਲੀਆਂ ਦੀ ਥਾਂ ਲੱਗਦੀਆਂ ਔਰਤਾਂ ਮੌਕਾ ਤਾੜ ਕੇ ਲਾੜੇ ਦੀ ਜੁੱਤੀ ਚੁੱਕ ਲੈਂਦੀਆਂ ਹਨ। ਬਾਅਦ ਵਿੱਚ ਵਿਚੋਲੇ ਆਦਿ ਦੇ ਵਿੱਚ ਪੈਣ 'ਤੇ ਕੁਝ ਰਾਸ਼ੀ ਲੈ ਕੇ ਇਹ ਜੁੱਤੀ ਮੋੜ ਦਿੱਤੀ ਜਾਂਦੀ ਹੈ। ਉੱਪਰੋਂ ਵੇਖਣ ਨੂੰ ਤਾਂ ਇਹ ਰਸਮ ਬੜੀ ਸਾਧਾਰਨ ਜਿਹੀ ਲੱਗਦੀ ਹੈ ਪ੍ਰੰਤੂ ਹੈ ਬੜੀ ਅਰਥ ਭਰਪੂਰ ਅਤੇ ਵਕਤੀ ਮਹੱਤਵ ਦੀ ਧਾਰਨੀ। ਜਿਸ ਤਰ੍ਹਾਂ ਵਿਆਹ ਨਾਲ ਸਬੰਧਿਤ ਬਹੁਤ ਸਾਰੀਆਂ ਰਸਮਾਂ ਵੱਖ ਵੱਖ ਪੱਖਾਂ ਤੋਂ ਮਹੱਤਵ ਰੱਖਣ ਵਾਲੀਆਂ ਹਨ, ਉਸੇ ਤਰ੍ਹਾਂ ਹੀ ਇਸ ਰਸਮ ਦੇ ਪਿੱਛੇ ਵੀ ਕਈ ਪੱਖ ਕੰਮ ਕਰਦੇ ਮੰਨੇ ਜਾਂਦੇ ਹਨ। ਲਾੜੇ ਦੀ ਜੁੱਤੀ ਸਬੰਧੀ ਵਿਆਹ ਦੇ ਗੀਤਾਂ ਵਿੱਚ ਵੱਖ ਵੱਖ ਰੂਪਾਂ ਵਿੱਚ ਵਰਣਨ ਕੁਝ ਇਸ ਤਰ੍ਹਾਂ ਮਿਲਦਾ ਹੈ:

ਜੁੱਤੀ ਵੇ ਤੇਰੀ ਕੱਢਮੀਂ ਲਾੜਿਆ
ਵੇ ਕੋਈ ਵਿੱਚ ਤਿੱਲੇ ਦੀ ਵੇ ਮੇਖ
ਮਾਂ ਤੇਰੀ ਨੂੰ ਤੇਰਾ ਪਿਓ ਕੁੱਟੇ
ਵੇ ਤੂੰ ਖੜ੍ਹਾ ਤਮਾਸ਼ਾ
ਵੇ, ਸੁਣਦਿਆ ਲਾੜਿਆ, ਵੇ ਦੇਖ





ਲਾੜੇ ਦੀ ਜੁੱਤੀ ਚੁੱਕਣ ਦੀ ਰਸਮ ਦੇ ਸ਼ੁਰੂ ਹੋਣ ਪਿੱਛੇ ਜਿਹੜਾ ਸਭ ਤੋਂ ਪ੍ਰਮੁੱਖ ਪੱਖ ਮੰਨਿਆ ਜਾਂਦਾ ਹੈ, ਉਹ ਹੈ ਇਸ ਬਹਾਨੇ ਸਾਲੀਆਂ ਦੀ ਲਾੜੇ ਨਾਲ ਜਾਣ ਪਹਿਚਾਣ ਕਰਵਾਉਣਾ। ਪੁਰਾਤਨ ਸਮਿਆਂ ਵਿੱਚ ਜਦੋਂ ਅਜੋਕੇ ਦੂਰ ਸੰਚਾਰ, ਬਿਜਲਈ ਯੰਤਰਾਂ, ਕੈਮਰਿਆਂ ਆਦਿ ਵਰਗੇ ਸਾਧਨਾਂ ਦੀ ਘਾਟ ਹੋਣ ਕਾਰਨ ਲਾੜਾਂ ਅਤੇ ਉਸ ਦੀਆਂ ਸਾਲੀਆਂ ਦੀ ਵਿਆਹ ਤੋਂ ਪਹਿਲਾਂ ਆਹਮਣੇ ਸਾਹਮਣੇ ਮੁਲਾਕਾਤ ਨਹੀਂ ਸੀ ਹੁੰਦੀ ਅਤੇ ਨਾ ਹੀ ਉਨ੍ਹਾਂ ਨੇ ਕੋਈ ਤਸਵੀਰ ਆਦਿ ਦੇ ਰੂਪ ਵਿੱਚ ਉਸ ਨੂੰ ਦੇਖਿਆ ਹੁੰਦਾ ਸੀ। ਵਿਆਹ ਵਿੱਚ ਜੁੱਤੀ ਚੁੱਕਣ ਸਮੇਂ ਸਾਲੀਆਂ ਜਾਂ ਸਾਲੀਆਂ ਦੇ ਥਾਂ ਲੱਗਦੀਆਂ ਔਰਤਾਂ ਸਰਗਰਮ ਹੁੰਦੀਆਂ ਸਨ। ਇਸ ਤਰ੍ਹਾਂ ਲਾੜੇ ਨੂੰ ਜੁੱਤੀ ਚੁੱਕਣ ਅਤੇ ਮੋੜਨ ਸਮੇਂ ਸਰਗਰਮ ਇਨ੍ਹਾਂ ਸਾਲੀਆਂ ਨਾਲ ਆਪਸੀ ਜਾਣ ਪਛਾਣ ਹੋ ਜਾਂਦੀ ਸੀ। ਲਾੜੇ ਦਾ ਝਾਕਾ ਖੁੱਲ੍ਹ ਜਾਂਦਾ ਸੀ ਅਤੇ ਉਹ ਪਰਿਵਾਰ ਵਿੱਚ ਘੁਲ-ਮਿਲ ਜਾਂਦਾ ਸੀ। ਇਸ ਰਸਮ/ਪਰੰਪਰਾ ਪਿੱਛੇ ਇੱਕ ਕਾਰਨ ਲਾੜੇ ਦੇ ਸੁਭਾਅ ਆਦਿ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ਵੀ ਮੰਨਿਆ ਜਾਂਦਾ ਹੈ। ਭਾਵੇਂ ਇਸ ਸਮੇਂ ਅਜਿਹੇ ਪੱਖ ਸਬੰਧੀ ਜਾਣਨ ਵਿੱਚ ਕਾਫ਼ੀ ਦੇਰੀ ਹੋ ਚੁੱਕੀ ਹੁੰਦੀ ਹੈ ਪਰ ਫਿਰ ਵੀ ਉਸ ਦੇ ਸੁਭਾਅ ਸਬੰਧੀ ਜਾਣ ਕੇ ਭਵਿੱਖ ਵਿੱਚ ਉਸ ਸਬੰਧੀ ਖਿਆਲ ਰੱਖਣ ਅਤੇ ਉਸ ਅਨੁਸਾਰ ਆਪਣੇ ਆਪ ਢਲਣ ਅਤੇ ਦੂਹਲਨ ਨੂੰ ਵਿਚਰਨ ਲਈ ਸਮਝਾਇਆ ਜਾਂਦਾ ਹੋਵੇਗਾ। ਇਸ ਦੇ ਨਾਲ ਨਾਲ ਲਾੜੇ ਦੀ ਚੁਸਤੀ ਫੁਰਤੀ ਆਦਿ ਦਾ ਵੀ ਪਤਾ ਚੱਲ ਜਾਂਦਾ ਸੀ।

ਇਸ ਦੇ ਨਾਲ ਇੱਕ ਵਿਚਾਰ ਇਹ ਵੀ ਹੈ ਕਿ ਪ੍ਰਤੀਕਾਤਮਕ ਰੂਪ ਵਿੱਚ ਲਾੜੇ ਨੂੰ ਇਹ ਵੀ ਸਮਝਾਇਆ ਜਾਂਦਾ ਸੀ ਕਿ ਹੁਣ ਭਾਵੇਂ ਜਿਸ ਤਰ੍ਹਾਂ ਦੀਆਂ ਸਥਿਤੀਆਂ ਵਿੱਚੋਂ ਦੀ ਗੁਜ਼ਰਨਾ ਪਵੇ, ਜੁੱਤੀ ਦੇ ਜੋੜੇ ਵਾਂਗ ਇਕੱਠਿਆਂ ਨੇ ਗੁਜ਼ਰਨਾ ਹੈ। ਇਸ ਦੇ ਨਾਲ ਇੱਕ ਵਿਚਾਰ ਅਨੁਸਾਰ ਉਸ ਸਮੇਂ ਰਸਤੇ ਕੱਚੇ ਹੁੰਦੇ ਸਨ ਅਤੇ ਲਾੜੇ ਨੂੰ ਊਠਾਂ ਤੇ ਘੋੜਿਆਂ 'ਤੇ ਸਵਾਰ ਹੋ ਕੇ ਆਉਣਾ ਪੈਂਦਾ ਸੀ। ਕਈ ਥਾਵਾਂ 'ਤੇ ਉਸ ਨੂੰ ਧੂੜ ਮਿੱਟੀ ਵਾਲੇ ਥਾਵਾਂ 'ਤੇ ਹੇਠਾਂ ਵੀ ਉਤਰਨਾ ਪੈਂਦਾ ਹੋਵੇਗਾ। ਅਜਿਹੇ ਵਿੱਚ ਜੁੱਤੀ ਲਿੱਬੜ ਵੀ ਜਾਂਦੀ ਹੋਵੇਗੀ। ਇਸ ਤਰ੍ਹਾਂ ਲਾੜੇ ਦੀ ਲਿੱਬੜੀ ਜੁੱਤੀ ਨੂੰ ਚੁੱਕ ਕੇ ਸਾਫ਼ ਕੀਤਾ ਜਾਂਦਾ ਹੋਵੇਗਾ। ਇਸ ਰਸਮ ਨੂੰ ਹਲਕਾ ਫੁਲਕਾ ਬਣਾਉਣ ਲਈ ਇਸ ਦੇ ਬਦਲੇ ਕੁਝ ਸ਼ਗਨ ਲਿਆ ਜਾਂਦਾ ਹੋਵੇਗਾ। ਸਮੇਂ ਨਾਲ ਇਹ ਰਸਮ ਕੇਵਲ ਉਂਝ ਹੀ ਜੁੱਤੀ ਚੁੱਕਣ ਤੱਕ ਸੀਮਤ ਹੋ ਕੇ ਰਹਿ ਗਈ। ਇਸ ਰਸਮ ਬਹਾਨੇ ਹਾਸੇ ਮਜ਼ਾਕ ਰਾਹੀਂ ਮਾਹੌਲ ਵੀ ਖ਼ੁਸ਼ਗਵਾਰ ਹੋ ਜਾਂਦਾ ਸੀ। ਹੁਣ ਇਹ ਰਸਮ ਭਾਵੇਂ ਕਾਫ਼ੀ ਘਟ ਗਈ ਹੈ ਪ੍ਰੰਤੂ ਫਿਰ ਵੀ ਕੁਝ ਕੁ ਵਿਆਹਾਂ ਵਿੱਚ ਇਸ ਨੂੰ ਹੁਣ ਵੀ ਨਿਭਾਇਆ ਜਾਂਦਾ ਹੈ। ਉਹ ਗੱਲ ਵੱਖਰੀ ਹੈ ਕਿ ਹੋਰਨਾਂ ਬਹੁਤ ਸਾਰੀਆਂ ਰਸਮਾਂ ਵਾਂਗ ਕਦੇ ਇਸ ਰਸਮ ਪਿੱਛੇ ਕੰਮ ਕਰਦੀਆਂ ਜ਼ਰੂਰਤਾਂ ਹੁਣ ਉਹ ਨਹੀਂ ਰਹੀਆਂ। ਹੁਣ ਇਸ ਰਸਮ ਰਾਹੀਂ ਕੁਝ ਹਾਸਾ ਮਜ਼ਾਕ ਹੀ ਹੁੰਦਾ ਹੈ।





# ਕੀ ਹੁੰਦਾ ਹੈ ਏਅਰ ਟਰਬੁਲੈਂਸ?

## ਹਵਾ ’ਚ ਗੜਬੜੀ ਕਾਰਨ ਵਾਪਰ ਸਕਦੇ ਹਨ ਹਵਾਈ ਹਾਦਸੇ



ਏਅਰ ਟਰਬੁਲੈਂਸ ਸ਼ਬਦ ਆਮ ਲੋਕਾਂ ਲਈ ਨਵਾਂ ਨਹੀਂ ਹੈ, ਇਸ ਦਾ ਅਰਥ ਹੁੰਦਾ ਹੈ-ਹਵਾਵਾਂ ਵਿੱਚ ਗੜਬੜੀ। ਇਹ ਸ਼ਬਦ ਆਮ ਤੌਰ ’ਤੇ ਹਵਾਈ ਜਹਾਜ਼ਾਂ ਵਿੱਚ ਬੈਠ ਕੇ ਅੰਬਰਾਂ ਵਿੱਚ ਸੈਰ ਕਰਨ ਵਾਲਿਆਂ ਵਿੱਚ ਚਰਚਿਤ ਰਹਿੰਦਾ ਹੈ। ਆਮ ਤੌਰ ’ਤੇ ਮੌਸਮ ਵਿੱਚ ਗੜਬੜੀ, ਪ੍ਰਦੂਸ਼ਨ ਅਤੇ ਹੋਰ ਅਨੇਕਾਂ ਕਾਰਨਾਂ ਕਰਕੇ ਹਵਾਵਾਂ ਵਿੱਚ ਗੜਬੜੀ ਹੋਣ ਅਤੇ ਹਵਾਈ ਜਹਾਜ਼ਾਂ ਦੇ ਡੋਲਣ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਪਰ ਜਦੋਂ ਮੌਸਮ ਬਿਲਕੁਲ ਸਾਫ ਹੋਣ ਅਤੇ ਅਸਮਾਨ ਬਿਲਕੁਲ ਸ਼ਾਂਤ ਹੋਣ ਦੇ ਬਾਵਜੂਦ ਹਵਾਵਾਂ ਵਿੱਚ ਗੜਬੜੀ ਹੋ ਜਾਵੇ ਤਾਂ ਇਹ ਕਈ ਵਾਰ ਖ਼ਤਰਨਾਕ ਸਾਬਿਤ ਹੋ ਜਾਂਦਾ ਹੈ। ਇਸ ਸਮੇਂ ਏਅਰ ਟਰਬੁਲੈਂਸ ਸ਼ਬਦ ਸਿੰਗਾਪੁਰ ਏਅਰਲਾਈਨਜ਼ ਦੇ ਇੱਕ ਜਹਾਜ਼ ਵੱਲੋਂ ਉਡਾਣ ਦੌਰਾਨ ਹਜ਼ਾਰਾਂ ਫੁੱਟ ਅਚਾਨਕ ਗੋਤਾ ਮਾਰਨ ਕਾਰਨ ਚਰਚਾ ਵਿੱਚ ਹੈ। ਲੰਘੇ ਦਿਨੀਂ ਏਅਰ ਟਰਬੁਲੈਂਸ (ਹਵਾ ਵਿੱਚ ਗੜਬੜੀ) ਕਾਰਨ ਸਿੰਗਾਪੁਰ ਏਅਰਲਾਈਨਜ਼ ਦੇ ਜਹਾਜ਼ ਨੇ ਤਿੰਨ ਮਿੰਟਾਂ ਵਿੱਚ 6,000 ਫੁੱਟ ਡੁਬਕੀ ਮਾਰੀ। ਇਸ ਕਾਰਨ ਜਹਾਜ਼ ’ਚ ਇੰਨੀ ਖਤਰਨਾਕ ਗੜਬੜ ਹੋਈ ਕਿ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਕਈ ਵਿਅਕਤੀ ਜ਼ਖ਼ਮੀ ਹੋ ਗਏ। ਇਕ ਹੋਰ ਘਟਨਾ ਦੌਰਾਨ ਕਤਰ ਏਅਰਵੇਜ਼ ਦੀ ਉਡਾਣ ਵੀ ਹਵਾ ’ਚ ਗੜਬੜੀ ਦਾ ਸ਼ਿਕਾਰ ਹੋ ਗਈ।




ਇਸ ਤੋਂ ਪਹਿਲਾਂ ਵੀ ਕਈ ਵਾਰ ਹਵਾ ਦੀ ਗੜਬੜੀ ਕਈ ਵਾਰ ਘਾਤਕ ਸਾਬਤ ਹੋ ਚੁੱਕੀ ਹੈ।

ਇਸ ਘਟਨਾ ਤੋਂ ਬਾਅਦ ਇੱਕ ਵਾਰ ਫਿਰ ਏਅਰ ਟਰਬੁਲੈਂਸ ਦੁਨੀਆਂ ਭਰ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ ਅਤੇ ਇਸ ਸਬੰਧੀ ਕਈ ਤਰ੍ਹਾਂ ਦੀਆਂ ਚਿੰਤਾਵਾਂ ਭਰੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਘਟਨਾਵਾਂ ਹਵਾਈ ਜਹਾਜ਼ ਦੇ ਯਾਤਰੀਆਂ ਅਤੇ ਚਾਲਕ ਦ ਲ ਲਈ ਬਹੁਤ ਖਤਰਨਾਕ ਹੋ ਸਕਦੀਆਂ ਹਨ। ਹਾਲਾਂਕਿ, ਗੜਬੜ ਦੌਰਾਨ ਜਾਨੀ ਨੁਕਸਾਨ ਦੇ ਬਹੁਤੇ ਮਾਮਲੇ ਨਹੀਂ ਹਨ। ਪਰ ਕਈ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਵਧ ਰਹੀਆਂ ਹਨ, ਇਸ ਲਈ ਵਾਧੂ ਸਾਵਧਾਨੀਆਂ ਅਤੇ ਸੁਰੱਖਿਆ ਉਪਾਅ ਜ਼ਰੂਰੀ ਹੋ ਗਏ ਹਨ।

ਅੰਕੜੇ ਦੱਸਦੇ ਹਨ ਕਿ ਹੁਣ ਤੱਕ ਵਾਪਰੀਆਂ ਬਹੁਤੀਆਂ ਅਜਿਹੀਆਂ ਘਟਨਾਵਾਂ ਮਾਮੂਲੀ ਹਨ, ਪਰ ਹਵਾਬਾਜ਼ੀ ਕੰਪਨੀਆਂ ਨੇ ਹਾਦਸਿਆਂ ਨੂੰ ਰੋਕਣ ਅਤੇ ਘਟਾਉਣ ਲਈ ਕਈ ਤਰ੍ਹਾਂ ਦੇ ਉਪਾਅ ਕੀਤੇ ਹਨ। ਫਿਰ ਵੀ, ਮਾਹਰ ਕਹਿੰਦੇ ਹਨ ਕਿ ਯਾਤਰੀਆਂ ਨੂੰ ਵਾਧੂ ਸਾਵਧਾਨੀ ਵਰਤਣੀ ਚਾਹੀਦੀ ਹੈ।

### ਏਅਰ ਟਰਬੁਲੈਂਸ ਕੀ ਹੈ ?

ਏਅਰ ਟਰਬੁਲੈਂਸ ਅਸਲ ਵਿੱਚ ਇੱਕ ਅਸਥਿਰ ਹਵਾ ਹੈ ਜਿਸਦੀ ਗਤੀ ਅਤੇ ਭਾਰ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ। ਬਹੁਤੇ ਲੋਕ ਇਹ ਸਮਝਦੇ ਹਨ ਕਿ ਅਜਿਹਾ ਸਿਰਫ਼ ਖ਼ਰਾਬ ਮੌਸਮ ਜਾਂ ਤੂਫ਼ਾਨ ਆਦਿ ਵਿੱਚ ਹੀ ਹੁੰਦਾ ਹੈ ਪਰ ਸਭ ਤੋਂ ਖ਼ਤਰਨਾਕ ਗੜਬੜ ਉਦੋਂ ਹੁੰਦੀ ਹੈ ਜਦੋਂ ਮੌਸਮ ਸਾਫ਼ ਹੁੰਦਾ ਹੈ ਅਤੇ ਸਾਹਮਣੇ ਅਸਮਾਨ ਵਿੱਚ ਕੋਈ ਖ਼ਤਰਾ ਜਾਂ ਸੰਕੇਤ ਨਜ਼ਰ ਨਹੀਂ ਆਉਂਦਾ।

ਸਾਫ਼ ਹਵਾ ਵਿੱਚ, ਉੱਚੀ ਉਚਾਈ ’ਤੇ ਮੌਜੂਦ ਹਵਾ ਦੇ ਕਰੰਟਾਂ ਵਿੱਚ ਗੜਬੜ ਅਕਸਰ ਹੁੰਦੀ ਹੈ, ਜਿਨ੍ਹਾਂ ਨੂੰ ਜੈੱਟ ਸਟ੍ਰੀਮ ਕਿਹਾ ਜਾਂਦਾ ਹੈ। ਇਹ ਉਦੋਂ ਵਾਪਰਦਾ ਹੈ ਜਦੋਂ ਦੋ ਹਵਾ ਦੇ ਕਰੰਟ ਇੱਕ ਦੂਜੇ ਦੇ ਦੁਆਲੇ ਵੱਖ-ਵੱਖ ਗਤੀ ਨਾਲ ਵਹਿੰਦੇ ਹਨ। ਜੇਕਰ ਗਤੀ ਵਿੱਚ ਅੰਤਰ ਬਹੁਤ ਜ਼ਿਆਦਾ ਹੈ ਤਾਂ ਵਾਯੂ-ਮੰਡਲ ਇਸ ਦੇ ਦਬਾਅ ਨੂੰ ਨਹੀਂ ਸੰਭਾਲ ਸਕਦਾ ਅਤੇ ਹਵਾ ਦੇ ਕਰੰਟ ਦੋ ਹਿੱਸਿਆਂ ਵਿੱਚ ਵੰਡੇ ਜਾਂਦੇ ਹਨ।

ਫਲੋਰੀਡਾ ਦੀ ਏਮਬ੍ਰਿਡੀਕਲ ਏਰੋਨਾਟਿਕਲ ਯੂਨੀਵਰਸਿਟੀ ਦੇ ਅਪਲਾਈਡ ਏਵੀਏਸ਼ਨ ਸਾਇੰਸ ਵਿਭਾਗ ਦੇ ਮੁਖੀ ਥਾਮਸ ਗਿਨ ਕਹਿੰਦੇ ਹਨ, ‘ਜਦੋਂ ਜੈੱਟ ਸਟ੍ਰੀਮ ਦੇ ਆਲੇ ਦੁਆਲੇ ਹਵਾ ਤੇਜ਼ੀ ਨਾਲ ਕੱਟਦੀ ਹੈ, ਤਾਂ ਹਵਾ ਦੀ ਮਾਤਰਾ ਵੱਧ ਸਕਦੀ ਹੈ। ਇਸ ਨਾਲ ਹਵਾ ਵਿੱਚ ਭਾਰੀ ਗੜਬੜ ਪੈਦਾ ਹੋ ਜਾਂਦੀ ਹੈ।’




### ਏਅਰ ਟਰਬੁਲੈਂਸ ਅਤੇ ਜਹਾਜ਼ ਹਾਦਸੇ

ਇਸ ਗੱਲ ਦਾ ਕੋਈ ਅੰਕੜਾ ਉਪਲਬਧ ਨਹੀਂ ਹੈ ਕਿ ਦੁਨੀਆਂ ਵਿੱਚ ਕਿੰਨੇ ਯਾਤਰੀ ਗੜਬੜ ਕਾਰਨ ਪ੍ਰਭਾਵਿਤ ਹੋਏ ਹਨ ਪਰ ਕੁਝ ਦੇਸ਼ ਅਜਿਹੀਆਂ ਘਟਨਾਵਾਂ ਦੇ ਅੰਕੜੇ ਪ੍ਰਕਾਸ਼ਿਤ ਕਰਦੇ ਰਹਿੰਦੇ ਹਨ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਮੁਤਾਬਕ 2009 ਤੋਂ 2022 ਦਰਮਿਆਨ ਅਮਰੀਕਾ ਵਿੱਚ 163 ਲੋਕ ਏਅਰ ਟਰਬੁਲੈਂਸ ਕਾਰਨ ਇੰਨੇ ਬੁਰੀ ਤਰ੍ਹਾਂ ਜ਼ਖਮੀ ਹੋਏ ਕਿ ਉਨ੍ਹਾਂ ਨੂੰ ਘੱਟੋ-ਘੱਟ ਦੋ ਦਿਨ ਹਸਪਤਾਲ ਵਿੱਚ ਰਹਿਣਾ ਪਿਆ। ਇਨ੍ਹਾਂ ’ਚੋਂ ਜ਼ਿਆਦਾਤਰ ਚਾਲਕ ਦਲ ਦੇ ਮੈਂਬਰ ਸਨ। ਚਾਲਕ ਦਲ ਦੇ ਮੈਂਬਰਾਂ ਨੂੰ ਸੱਟ ਲੱਗਣ ਦਾ ਵਧੇਰੇ ਖ਼ਤਰਾ ਹੁੰਦਾ ਹੈ ਕਿਉਂਕਿ ਉਹ ਉਡਾਣ ਦੌਰਾਨ ਸੀਟ ਬੈਲਟ ਨਹੀਂ ਪਹਿਨਦੇ ਹਨ।

### ਜਲਵਾਯੂ ਤਬਦੀਲੀ ਦਾ ਪ੍ਰਭਾਵ

ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜਲਵਾਯੂ ਪਰਿਵਰਤਨ ਕਾਰਨ ਗੜਬੜੀ ਦੇ ਮਾਮਲੇ ਵੀ ਵਧ ਸਕਦੇ ਹਨ। ਜੀਓਫਿਜ਼ੀਕਲ ਰਿਸਰਚ ਲੈਟਰਸ ਜਰਨਲ ਵਿੱਚ ਪਿਛਲੇ ਸਾਲ ਪ੍ਰਕਾਸ਼ਿਤ ਇੱਕ ਖੋਜ ਪੱਤਰ ਵਿੱਚ, ਬ੍ਰਿਟੇਨ ਦੀ ਰੀਡਿੰਗ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਕਿਹਾ ਕਿ ਪਿਛਲੇ ਦਹਾਕਿਆਂ ਵਿੱਚ ਸਾਫ਼ ਹਵਾ ਵਿੱਚ ਗੜਬੜ ਦੇ ਮਾਮਲਿਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ।

ਆਪਣੀ ਖੋਜ ਵਿੱਚ, ਵਿਗਿਆਨੀਆਂ ਨੇ ਪਾਇਆ ਕਿ ਉੱਤਰੀ ਅਟਲਾਂਟਿਕ ਹਵਾਈ ਮਾਰਗ ’ਤੇ 1979 ਤੋਂ 2020 ਦਰਮਿਆਨ ਕੇਸਾਂ ਵਿੱਚ 55 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਵਿਗਿਆਨੀਆਂ ਮੁਤਾਬਕ ਅਜਿਹਾ ਕਾਰਬਨ ਦੇ ਨਿਕਾਸ ਕਾਰਨ ਹੋ ਰਿਹਾ ਹੈ ਕਿਉਂਕਿ ਉਚਾਈ ’ਤੇ ਹਵਾ ਗਰਮ ਹੋ ਗਈ ਹੈ, ਜਿਸ ਕਾਰਨ ਇਸ ਦੀ ਗਤੀ ਬਦਲ ਗਈ ਹੈ।

ਇਸੇ ਟੀਮ ਨੇ ਦੋ ਸਾਲ ਪਹਿਲਾਂ ਇੱਕ ਅਧਿਐਨ ’ਚ ਕਿਹਾ ਸੀ ਕਿ ਜਲਵਾਯੂ ਪਰਿਵਰਤਨ ਕਾਰਨ ਆਉਣ ਵਾਲੇ ਸਾਲਾਂ ’ਚ ਕਲੀਨ ਏਅਰ ਟਰਬੁਲੈਂਸ ਦੇ ਮਾਮਲਿਆਂ ’ਚ 149 ਫੀਸਦੀ ਦਾ ਵਾਧਾ ਹੋ ਸਕਦਾ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

## 31 ਮਈ ਗੁਰਤਾ ਗੱਦੀ 'ਤੇ ਵਿਸ਼ੇਸ਼ ਲੇਖ



ਸੁਖਵਿੰਦਰ ਸਿੰਘ ਮੁੱਲਾਂਪੁਰ
9914184794

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

ਸੰਮਤ 1651 ਮੁਤਾਬਿਕ 1594 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਛੱਡ ਕੇ ਇੱਥੋਂ 6 ਕਿਲੋਮੀਟਰ ਦੂਰ ਪਿੰਡ ਵਡਾਲੀ ਵਿਖੇ ਜਾ ਬਿਰਾਜੇ ਸਨ। ਇੱਥੇ ਵਡਾਲੀ ਵਿੱਚ ਰਹਿੰਦਿਆਂ ਹੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਵਾਕ ਪੂਰਾ ਹੋਇਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਤੇ ਮਾਤਾ ਗੰਗਾ ਜੀ ਦੀ ਕੁਖੋਂ ਸੰਮਤ 1652 ਸੰਨ 1595 ਈ: ਨੂੰ (ਗੁਰੂ)ਸ੍ਰੀ ਹਰਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਸਾਰੇ ਸਿੱਖ ਜਗਤ ਵਿੱਚ ਅਥਾਹ ਖੁਸ਼ੀ ਹੋਈ। ਪੰਚਮ ਪਾਤਿਸ਼ਾਹ ਜੀ ਨੇ ਮਾਲਕ ਦਾ ਸ਼ੁਕਰਾਨਾ ਕਰਦਿਆਂ ਇਹ ਸ਼ਬਦ ਉਚਾਰਨ ਕੀਤਾ :

ਸਤਿਗੁਰ ਸਾਚੈ ਦੀਆਂ ਭੇਜਿ ॥
ਚਿਰ ਜੀਵਨੁ ਉਪਜਿਆ ਸੰਜੋਗਿ ॥
ਉਦਰੈ ਮਾਹਿ ਆਇ ਕੀਆ ਨਿਵਾਸੁ ॥
ਮਾਤਾ ਕੇ ਮਨਿ ਬਹੁਤ ਬਿਗਾਸੁ ੧
ਜੰਮਿਆ ਪੂਤੁ ਭਗਤ ਗੋਵਿੰਦ ਕਾ ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ
(ਆਸਾ ਮਹੱਲਾ ੫ ਸ੍ਰੀ ਗੁਰੂ ਗੰਥ ਸਾਹਿਬ ਅੰਗ: ੩੯੬

ਜਦ ਹਰਗੋਬਿੰਦ ਸਾਹਿਬ 2 ਸਾਲ ਦੇ ਹੋਏ ਤਾਂ ਪੰਚਮ ਪਾਤਿਸ਼ਾਹ ਵਡਾਲੀ ਛਡ ਕੇ ਅੰਮ੍ਰਿਤਸਰ ਰਹਿਣ ਲਗ ਪਏ।

ਬਚਪਨ ਤੇ ਵਿਦਿਆ: ਜਦ ਹਰਗੋਬਿੰਦ ਸਾਹਿਬ ਜੀ ਵਿਦਿਆ ਪ੍ਰਾਪਤੀ ਲਈ ਯੋਗ ਅਵਾਸਥਾ ਵਿੱਚ ਪਹੁੰਚੇ ਤਾਂ ਵਿਦਿਆ ਦੇਣ ਦਾ ਕਾਰਜ ਬਾਬਾ ਬੁੱਢਾ ਜੀ ਨੂੰ ਸੌਂਪ ਦਿੱਤਾ ਗਿਆ ਥੋੜੇ ਦਿਨਾਂ ਵਿੱਚ ਹੀ ਉਹਨਾਂ ਅੱਖਰ ਸਿੱਖ ਲਏ ਤੇ ਗੁਰਬਾਣੀ ਪੜ੍ਹਨ ਲਗ ਪਏ। ਉਸ ਪਿਛੋਂ ਉਹਨਾਂ ਨੂੰ ਸ਼ਸਤਰ ਚਲਾਉਣੇ, ਘੋੜ ਸਵਾਰੀ ਕਰਨੀ,ਹਿਕਮਤ ਤੇ ਰਸਾਇਿਕ ਵਿਦਿਆ ਆਦਿ ਸਿਖਾਈਆਂ ਗਈਆਂ।

ਵਿਆਹ: ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਿੰਨ ਵਿਆਹ ਹੋਏ।(1) ਮਾਘ ਸੁਦੀ 7 ਸੰਮਤ1661 ਸੰਨ 1604 ਈ: ਨੂੰ ਪਿੰਡ ਡੱਲੇ ਦੇ ਰਹਿਣ ਵਾਲੇ ਬਾਬਾ ਨਰਾਇਣ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ ਹੋਇਆ।(2)ਸੰਮਤ 1670 ਸੰਨ 1613 ਈ: ਨੂੰ ਬਾਬਾ ਹਰੀ ਚੰਦ ਜੀ ਬਾਬਾ ਬਕਾਲਾ ਨਿਵਾਸੀ ਦੀ ਸਪੁੱਤਰੀ ਬੀਬੀ ਨਾਨਕੀ ਨਾਲ ਹੋਇਆ।(3)ਸੰਮਤ 1672 ਸੰਨ 1615 ਈ: ਨੂੰ ਪਿੰਡ ਮੰਡਿਆਲੀ ਦੇ ਰਹਿਣ ਵਾਲੇ ਬਾਬਾ ਦਯਾ ਰਾਮ ਮਰਵਾਹੇ ਖੱਤਰੀ ਦੀ ਸਪੁੱਤਰੀ ਮਹਾਂਦੇਵੀ ਨਾਲ ਹੋਇਆ।

ਗੁਰਆਈ ਮਿਲਣਾ : ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਵਾਲੀ ਮਿੱਟੀ ਕਢਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਪੱਛਮ ਵੱਲ ਮਿੱਟੀ ਦਾ ਇੱਕ ਕੱਚਾ ਥੜਾ ਬਣ ਗਿਆ ਸੀ। ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਪੱਕਾ ਕਰਨ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪਣੇ ਅਰਾਮ ਲਈ ਇੱਥੇ ਇੱਕ ਕੋਠੜੀ ਬਣਵਾਈ ਸੀ ਜਿਸ ਨੂੰ ਅੱਜ ਕੱਲ ਕੋਠਾ ਸਾਹਿਬ ਕਹਿੰਦੇ ਹਨ।

ਸੰਮਤ 1661 ਸਾਲ 1604 ਈ: ਵਿੱਚ ਗੁਰ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਤਾਂ ਗੁਰੂ ਸਾਹਿਬ ਜੀ ਦੇ ਕਹਿਣ 'ਤੇ ਬਾਬਾ ਬੁੱਢਾ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਣ ਕੋਠਾ ਸਾਹਿਬ ਵਿਖੇ ਕੀਤਾ। ਉਸ ਦਿਨ ਤੋਂ ਪੰਜਵੇਂ ਪਾਤਿਸ਼ਾਹ ਸੁਖ-ਆਸਣ ਵਾਲੇ ਪਲੰਘ ਸਾਹਿਬ ਦੇ ਥੱਲੇ ਦਰੀ ਉੱਤੇ ਚਾਦਰ ਵਿਛਾ ਕੇ ਰਾਤ ਨੂੰ ਬਿਰਾਜਦੇ ਰਹੇ। ਇਹ ਮਰਿਆਦਾ ਅੱਜ ਵੀ ਚੱਲੀ ਆ ਰਹੀ ਹੈ।

ਭਾਈ ਸੰਤੋਖ ਸਿੰਘ ਅਨੁਸਾਰ ਜਿਸ ਵੇਲੇ ਗੁਰੂ ਅਰਜਨ ਦੇਵ ਜੀ ਨੂੰ ਬਾਦਸ਼ਾਹ ਦੇ ਭੇਜੇ ਹੋਏ ਅਹਿਦੀਆਂ ਨੇ ਬੁਲਾਵੇ ਦਾ ਹੁਕਮ ਸੁਣਾਇਆ ਤਾਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਲਾਹੌਰ ਜਾਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਨਾਲ ਸਲਾਹ ਕਰਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਨਾਲ ਲੈ ਕੇ ਜੇਠ ਵਦੀ 8 ਸੰਮਤ 1663 ਸੰਨ 1606 ਈ: ਵਿਚ ਕੋਠਾ ਸਾਹਿਬ ਵਾਲੇ ਕਮਰੇ ਵਿਚ ਆ ਗਏ। ਉਥੇ ਹੀ ਭਾਈ ਗੁਰਦਾਸ ਜੀ ਨੂੰ ਬੁਲਾ ਲਿਆ।

ਪੰਚਮ ਪਾਤਿਸ਼ਾਹ ਨੇ (ਗੁਰੂ) ਹਰਿਗੋਬਿੰਦ ਸਾਹਿਬ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਤਿੰਨ ਪ੍ਰਕਰਮਾਂ ਕਰ ਕੇ ਮੱਥਾ ਟੇਕ ਕੇ ਕਿਹਾ ਕੇ ਇਹ ਸਾਡੇ ਬਾਅਦ ਸਾਡਾ ਗੁਰੂ ਰੂਪ ਹੋਵੇਗਾ। ਸਤਿਗੁਰਾਂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਮਰਿਆਦਾ ਅਨੁਸਾਰ ਕੇਸਰ ਤੇ ਚੰਦਨ ਨਾਲ ਗੁਰਤਾ ਗੱਦੀ ਦਾ ਤਿਲਕ ਕਰ ਦਿੱਤਾ। ਉਸ ਟਾਇਮ (ਗੁਰੂ) ਹਰਿਗੋਬਿੰਦ ਸਾਹਿਬ ਜੀ ਦੀ ਉਮਰ 11 ਸਾਲ ਸੀ।

ਇਸ ਦੇ ਨਾਲ ਹੀ ਪੰਚਮ ਪਾਤਿਸ਼ਾਹ ਜੀ ਨੇ ਹਰਗੋਬਿੰਦ ਸਾਹਿਬ ਜੀ ਨੂੰ ਸ਼ਸਤਰਧਾਰੀ ਹੋਣ ਦਾ ਹੁਕਮ ਦਿੱਤਾ ਤੇ ਨਾਲ ਹੀ ਕਿਹਾ ਹੁਣ ਤਖ਼ਤ 'ਤੇ ਬੈਠਣ ਦਾ ਸਮਾਂ ਆ ਗਿਆ ਹੈ ਧਰਮ ਦਾ ਰਾਜ ਕਾਇਮ ਕਰਨ ਲਈ ਸ਼ਸਤਰ ਤੇ ਫ਼ੌਜ ਨੂੰ ਕਾਇਮ ਕਰਨਾ ਤੇ ਚੰਦੂ ਦੇ ਕਰਮਾਂ ਦਾ ਫਲ ਭੁਗਤਾਨ ਕਰਨਾ ਤੁਹਾਡੀ ਡਿਊਟੀ ਹੈ।

ਜੇਠ ਸੁਦੀ 4 ਸੰਮਤ 1663 ਸੰਨ 1606 ਈ: ਨੂੰ ਲਾਹੌਰ ਵਿਖੇ ਪੰਚਮ ਪਾਤਿਸ਼ਾਹ ਦੀ ਸ਼ਹੀਦੀ ਉਪਰੰਤ ਗੁਰਮਤਿ ਰਹੁ ਰੀਤਾਂ ਅਨੁਸਾਰ ਸਤਿਗੁਰਾਂ ਨਿਮਤ ਕੋਠਾ ਸਾਹਿਬ ਵਾਲੇ ਕਮਰੇ ਅੰਦਰ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਰੰਭ ਕੀਤਾ ਤੇਰਵੇਂ ਦਿਨ ਹਾੜ ਵਦੀ ਇਕ ਦੀ ਸੰਗਰਾਂਦ ਨੂੰ ਕੋਠਾ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿੱਚ ਬਾਬਾ ਬੁੱਢਾ ਜੀ ਨੇ ਭੋਗ ਪਾਇਆ।

ਪੁਰਾਤਨ ਰੀਤੀ ਅਨੁਸਾਰ ਮਸੰਦ, ਸੇਲੀ, ਮਾਲਾ, ਟੋਪੀ ਲੈ ਕੇ ਆਏ ਤਾਂ ਹਰਗੋਬਿੰਦ ਪਾਤਿਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਇਹ ਸਮਾਨ ਤੋਸ਼ੇਖਾਨੇ ਪਹੁੰਚਾ ਦਿਉ ਅਤੇ ਸਾਨੂੰ ਦਸਤਾਰ ਪਹਿਨਾਉ ਅਸੀਂ ਸ਼ਸਤਰ ਪਹਿਨ ਕੇ ਜੰਗ ਕਰਨੇ ਹਨ ਤਾਂ ਬਾਬਾ ਬੁੱਢਾ ਜੀ ਨੇ ਉਹ ਸਮਾਨ ਤੋਸ਼ੇਖਾਨੇ ਪਹੁੰਚਾ ਦਿੱਤਾ ਅਤੇ ਪਾਠ ਦੇ ਭੋਗ ਦੀ ਅਰਦਾਸ ਉਪਰੰਤ ਬਾਬਾ ਬੁੱਢਾ ਜੀ ਨੇ ਸ੍ਰੀ ਹਰਗੋਬਿੰਦ ਪਾਤਿਸ਼ਾਹ ਨੂੰ ਪੱਗ ਬਨਾਈ (ਭਾਵ ਦਸਤਾਰ ਬੰਦੀ ਦੀ ਰਸਮ ਕੀਤੀ)।

ਫਿਰ ਬੇਦੀਆਂ, ਤਰੇਹਣਾ, ਭੱਲਿਆ, ਸੋਢੀਆਂ, ਮਸੰਦਾਂ, ਮੁਖੀ ਸਿੱਖਾਂ, ਸ਼ਹਿਰ ਦੇ ਪੰਤਵੰਤਿਆ, ਦੇਸ ਪ੍ਰਦੇਸ ਦੀਆਂ ਸੰਗਤਾਂ ਨੇ ਗੁਰੂ ਜੀ ਨੂੰ ਦਸਤਾਰਾਂ ਤੇ ਮਾਇਆ ਭੇਟ ਕੀਤੀ।

ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣੀਆਂ:

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤਖ਼ਤ ਦੀ ਰਚਨਾਂ ਚਹੁੰਦੇ ਸਨ ਉਹਨਾਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਹਾੜ ਵਦੀ ਪੰਚਮੀ ਦਾ ਦਿਨ ਮੁਕਰਰ ਕਰਕੇ ਕੋਠਾ ਸਾਹਿਬ ਦੇ ਖੱਬੇ ਪਾਸੇ ਥਾਂ ਪੱਧਰਾ ਕਰਕੇ ਇਟਾਂ ਤੇ ਚੂਨਾਂ ਸਮੱਗਰੀ ਇਕੱਠੀ ਕਰਨ ਦਾ ਹੁਕਮ ਦਿੱਤਾ। ਦਿੱਤੇ ਸਮੇਂ ਅਨੁਸਾਰ ਹਰਗੋਬਿੰਦ ਸਾਹਿਬ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਉੱਥੇ ਪਹੁੰਚ ਗਏ। ਅਰਦਾਸ ਉਪਰੰਤ ਸਤਿਗੁਰਾਂ ਨੇ ਤਖ਼ਤ ਦੀ ਪਹਿਲੀ ਇਟ ਆਪਣੇ ਪਵਿਤਰ ਕਰ ਕਮਲਾਂ ਨਾਲ ਰੱਖੀ। ਬਾਕੀ ਸਾਰੀ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਨੇ ਕੀਤੀ। ਥੋੜੇ ਸਮੇਂ ਵਿੱਚ 1608 ਨੂੰ ਤਖ਼ਤ ਦਾ ਥੜਾ ਤਿਆਰ ਹੋ ਗਿਆ। ਗੁਰੂ ਸਾਹਿਬ ਜੀ ਨੇ ਇਸ ਨੂੰ ਅਕਾਲ ਤਖ਼ਤ ਦਾ ਨਾਮ ਦਿੱਤਾ ਇਹ ਉਸ ਪਰਮਾਤਮਾ ਅਕਾਲ ਪੁਰਖ ਦਾ ਅਕਾਲ ਤਖ਼ਤ ਹੈ।

ਤਖ਼ਤ ਨਸ਼ੀਨੀ ਦੇ ਤਿਲਕ ਸਮਾਗਮ ਦੀ ਤਰੀਕ ਹਾੜ ਸੁਦੀ ਦਸਵੀਂ ਮਿਥ ਕੇ ਸਤਿ ਗੁਰਾਂ ਨੇ ਸਗਤਾਂ ਨੂੰ ਹੁੰਮ ਹੁੰਮਾ ਕੇ ਪੁੱਜਣ ਹਿਤ ਹੁਕਮਨਾਵੇਂ ਭੇਜ ਦਿੱਤੇ ਨਾਲ ਹੀ ਲਿਖ ਭੇਜਿਆ ਸ਼ਸਤਰਾਂ ਅਤੇ ਵਧੀਆ ਘੋੜਿਆਂ ਦੀ ਭੇਟਾ ਲੈ ਕੇ ਆਉ।

ਹਾੜ ਸੁਦੀ ਦਸਵੀਂ ਨੂੰ ਸਤਿਗੁਰਾਂ ਦੇ ਬੈਠਣ ਲਈ ਸਿੰਘਾਸਣ ਸਿਜਾਇਆ ਗਿਆ। ਸਤਿਗੁਰਾਂ ਦੇ ਬਹੁਤ ਸੁੰਦਰ ਕੀਮਤੀ ਪੀਲੀ ਪੁਸ਼ਾਕ ਪਹਿਨੀ ਹੋਈ ਸੀ। ਸੁੰਦਰ ਦਸਤਾਰ ਉੱਪਰ ਜਿਗ੍ਹਾ ਤੇ ਕਲਗੀ ਸਜਾਈ ਹੋਈ ਸੀ। ਬਾਹਾਂ ਵਿੱਚ ਅੰਗਦ ਸੋਭ ਰਹੇ ਸਨ। ਪਿੰਡੇ ਉੱਤੇ ਢਾਲ ਸਜਾਈ ਫ਼ਬ ਰਹੀ ਸੀ। ਸਤਿਗੁਰੂ ਸਿੰਘਾਸਣ ਉੱਪਰ ਬਿਰਾਜਮਾਨ ਹੋ ਗਏ। ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਸੰਗਤਾਂ ਨਾਲ ਦੀਵਾਨ ਭਰਿਆ ਹੋਇਆ ਸੀ।

ਸਤਿਗੁਰਾਂ ਨੇ ਹੁਕਮ ਕੀਤਾ ਉਹ ਸ਼ਸਤਰ ਲਿਆਉ ਜੋ ਅਸੀਂ ਬਣਵਾਏ ਹਨ। ਸਾਰੇ ਸ਼ਸਤਰ ਸਤਿਗੁਰਾਂ ਅੱਗੇ ਲਿਆ ਦਿੱਤੇ ਗਏ। ਸਤਿਗੁਰਾਂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਦੋ ਸਿਰੀ ਸਾਹਿਬ ਸਤਿਗੁਰਾਂ ਨੂੰ ਪਹਿਨਾਏ। ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਸਜਾਇਆ। ਖੱਬੇ ਹੱਥ ਵਿੱਚ ਭਾਰੀ ਧਨੁੱਖ ਪਕੜਿਆ ਅਤੇ ਸੱਜੇ ਹੱਥ ਵਿੱਚ ਤੀਰ ਪਕੜ ਕੇ ਘੁਮਾਇਆ।

ਸਤਿਗੁਰਾਂ ਦੇ ਤਖ਼ਤ 'ਤੇ ਬੈਠਣ ਸਬੰਧੀ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਇਸ ਤਰਾਂ ਲਿਖਦੇ ਹਨ :

ਪੰਜ ਪਿਆਲੇ,ਪੰਜਿ ਪੀਰ, ਛਠਮ ਪੀਰੁ ਬੈਠਾ ਗੁਰ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ।
(ਭਾਈ ਗੁਰਦਾਸ)

ਮੁਖੀ ਸਿੱਖਾਂ ਅਤੇ ਸੰਗਤਾਂ ਨੇ ਦੋ ਤਲਵਾਰਾ ਪਹਿਨਣ ਦਾ ਕਾਰਨ ਪੁੱਛਿਆ ਤਾਂ ਸਤਿਗੁਰਾਂ ਨੇ ਫੁਰਮਾਇਆ ਇੱਕ ਮੀਰੀ ਦੀ ਇੱਕ ਪੀਰੀ ਦੀ, ਇੱਕ ਸ਼ਕਤੀ ਦੀ ਇੱਕ ਭਗਤੀ ਦੀ,ਇੱਕ ਧਰਮ ਦੀ ਇੱਕ ਰਾਜਨੀਤੀ ਦੀ। ਸੰਗਤਾਂ ਵੱਲੋਂ ਲਿਆਂਦੇ ਸ਼ਸਤਰਾਂ ਨਾਲ ਵੱਡਾ ਢੇਰ ਲੱਗ ਗਿਆ ਸੀ ਅਤੇ ਘੋੜਿਆਂ ਦਾ ਪੂਰਾ ਤਬੇਲਾ ਬਣ ਗਿਆ ਸੀ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# 'ਤਵਾਰੀਖ਼ ਗੁਰੂ ਖ਼ਾਲਸਾ' 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਅਤੇ ਸ਼ਖ਼ਸੀਅਤ

ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਗੁਰੂ ਅਰਜਨ ਦੇਵ ਜੀ ਦਾ ਜੀਵਨ ਨਿਮਰਤਾ, ਸੇਵਾ, ਪਰਉਪਕਾਰ ਅਤੇ ਆਗਿਆਕਾਰੀ ਸ਼ਖ਼ਸੀਅਤ ਦਾ ਪ੍ਰਗਟਾਵਾ ਕਰਦਾ ਹੈ। ਇਹਨਾਂ ਗੁਣਾਂ ਸਦਕਾ ਹੀ ਗੁਰੂ ਰਾਮਦਾਸ ਜੀ ਨੇ ਉਹਨਾਂ ਨੂੰ ਗੁਰਗੱਦੀ 'ਤੇ ਸਥਾਪਿਤ ਕੀਤਾ ਸੀ। ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ –

ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ। ਘਰ ਵਿਚ ਸਭ ਤੋਂ ਛੋਟੇ ਸਪੁੱਤਰ ਹੋਣ ਦੇ ਬਾਵਜੂਦ ਵੀ ਗੁਰੂ ਰਾਮਦਾਸ ਜੀ ਦੁਆਰਾ ਗੁਰਗੱਦੀ (ਗੁਰੂ) ਅਰਜਨ ਦੇਵ ਜੀ ਨੂੰ ਸੌਂਪਣਾ ਇਸ ਗੱਲ ਦਾ ਪ੍ਰਤੀਕ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਗੱਦੀ ਵਿਰਾਸਤੀ ਅਧਿਕਾਰ ਵਜੋਂ ਨਹੀਂ ਬਲਕਿ ਗੁਰਮਤਿ ਭਾਵਨਾ ਗ੍ਰਹਿਣ ਕਰਨ 'ਤੇ ਅਧਾਰਿਤ ਹੈ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਪ੍ਰਚਾਰ ਅਤੇ ਪ੍ਰਸਾਰ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਉਹਨਾਂ ਨੇ ਗੁਰਮਤਿ ਦੇ ਵਿਕਾਸ ਲਈ ਜਿਹੜੇ ਪ੍ਰਮੁੱਖ ਕਾਰਜ ਕੀਤੇ, ਇਸ ਪ੍ਰਕਾਰ ਹਨ :

1. ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ
2. ਸ੍ਰੀ ਤਰਨਤਾਰਨ ਸਾਹਿਬ ਦੀ ਸਥਾਪਨਾ
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ

1. ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ : ਗੁਰੂ ਅਮਰਦਾਸ ਜੀ ਨੇ ਅੰਮ੍ਰਿਤਸਰ ਦੀ ਸਥਾਪਨਾ ਦਾ ਮੁੱਢ ਬੰਨਿਆ ਸੀ। ਇਥੇ ਇੱਕ ਸਰੋਵਰ ਦੀ ਖੁਦਾਈ ਗੁਰੂ ਰਾਮਦਾਸ ਜੀ ਨੇ ਆਰੰਭ ਕਰਵਾਈ ਸੀ ਜਿਸ ਨੂੰ ਹਾਲੇ ਪੱਕਾ ਕਰਨਾ ਬਾਕੀ ਸੀ। ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ ਦੀ ਸੇਵਾ ਸੰਭਾਲੀ ਤਾਂ ਪ੍ਰਿਥੀ ਚੰਦ ਨੇ ਉਹਨਾਂ ਦਾ ਵਿਰੋਧ ਕਰਨਾ ਆਰੰਭ ਕਰ ਦਿੱਤਾ ਸੀ। ਮਾਇਆ ਦੀ ਥੁੜ ਕਾਰਨ ਇਹ ਕਾਰਜ ਵਿਚਾਲੇ ਹੀ ਰੁਕ ਗਿਆ ਸੀ। ਪ੍ਰਿਥੀ ਚੰਦ ਘਰ ਵਿਚ ਵੱਡਾ ਪੁੱਤਰ ਸੀ। ਗੁਰਗੱਦੀ 'ਤੇ ਉਹ ਆਪਣਾ ਹੱਕ ਸਮਝਦਾ ਸੀ। ਗੁਰੂ ਰਾਮਦਾਸ ਜੀ ਨੇ ਗੁਰਗੱਦੀ (ਗੁਰੂ) ਅਰਜਨ ਦੇਵ ਜੀ ਨੂੰ ਸੌਂਪੀ ਤਾਂ ਉਹ ਈਰਖਾ ਕਰਨ ਲੱਗਿਆ। ਗੁਰੂ ਰਾਮਦਾਸ ਜੀ ਦੇ ਸਮੇਂ ਗੁਰੂ-ਦਰਸ਼ਨਾਂ ਨੂੰ ਆਈਆਂ ਸੰਗਤਾਂ ਦੀ ਦੇਖਭਾਲ ਅਤੇ ਉਨ੍ਹਾਂ ਦੇ ਸਤਿਕਾਰ ਦਾ ਕਾਰਜ ਪ੍ਰਿਥੀ ਚੰਦ ਕੋਲ ਸੀ। ਦੂਰੋਂ-ਨੇੜਿਉਂ ਆਉਣ ਵਾਲੀ ਸੰਗਤ ਨਾਲ ਉਸ ਦਾ ਚੰਗਾ ਰਾਬਤਾ ਸੀ। ਗੁਰੂ-ਪੁੱਤਰ ਹੋਣ ਕਰਕੇ ਸੰਗਤਾਂ ਉਸ ਦਾ ਸਤਿਕਾਰ ਵੀ ਬਹੁਤ ਕਰਦੀਆਂ ਸਨ। ਗੁਰਗੱਦੀ ਨਾ ਮਿਲਣ 'ਤੇ ਈਰਖਾ ਵੱਸ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਤੰਗ ਕਰਨਾ ਅਰੰਭ ਕਰ ਦਿੱਤਾ। ਸੰਗਤਾਂ ਨੂੰ ਗੁਰੂ ਦੱਸ ਕੇ ਉਹਨਾਂ ਤੋਂ ਚੜ੍ਹਾਵਾ ਉਹ ਆਪ ਲੈ ਲੈਂਦਾ ਅਤੇ ਪ੍ਰਸ਼ਾਦਾ ਛਕਣ ਸਮੇਂ ਉਹ ਸੰਗਤ ਨੂੰ ਲੈ ਕੇ ਗੁਰੂ ਅਰਜਨ ਦੇਵ ਜੀ ਕੋਲ ਚਲਾ ਜਾਂਦਾ ਸੀ। ਨਿਮਰਤਾ ਅਤੇ ਵੱਡੇ ਭਰਾ ਦੇ ਸਤਿਕਾਰ ਵਜੋਂ ਗੁਰੂ ਅਰਜਨ ਦੇਵ ਜੀ ਕੁੱਝ ਨਾ ਬੋਲਦੇ ਅਤੇ ਘਰ ਦੀਆਂ ਵਸਤਾਂ ਵੇਚ-ਵੇਚ ਕੇ ਉਹਨਾਂ ਨੇ ਲੰਗਰ ਦੀ ਪ੍ਰਥਾ ਕਾਇਮ ਰੱਖੀ ਹੋਈ ਸੀ। ਗੁਰਮਤਿ ਪ੍ਰਚਾਰ ਕਰਦੇ ਹੋਏ ਭਾਈ ਗੁਰਦਾਸ ਜੀ ਆਗਰੇ ਤੋਂ ਵਾਪਸ ਆਏ ਤਾਂ ਲੰਗਰ ਵਿਚ ਪ੍ਰਸ਼ਾਦਾ ਛਕਣ ਚਲੇ

ਗਏ। ਲੰਗਰ ਵਿਚ ਪ੍ਰਸ਼ਾਦੇ-ਪਾਣੀ ਦਾ ਪ੍ਰਬੰਧ ਦੇਖ ਕੇ ਉਹਨਾਂ ਨੂੰ ਬਹੁਤ ਹੈਰਾਨੀ

ਹੋਈ ਕਿਉਂਕਿ ਉਹ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਸਮੇਂ ਲੰਗਰ ਵਿਚ ਪੱਕਦੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਦੇਖ ਚੁੱਕੇ ਸਨ। ਲੰਗਰ ਵਿਚੋਂ ਮਿਲੀ ਛੋਲਿਆਂ ਦੀ ਰੋਟੀ ਛਕਣ ਉਪਰੰਤ ਉਹ ਬੀਬੀ ਭਾਨੀ ਜੀ ਕੋਲ ਗਏ ਅਤੇ ਇਸ ਬਾਰੇ ਜਾਣਕਾਰੀ ਇਕੱਤਰ ਕੀਤੀ। ਭਾਈ ਗੁਰਦਾਸ ਜੀ ਨੂੰ ਬਹੁਤ ਗੁੱਸਾ ਆਇਆ ਅਤੇ ਉਹਨਾਂ ਨੇ ਸੰਗਤਾਂ ਨੂੰ ਪ੍ਰਿਥੀ ਚੰਦ ਦਾ ਪਾਜ ਉੱਘਾੜ ਕੇ ਸਹੀ ਮਾਰਗ 'ਤੇ ਪ੍ਰੇਰਨ ਦਾ ਮਨ ਬਣਾ ਲਿਆ। ਉਨ੍ਹਾਂ ਨੇ ਗੁਰਮਤਿ ਪ੍ਰਚਾਰ ਲਈ ਬਾਹਰ ਗਏ ਹੋਏ ਭਾਈ ਸਾਲੋ, ਪਹਿਲੂ, ਜੇਠਾ, ਪੈੜਾ, ਗੁਰੀਏ ਆਦਿ ਮੁਖੀ ਸਿੱਖਾਂ ਨੂੰ ਵਾਪਸ ਬੁਲਾ ਲਿਆ ਅਤੇ ਬਾਬਾ ਬੁੱਢਾ ਜੀ ਨੂੰ ਲੈਣ ਲਈ ਉਹ ਆਪ ਚਲੇ ਗਏ। ਸਭ ਨੇ ਆ ਕੇ ਅੰਮ੍ਰਿਤਸਰ ਨੂੰ ਆਉਂਦੇ ਰਸਤਿਆਂ 'ਤੇ ਪਹਿਰਾ ਦੇਣਾ ਆਰੰਭ ਕਰ ਦਿੱਤਾ ਅਤੇ ਗੁਰੂ-ਦਰਸ਼ਨਾਂ ਨੂੰ ਆਉਂਦੀਆਂ ਸੰਗਤਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਅਸਲ ਗੁਰੂ ਹੋਣ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ ਸੀ। ਸੰਗਤਾਂ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੀਆਂ ਅਤੇ ਭੇਟਾਵਾਂ ਵੀ ਸੱਚੇ ਗੁਰੂ ਅੱਗੇ ਹੀ ਅਰਪਣ ਕਰਨ ਲੱਗੀਆਂ ਸਨ।

ਗੁਰੂ-ਘਰ ਆਉਣ ਵਾਲੀ ਮਾਇਆ ਪਰਉਪਕਾਰ ਲਈ ਖਰਚ ਹੋਣੀ ਆਰੰਭ ਹੋ ਗਈ ਸੀ। ਜਿੱਥੇ ਲੰਗਰ ਵਿਚ ਸੁਧਾਰ ਆਇਆ ਉੱਥੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਦੇ ਸਮੇਂ ਸਰੋਵਰ ਦੀ ਖੁਦਾਈ ਦੇ ਕੰਮ ਨੂੰ ਅੱਗੇ ਤੋਰਿਆ। ਗਿਆਨੀ ਗਿਆਨ ਸਿੰਘ ਜੀ ਦੱਸਦੇ ਹਨ ਕਿ 'ਅੰਮ੍ਰਿਤਸਰ ਤਾਲ ਦੀ ਟਹਿਲ ਕਰਨ ਲਈ ਜਦ ਗੁਰੂ ਸਾਹਿਬ ਦੇ ਹੁਕਮਨਾਮੇ ਸਾਰੇ ਦੇਸਾਂ ਵਿਚ ਮਸੰਦਾਂ ਪਾਸ ਪਹੁੰਚੇ ਤਾਂ ਓਹ ਆਪਣੇ-ਆਪਣੇ ਪ੍ਰਗਣੇ ਦੀ ਸੰਗਤ ਲੈ ਕੇ ਆਉਣ ਲੱਗੇ। ਕੋਈ ਦਸ ਦਿਨ ਕੋਈ ਬੀਸ ਦਿਨ ਤਾਲ ਦੀ ਟਹਿਲ ਤੇ ਗੁਰੂ ਜੀ ਦੇ ਦਰਸ਼ਨ ਕਰ, ਸ਼ਬਦ ਸਾਖੀ ਉਪਦੇਸ਼ ਸੁਣ, ਮੰਨਨ ਕਰਦੇ ਹੋਏ ਜਥਾ ਜੋਗ ਪੂਜਾ ਦੇ ਕੇ ਤੁਰ ਜਾਂਦੇ। ਸੈਂਕੜੇ ਸਿੱਖ ਰੋਜ਼ ਆਉਂਦੇ ਜਾਂਦੇ ਰਹਿੰਦੇ'। ਏਸੇ ਸਰੋਵਰ ਦੇ ਵਿਚਕਾਰ ਗੁਰੂ ਸਾਹਿਬ ਨੇ ਸ੍ਰੀ ਹਰਿਮੰਦਿਰ ਸਾਹਿਬ ਦੀ ਸਥਾਪਨਾ ਕੀਤੀ ਜਿਸ ਦੇ ਚਾਰ ਦਰਵਾਜ਼ੇ ਚਾਰੇ ਦਿਸ਼ਾਵਾਂ ਤੋਂ ਆਉਣ ਵਾਲੇ ਯਾਤਰੂਆਂ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ।

2. **ਸ੍ਰੀ ਤਰਨਤਾਰਨ ਸਾਹਿਬ ਦੀ ਸਥਾਪਨਾ** : ਗੁਰਮਤਿ ਦੇ ਪ੍ਰਚਾਰ ਲਈ ਗੁਰੂ ਅਰਜਨ ਦੇਵ ਜੀ ਆਲੇ-ਦੁਆਲੇ ਪਿੰਡਾਂ ਵਿਚ ਚਲੇ ਜਾਇਆ ਕਰਦੇ ਸਨ। ਇੱਕ ਵਾਰ ਗੁਰੂ ਜੀ ਭਾਈ ਹਿੰਦਾਲ ਦੀ ਬੇਨਤੀ ਮੰਨ ਕੇ ਜੰਡਿਆਲੇ ਪਿੰਡ ਆਏ ਅਤੇ ਉੱਥੋਂ ਅੱਗੇ ਖਾਰੇ ਪਿੰਡ ਚਲੇ ਗਏ। ਸਿੱਖਾਂ ਨੇ ਸਦੀਵੀ ਤੌਰ 'ਤੇ ਇੱਥੇ ਸਤਿਸੰਗਤ ਕਾਇਮ ਕਰਨ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਆਲੇ-ਦੁਆਲੇ ਦੀ ਜ਼ਮੀਨ ਖਰੀਦ ਕੇ ਉੱਥੇ ਇੱਕ ਨਗਰ ਤਰਨਤਾਰਨ ਵਸਾਇਆ।

ਗੁਰੂ ਜੀ ਨੇ ਸਰੋਵਰ ਬਣਾਉਣ ਲਈ ਉੱਥੇ ਇੱਕ ਤਾਲ ਪੁੱਟਵਾਇਆ ਅਤੇ ਉਸ ਨੂੰ ਪੱਕਾ ਕਰਨ ਵਾਸਤੇ ਆਵੇ ਪਕਾਏ। ਗਿਆਨੀ ਜੀ ਦੱਸਦੇ ਹਨ ਕਿ ਜਦੋਂ ਇੱਟਾਂ ਪੱਕ ਕੇ ਤਿਆਰ ਹੋ ਗਈਆਂ ਤਾਂ 'ਨੂਰਦੀਨ ਦੇ ਬੇਟੇ ਅਮੀਰ ਦੀਨ ਨੇ ਜ਼ੋਰੋ ਜ਼ੋਰੀ ਇੱਟਾਂ ਚੁੱਕ ਕੇ ਆਪਣੀ ਹਵੇਲੀ ਨੂੰ ਲਾ ਲਈਆਂ। ਸਿੱਖਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਤਾਂ ਬਚਨ ਹੋਯਾ ਤੁਸੀਂ ਦਿਲਗੀਰ ਨ ਹੋਵੋ, ਏਹੋ ਇੱਟਾਂ ਸਾਡੇ ਸਿੱਖ ਏਸੇ ਤਾਲ ਨੂੰ ਲਾ ਲੈਣਗੇ'। ਸਮਾਂ ਆਉਣ 'ਤੇ ਸਰਦਾਰ ਬੁੱਧ ਸਿੰਘ ਫ਼ੈਜ਼ਲਪੁਰੀਏ ਨੇ ਗੁਰੂ ਜੀ ਦਾ ਬਚਨ ਸਤਿ ਕਰ ਦਿਖਾਇਆ। ਵਿਸ਼ਵਾਸ ਹੈ ਕਿ ਏਥੇ ਕੁਸ਼ਟੀ ਰਾਜ਼ੀ ਹੁੰਦੇ ਹਨ। ਗੁਰੂ ਜੀ ਦੁਆਰਾ ਵਸਾਇਆ ਇਹ ਨਗਰ ਬਹੁਤ ਆਬਾਦ ਹੈ।

3. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ** : ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਦੇ ਜੀਵਨ ਦਾ ਇੱਕ ਪ੍ਰਮੁੱਖ ਕਾਰਜ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸ਼ਬਦ ਨੂੰ ਗੁਰੂ ਦਾ ਰੂਪ ਮੰਨਿਆ ਜਾਂਦਾ ਰਿਹਾ ਹੈ – ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਇਸ ਭਾਵਨਾ ਅਨੁਸਾਰ ਸ਼ਬਦ ਜੜ੍ਹ ਹੈ ਜਿਸ ਤੋਂ ਸਿੱਖੀ ਦਾ ਬੂਟਾ ਪ੍ਰਫੁਲਿਤ ਹੁੰਦਾ ਹੈ। ਧਰਮ ਗ੍ਰੰਥ ਕਿਸੇ ਵੀ ਧਰਮ ਦਾ ਮੂਲ ਹੁੰਦੇ ਹਨ ਜਿਸ ਤੋਂ ਉਸ ਧਰਮ ਦੇ ਪੈਰੋਕਾਰ ਸਿੱਖਿਆ ਹਾਸਲ ਕਰਦੇ ਹਨ। ਧਰਮ ਦੀਆਂ ਸਿੱਖਿਆਵਾਂ ਨੂੰ ਸੁਚਾਰੂ ਰੂਪ ਵਿਚ ਸ਼ਰਧਾਲੂਆਂ ਤੱਕ ਲਿਜਾਣ ਅਤੇ ਲੰਮੇ ਸਮੇਂ ਤੱਕ ਕਾਇਮ ਰੱਖਣ ਲਈ ਉਹਨਾਂ ਦਾ ਕਲਮਬੰਦ ਹੋਣਾ ਲਾਜ਼ਮੀ ਹੈ। ਸੀਨਾ-ਬਸੀਨਾ ਚਲੀਆਂ ਧਾਰਮਿਕ ਸਿੱਖਿਆਵਾਂ ਵੀ ਅਖੀਰ ਲਿਖਤ ਰੂਪ ਵਿਚ ਹੀ ਕਾਇਮ ਰਹਿ ਸਕੀਆਂ ਹਨ ਨਹੀਂ ਤਾਂ ਮੌਜੂਦਾ ਸਮੇਂ ਤੱਕ ਉਨ੍ਹਾਂ ਦਾ ਕੀ ਰੂਪ ਹੁੰਦਾ, ਕੋਈ ਨਹੀਂ ਦੱਸ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਨੂੰ ਕਿੰਤੂ-ਮੁਕਤ ਕਰ ਦਿੱਤਾ ਹੈ। ਕੋਈ ਵੀ ਵਿਅਕਤੀ ਇਸ ਮਹਾਨ ਕਾਰਜ ਦੀ ਇਸ ਵਿਲੱਖਣਤਾ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਰਾਮਸਰ ਦੇ ਕੰਢੇ ਇਹ ਕਾਰਜ ਅਰੰਭ ਕੀਤਾ ਸੀ। ਉਹਨਾਂ ਨੇ ਗੁਰੂ-ਪਰੰਪਰਾ ਰਾਹੀਂ ਪ੍ਰਾਪਤ ਬਾਣੀ ਦੇ

ਨਾਲ-ਨਾਲ ਗੁਰੂ ਸਾਹਿਬਾਨ ਦੀ ਉਸ ਬਾਣੀ ਨੂੰ ਵੀ ਵਾਚਿਆ ਸੀ ਜਿਹੜੀ ਉਤਾਰਿਆਂ ਦੇ ਰੂਪ ਵਿਚ ਸਿੱਖਾਂ ਕੋਲ ਮੌਜੂਦ ਸੀ। ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਨ ਜੀ ਤੋਂ ਪ੍ਰਾਪਤ ਕੀਤੀਆਂ ਪੋਥੀਆਂ ਇਸ ਗੱਲ ਦਾ ਪ੍ਰਮਾਣ ਹਨ। ਬਾਣੀ ਰਚਨਾ ਦੀ ਤਰਤੀਬ ਬਾਰੇ ਲੇਖਕ ਦੱਸਦਾ ਹੈ ਕਿ 'ਬਾਣੀ ਹਰੇਕ ਰਾਗ ਵਿਚ ਪਹਿਲੇ ਗੁਰੂ ਨਾਨਕ ਜੀ ਦੀ ਲਿਖਦੇ, ਫੇਰ ਦੂਜੇ ਤੀਜੇ ਚੌਥੇ ਗੁਰੂ ਜੀ ਦੀ ਲਿਖਾ ਕੇ ਪਿੱਛੋਂ ਆਪਣੀ ਲਿਖਾਉਂਦੇ ਰਹੇ। ਨਾਨਕ ਨਾਮ ਤਾਂ ਸਭਨਾਂ ਗੁਰੂਆਂ ਦੀ ਬਾਣੀ ਵਿਚ ਹੈ ਪਰ ਮਹਲਾ 1, ਮਹਲਾ 2, ਮਹਲਾ 3, ਮਹਲਾ 4, ਮਹਲਾ 5

ਏਹ ਭੇਦ ਗੁਰੂਆਂ ਦੀ ਬਾਣੀ ਪਛਾਨਣ ਵਾਸਤੇ ਰੱਖਿਆ ਹੈ। ਪ੍ਰਤੇਕ ਰਾਗ ਦੇ ਅੰਤ

ਵਿਚ ਭਗਤਾਂ ਦੀ ਬਾਣੀ ਲਿਖਾਉਂਦੇ ਰਹੇ ਹਨ'। ਸੰਪੂਰਨ ਹੋਣ 'ਤੇ ਇਸ ਧਰਮ ਗ੍ਰੰਥ ਦਾ ਪ੍ਰਕਾਸ਼ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਕੀਤਾ ਗਿਆ। ਆਦਿ ਗ੍ਰੰਥ ਦੇ ਰੂਪ ਵਿਚ ਸੰਪਾਦਨ ਹੋਣ ਨਾਲ ਜਿਥੇ ਸਿੱਖਾਂ ਨੂੰ ਸਦੀਵੀ ਤੌਰ 'ਤੇ ਜੀਵਨ ਉਦੇਸ਼ ਦੀ ਅਗਵਾਈ ਵਾਲਾ ਇੱਕ ਗ੍ਰੰਥ ਪ੍ਰਾਪਤ ਹੋਇਆ ਉਥੇ 'ਸਿੱਖਾਂ ਨੂੰ ਗੁਰਮੁਖੀ ਪੜ੍ਹਨ ਦਾ ਬੜਾ ਸ਼ੌਕ ਹੋ ਗਿਆ।'

ਗੁਰੂ ਅਰਜਨ ਦੇਵ ਜੀ ਉਕਤ ਕਾਰਜਾਂ ਦੇ ਨਾਲ-ਨਾਲ ਲਾਹੌਰ ਵਿਖੇ ਸੰਗਤ ਵਿਚ ਗੁਰਮਤਿ ਉਪਦੇਸ਼, ਜਾਤਪਾਤ ਦਾ ਖ਼ਾਤਮਾ, ਬਾਉਲੀ ਦੀ ਸਥਾਪਨਾ, ਬਾਦਸ਼ਾਹ ਅਕਬਰ ਦੇ ਨਾਇਬ ਵਜ਼ੀਰ ਖਾਨ ਦਾ ਜਲੋਧਰ ਦਾ ਰੋਗ ਹਟਾਉਣਾ ਆਦਿ ਪਰਉਪਕਾਰ ਦੇ ਮਹੱਤਵਪੂਰਨ ਕਾਰਜ ਵੀ ਕਰਦੇ ਸਨ। ਉਹਨਾਂ ਨੇ ਗੁਰੂ-ਘਰ ਪ੍ਰਤੀ ਈਰਖਾ ਰੱਖਣ ਦੇ ਬਾਵਜੂਦ ਵੀ ਪ੍ਰਿਥੀ ਚੰਦ ਨੂੰ ਕਦੇ ਕੁੱਝ ਨਹੀਂ ਕਿਹਾ ਬਲਕਿ ਜਥਾਯੋਗ ਉਸਦੀ ਸਹਾਇਤਾ ਕਰਦੇ ਰਹੇ। ਪ੍ਰਿਥੀ ਚੰਦ ਆਪਣੇ ਆਪ ਨੂੰ ਗੁਰਗੱਦੀ ਦਾ ਹੱਕਦਾਰ ਸਮਝਦਾ ਸੀ ਅਤੇ ਉਹ ਇਸ ਤੋਂ ਘੱਟ ਕਿਸੇ ਗੱਲ 'ਤੇ ਰਾਜ਼ੀ ਨਹੀਂ ਸੀ ਹੋ ਰਿਹਾ। ਉਹ ਆਪਣੇ ਪਰਿਵਾਰ ਸਮੇਤ ਹੇਹਰ ਪਿੰਡ ਆ ਕੇ ਰਹਿਣ ਲੱਗਾ ਸੀ। ਇੱਥੇ ਹੀ ਉਸ ਨੂੰ ਪਤਾ ਲੱਗਿਆ ਕਿ ਗੁਰੂ ਜੀ ਨੇ ਦਿੱਲੀ ਦਰਬਾਰ ਦੇ ਦੀਵਾਨ ਚੰਦੂ ਸ਼ਾਹ ਦੇ ਕੁਬੋਲ ਕਾਰਨ ਉਸ ਨਾਲ ਆਪਣੇ ਪੁੱਤਰ (ਗੁਰੂ) ਹਰਿਗੋਬਿੰਦ ਜੀ ਦਾ ਰਿਸ਼ਤਾ ਤੋੜ ਦਿੱਤਾ ਹੈ। ਚੰਦੂ ਦੀ ਗੁਰੂ ਜੀ ਨਾਲ ਨਰਾਜ਼ਗੀ ਦਾ ਫਾਇਦਾ ਉਠਾਉਂਦੇ ਹੋਏ ਪ੍ਰਿਥੀ ਚੰਦ ਨੇ ਉਸ ਨੂੰ ਗੁਰੂ ਜੀ ਵਿਰੁੱਧ ਬਹੁਤ ਭੜਕਾਇਆ। ਗਿਆਨੀ ਜੀ ਦੱਸਦੇ ਹਨ ਕਿ ਪਹਿਲਾਂ ਤੋਂ ਭੜਕੇ ਹੋਏ ਚੰਦੂ ਨੇ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਦੁਆਰਾ ਗੁਰੂ ਜੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਕਿ 'ਗੁਰੂ ਅਰਜਨ ਸਾਹਿਬ ਨੇ ਜਦ ਓਨ੍ਹਾਂ ਦੇ ਘਰ ਬੇਟਾ ਨਹੀਂ ਹੋਯਾ ਸੀ ਤਾਂ ਮੈਨੂੰ ਗੋਦੀ ਵਿਚ ਲੈ ਕੇ ਮੁਤਬੰਨਾ ਬਨਾਯਾ ਸੀ ਤੇ ਹੁਣ ਹਰਿਗੋਬਿੰਦ ਓਨ੍ਹਾਂ ਦਾ ਪੁੱਤਰ ਹੋ ਗਿਆ ਹੈ ਸੋ ਓਹ ਉਸ ਨੂੰ ਗੁਰਿਆਈ ਦੇਣਾ ਚਾਹੁੰਦੇ ਹਨ ਤਾਂ ਤੇ ਅੱਧੀ ਸਿੱਖੀ ਸੇਵਕੀ ਮੈਨੂੰ ਮਿਲਣੀ ਚਾਹੀਦੀ ਹੈ'। ਚੰਦੂ ਨੇ ਮਿਹਰਵਾਨ ਦੀ ਇਸ ਸ਼ਿਕਾਇਤ ਦਾ ਛੇਤੀ ਨਿਪਟਾਰਾ ਕਰਨ ਅਤੇ ਗੁਰੂ ਜੀ ਨੂੰ ਮਾਰਨ ਦੀ ਨੀਯਤ ਨਾਲ ਦਿੱਲੀ ਦਰਬਾਰ ਦੇ ਹੁਕਮ ਅਨੁਸਾਰ ਸੁਲਹੀ ਖ਼ਾਨ ਨੂੰ ਫ਼ੌਜ ਦੇ ਕੇ ਗੁਰੂ ਜੀ ਵਿਰੁੱਧ ਅੰਮ੍ਰਿਤਸਰ ਭੇਜਿਆ। ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਸਿੱਖਾਂ ਨੇ ਗੁਰੂ ਜੀ ਨੂੰ ਮਸ਼ਵਰਾ ਦਿੱਤਾ :

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥ ਗੁਰੂ ਗ੍ਰੰਥ ਸਾਹਿਬ, ਪੰਨਾ 371

ਗੁਰੂ ਜੀ ਨੇ ਪਰਮਾਤਮਾ 'ਤੇ ਵਿਸ਼ਵਾਸ ਪ੍ਰਗਟ ਕਰਦੇ ਹੋਏ ਸੁਲਹੀ ਖ਼ਾਨ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਗੁਰੂ ਜੀ ਵਿਰੁੱਧ ਚੜ੍ਹ ਆਏ ਸੁਲਹੀ ਖ਼ਾਨ ਦੀ ਰਾਹ ਵਿਚ ਹੀ ਮੌਤ ਹੋ ਗਈ। ਗੁਰੂ ਜੀ ਸਪਸ਼ਟ ਕਰਦੇ ਹਨ ਕਿ ਪਰਮਾਤਮਾ ਹੀ ਸਭ ਨੂੰ ਰੱਖਣ ਵਾਲਾ ਹੈ ਅਤੇ ਉਸੇ ਨੇ ਸੁਲਹੀ ਖ਼ਾਨ ਨੂੰ ਚੜ੍ਹ ਆਉਣ ਤੋਂ ਰੋਕ ਦਿੱਤਾ:

ਸੁਲਹੀ ਤੇ ਨਾਰਾਇਣ ਰਾਖੁ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ
ਸੁਲਹੀ ਹੋਇ ਮੂਆ ਨਾਪਾਕੁ॥ ਗੁਰੂ ਗ੍ਰੰਥ ਸਾਹਿਬ, ਪੰਨਾ 825

ਪਰਮਾਤਮਾ ਦੀ ਰਜ਼ਾ ਰਹਿਣ ਵਾਲੇ ਗੁਰੂ ਜੀ ਦੁਨਿਆਵੀ ਵੈਰ ਵਿਰੋਧ ਛੱਡ ਕੇ ਕੇਵਲ ਗੁਰਮਤਿ ਪ੍ਰਚਾਰ ਦਾ ਕਾਰਜ ਕਰਦੇ ਰਹੇ। ਹਰਿਮੰਦਿਰ ਸਾਹਿਬ ਦੀ ਸਥਾਪਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਉੱਘਾ ਯੋਗਦਾਨ ਪਾਇਆ। ਸਮਕਾਲੀ ਇਤਿਹਾਸਕਾਰ ਵੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਏ ਸਿੱਖੀ ਦੇ ਵਿਕਾਸ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਸ਼ਾਇਦ ਹੀ ਕੋਈ ਨਗਰ ਅਜਿਹਾ ਹੋਵੇ ਜਿਥੇ ਸਿੱਖ ਨਾ ਹੋਣ। ਭਾਵੇਂ ਕਿ ਪਹਿਲਾਂ ਤਾਂ ਕੇਵਲ ਪ੍ਰਿਥੀ ਚੰਦ ਹੀ ਗੁਰੂ ਜੀ ਨਾਲ ਨਫ਼ਰਤ ਕਰਦਾ ਸੀ ਪਰ ਸਿੱਖੀ ਦੇ ਹੋ ਰਹੇ ਨਿਰੰਤਰ ਵਿਕਾਸ ਨਾਲ ਮੌਲਾਣੇ ਵੀ ਈਰਖਾ ਕਰਨ ਲੱਗੇ ਸਨ। ਉਨ੍ਹਾਂ ਨੇ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਦੇਵ ਜੀ ਨੇ ਜਿਹੜਾ ਗ੍ਰੰਥ ਤਿਆਰ ਕੀਤਾ ਹੈ ਉਸ ਵਿਚ ਇਸਲਾਮ ਤੇ ਪੈਗੰਬਰਾਂ ਦੀ ਨਿੰਦਾ ਲਿਖੀ ਹੈ।

ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗ੍ਰੰਥ ਸਾਹਿਬ ਲੈ ਕੇ ਬਟਾਲੇ ਆਉਣ ਲਈ ਕਹਿ ਭੇਜਿਆ।

ਗੁਰੂ ਜੀ ਆਪ ਤਾਂ ਨਾ ਗਏ ਪਰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਮੇਤ ਕੁੱਝ ਸਿੱਖਾਂ ਨੂੰ ਬਾਦਸ਼ਾਹ ਦੀ ਤਸੱਲੀ ਕਰਾਉਣ ਲਈ ਬਟਾਲੇ ਭੇਜ ਦਿੱਤਾ। ਜਦੋਂ ਗ੍ਰੰਥ ਸਾਹਿਬ ਵਿਚੋਂ ਉਨ੍ਹਾਂ ਨੂੰ ਪੜ੍ਹਨ ਲਈ ਕਿਹਾ ਗਿਆ ਤਾਂ ਭਾਈ ਗੁਰਦਾਸ ਜੀ ਨੇ ਜਿਹੜਾ ਸ਼ਬਦ ਪੜ੍ਹਿਆ ਉਹ ਸੀ – ਖਾਕ ਨੂਰ ਕਰਦੰ ਆਲਮ ਦੁਨੀਆਇ॥ ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥ ਬਾਦਸ਼ਾਹ ਨੂੰ ਫਿਰ ਕਿਹਾ ਗਿਆ ਕਿ ਇਹ ਸ਼ਬਦ ਤਾਂ ਕੇਵਲ ਤੁਹਾਨੂੰ ਸੁਣਾਉਣ ਲਈ ਕੱਢਿਆ ਗਿਆ ਹੈ। ਬਾਦਸ਼ਾਹ ਨੇ ਕੁੱਝ ਪੱਤਰੇ ਉਲਟਾ ਕੇ ਫਿਰ ਪੜ੍ਹਨ ਲਈ ਕਿਹਾ ਤਾਂ ਸ਼ਬਦ ਆਇਆ – ਅਲਹ ਅਗਮ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੇ

ਧੰਧੇ॥ ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ॥ ਇਸ ਨਾਲ

ਬਾਦਸ਼ਾਹ ਦੀ ਤਸੱਲੀ ਹੋ ਗਈ ਕਿ ਇਸ ਗ੍ਰੰਥ ਵਿਚ ਪਰਮਾਤਮਾ ਦੀ ਮਹਿਮਾ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਹੈ। ਬਾਦਸ਼ਾਹ ਨੇ ਖ਼ੁਸ਼ ਹੋ ਕੇ 51 ਮੋਹਰਾਂ ਗ੍ਰੰਥ ਸਾਹਿਬ ਨੂੰ ਭੇਟਾ ਕਰਕੇ ਅਤੇ ਸਿੱਖਾਂ ਨੂੰ ਸਨਮਾਨ ਸਹਿਤ ਵਾਪਸ ਭੇਜਿਆ ਜਿਸ ਨਾਲ ਵਿਰੋਧੀਆਂ ਨੂੰ ਬੇਹੱਦ ਸ਼ਰਮਿੰਦਾ ਹੋਣਾ ਪਿਆ।

ਬਾਦਸ਼ਾਹ ਅਕਬਰ ਦੇ ਦੇਹਾਂਤ ਤੋਂ ਪਿੱਛੋਂ ਉਸਦਾ ਪੁੱਤਰ ਜਹਾਂਗੀਰ ਦਿੱਲੀ ਦੇ ਤਖ਼ਤ 'ਤੇ ਬੈਠਾ। ਜਹਾਂਗੀਰ ਦਾ ਪੁੱਤਰ ਖੁਸਰੋ ਵੀ ਦਿੱਲੀ ਦੇ ਤਖ਼ਤ 'ਤੇ ਬੈਠਣਾ ਚਾਹੁੰਦਾ ਸੀ ਅਤੇ ਇਸ ਕਰਕੇ ਉਸ ਨੇ ਬਗਾਵਤ ਕਰ ਦਿੱਤੀ। ਖੁਸਰੋ ਨੂੰ ਫੜ ਕੇ ਮਾਰ ਦਿੱਤਾ ਗਿਆ। ਚੁਗਲਖੋਰਾਂ ਨੇ ਜਹਾਂਗੀਰ ਨੂੰ ਗੁਰੂ ਜੀ ਵਿਰੁੱਧ ਭੜਕਾਇਆ ਕਿ ਉਹਨਾਂ ਨੇ ਖੁਸਰੋ ਦੀ ਮੱਦਦ ਕੀਤੀ ਹੈ। ਜਹਾਂਗੀਰ ਪਹਿਲਾਂ ਤੋਂ ਹੀ ਕੱਟੜਪੰਥੀਆਂ ਦੇ ਪ੍ਰਭਾਵ ਅਧੀਨ ਗੁਰੂ-ਘਰ ਨੂੰ ਇਸਲਾਮ ਦੇ ਘੇਰੇ ਵਿਚ ਲਿਆਉਣ ਦਾ ਇੱਛੁਕ ਸੀ। ਲੇਖਕ ਜਹਾਂਗੀਰ ਦੀ ਲਿਖਤ 'ਤੁਜ਼ਕੇ ਜਹਾਂਗੀਰੀ' ਵਿਚ ਦਰਜ ਬਿਆਨ ਦੇ ਅਨੁਸਾਰ ਦੱਸਦਾ ਹੈ :

'ਗੋਇੰਦਵਾਲ, ਜੋ ਕਿ ਦਰਯਾਇ ਬਿਆਸ ਦੇ ਕੰਢੇ 'ਤੇ ਹੈ, ਵਿੱਚ ਅਰਜਨ ਨਾਮੀ ਇੱਕ ਹਿੰਦੂ ਪੀਰੀ ਤੇ ਸ਼ੇਖ਼ੀ ਦੇ ਭੇਸ ਵਿੱਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚੋਂ ਬਹੁਤ ਸਾਰਿਆਂ ਨੂੰ, ਬਲਕਿ ਮੂਰਖ ਤੇ ਬੇਅਕਲ ਮੁਸਲਮਾਨਾਂ ਨੂੰ ਭੀ ਆਪਣੀ ਬਣਾਈ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂਪੁਣੇ ਦਾ ਢੋਲ ਬੜੇ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸੀ, ਉਸ ਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵੱਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਚਿਰ ਤੋਂ ਮੇਰੇ ਦਿਲ ਵਿਚ ਆਉਂਦੀ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਦੂਰ ਕਰ ਦਿੱਤਾ ਜਾਏ ਯਾ ਉਸ (ਗੁਰੂ

ਅਰਜਨ ਸਾਹਿਬ) ਨੂੰ ਦੀਨ ਦੀ ਜਮਾਤ ਵਿੱਚ ਲੈ ਆਂਦਾ ਜਾਏ'।

ਇਸ ਝੂਠੇ ਇਲਜ਼ਾਮ ਵਿਚ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਬਾਦਸ਼ਾਹ ਦੀ ਨੀਅਤ ਜਾਣ ਗਏ ਸਨ ਅਤੇ ਇਸ ਕਰਕੇ ਲਾਹੌਰ ਜਾਣ ਤੋਂ ਪਹਿਲਾਂ ਹੀ ਉਹ ਗੁਰਗੱਦੀ ਆਪਣੇ ਸਪੁੱਤਰ ਹਰਿਗੋਬਿੰਦ ਜੀ ਨੂੰ ਸੌਂਪ ਗਏ ਸਨ। ਆਪਣੇ ਗੁਰਿਆਈ ਦੇ ਸਮੇਂ ਵਿਚ ਗੁਰੂ ਅਰਜਨ ਦੇਵ ਜੀ ਨੇ ਸਿੱਖੀ ਪ੍ਰਚਾਰ ਅਤੇ ਪ੍ਰਸਾਰ ਦੇ ਬਹੁਤ ਵੱਡੇ ਕਾਰਜ ਅਰੰਭੇ ਸਨ ਅਤੇ ਪੂਰਨ ਦ੍ਰਿੜਤਾ ਸਹਿਤ ਉਨ੍ਹਾਂ ਨੂੰ ਪੂਰਾ ਕਰ ਦਿਖਾਇਆ ਸੀ। ਗੁਰੂ ਸਾਹਿਬ ਦਾ ਜੀਵਨ ਸਿੱਖੀ ਦੇ ਵਿਕਾਸ ਵਿਚ ਇੱਕ ਅਹਿਮ ਮੋੜ ਸਾਬਿਤ ਹੋਇਆ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਜੰਗ ਸਰਹਿੰਦ

## ਸਰਹਿੰਦ ਫ਼ਤਹਿ ਦਿਵਸ 'ਤੇ ਵਿਸ਼ੇਸ਼



ਸਿੱਖ ਧਰਮ ਦੀ ਨੀਂਹ ਸਤ ਤੇ ਰੱਖੀ ਗਈ ਹੈ। ਜਿਸ ਵਿੱਚ ਮਨੁੱਖਤਾ ਦੀ ਬਰਾਬਰੀ ਦਾ ਸੰਦੇਸ਼ ਹੈ। ਸਾਵੀ -ਪੱਧਰੀ ਜੀਵਨ ਜਾਚ ਵਿੱਚ ਕ੍ਰਿਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ਦਾ ਸਿਧਾਂਤ ਹੈ। ਸਿੱਖ ਗੁਰੂਆਂ ਦੇ ਸੱਚੇ ਉਪਦੇਸ਼ ਸਰਵਣ ਕਰਕੇ, ਦੂਸਰੇ ਧਰਮਾਂ ਦੇ ਲੋਕ ਸਵੈ ਇੱਛਿਆ ਨਾਲ ਸਿੱਖ ਧਰਮ ਨਾਲ ਜੁੜਦੇ ਗਏ। ਸੰਗਤ ਪੰਗਤ ਵਿੱਚ ਬੈਠ ਕੇ ਸਾਂਝੇ ਲੰਗਰ ਛੱਕਣਾ ਬਰਾਬਰਤਾ, ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਜਿਸ ਵਿੱਚ ਪ੍ਰਚਲਤ ਝੂਠੇ ਕਰਮਕਾਂਡਾ ਬੋਲੌੜੇ ਰੀਤੀ ਰਿਵਾਜਾਂ ਦਾ ਖੰਡਨ ਕਰਕੇ ਸਮਾਜ ਨੂੰ ਇਕ ਸੱਚੇ ਮਾਰਚ ਵਿੱਚ ਪਰਮਾਤਮਾ ਵੱਲ ਤੋਰਿਆ। ਮਨੁੱਖ ਨੂੰ ਨਿਰਭਉ ਨਿਰਵੈਰ ਬਣਾ ਕੇ ਸੱਚ ਲਈ ਜੂਝ ਮਰਨ ਲਈ ਤਿਆਰ ਕਰਨਾ ਸੀ। ਧਰਮ ਤੇ ਰਾਜਨੀਤੀ ਨੂੰ ਇਕ ਕਰ ਜੋੜਿਆ। ਸਮਾਜਿਕ ਰਾਜਨੀਤਕ ਅਤੇ ਧਾਰਮਿਕ ਚੇਤਨਾ ਵਿਚੋਂ ਨਰੋਆ ਸਮਾਜ ਉਸਾਰਨਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ 'ਤੇ ਖਾਲਸਾ ਸਾਜ਼ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ ਮਾਣ ਤੇ ਸਵੈ ਰਖਿਆ ਦਾ ਐਲਾਨ ਕੀਤਾ। ਗੁਰੂ ਸਾਹਿਬ ਜੀ ਨੇ ਜੁਲਮ ਵਿਰੁੱਧ ਡੱਟਣ ਲਈ ਫੌਜੀ ਖ਼ਾਲਸਾ ਤਿਆਰ ਕੀਤਾ। ਮੁ.ਗਲ ਸਾਮਰਾਜ ਦੇ ਜੁਲਮਾਂ ਦਾ ਟਾਕਰਾ ਕਰਦਿਆਂ ਬੇਸ਼ੁਮਾਰ ਲਾਸਾਨੀ ਸ਼ਹੀਦੀਆਂ ਹੋਈਆਂ। ਇੱਥੋਂ ਤਕ ਕਿ ਗੁਰੂ ਸਾਹਿਬ ਜੀ ਨੇ ਆਪਣਾ ਸਾਰਾ ਸਰਬੰਸ ਖਾਲਸਾ ਪੰਥ ਲਈ ਵਾਰ ਦਿਤਾ। ਗੁਰੂ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦੀ ਅਗਵਾਈ ਕਰਨ ਲਈ ਨਿਯੁਕਤ ਕਰ ਲਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਸਿੱਖ ਪੰਥ ਦੇ ਇਤਿਹਾਸ ਵਿੱਚ ਇਕ ਜਾਂਬਾਜ਼ ਯੋਧਾ ਹੋਇਆ ਹੈ। ਉਸਨੇ ਫਿਰ ਤੋਂ ਖਾਲਸਾ ਫ਼ੌਜ ਨੂੰ ਬਕਾਇਦਾ ਜੁਝਾਰੂ ਰੂਪ ਦਿਤਾ। ਉਹਨਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁ.ਗਲਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਾਂਬਾਜ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਜ਼ੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਣ ਦਾ ਨਾਉਂ ਲਛਮਣ ਦਾਸ ਸੀ। ਉਹਨਾਂ ਕੋਲ ਦੁਨਿਆਵੀ ਹਿੰਸਾਝੀ ਵਿਦਿਆ ਨਹੀਂ ਸੀ। ਉਸ ਸਮੇਂ ਦੇ ਨੌਜਵਾਨਾਂ ਵਿੱਚ ਸ਼ਿਕਾਰ ਖੇਡਣ ਅਤੇ ਸ਼ਸ਼ਤਰ ਵਿਦਿਆ ਸਿੱਖਣ ਦਾ ਰੁਝਾਨ ਸੀ। ਇਸੇ ਅਭਿਆਸ ਵਿੱਚ ਲਛਮਣ ਦਾਸ ਵੀ ਇਕ ਚੰਗਾ ਸ਼ਿਕਾਰੀ, ਨਿਸ਼ਾਨੇਬਾਜ਼ , ਘੋੜ ਸਵਾਰ ਬਣ ਗਿਆ। ਛੇਤੀ ਹੀ ਉਸ ਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿੱਚ ਬੈਰਾਗੀ ਹੋ ਗਿਆ। ਉਸਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਜਿਹਨਾਂ ਨੇ ਉਹਨਾਂ ਨੂੰ ਮਾਧੋਦਾਸ ਦਾ ਨਾਉਂ ਦਿਤਾ। ਉਹ ਸਾਧੂ ਮੰਡਲੀਆਂ ਵਿੱਚ ਘੁੰਮਦਾ ਨਾਸਕ ਪੁਜਾ ਤੇ ਜੋਗੀ ਔਘੜ ਨਾਥ ਦਾ ਚੇਲਾ ਬਣ ਗਿਆ, ਜਿਥੇ ਉਸਨੇ ਹਠ, ਯੋਗ ਤੇ ਤਾਂਤਰਿਕ ਵਿਦਿਆ ਤੇ ਕਰਾਮਾਂਤਾ ਦੇ ਸਾਧਨ ਕਮਾਏ। ਯੋਗੀ ਔਘੜ ਨਾਥ ਦੇ ਮਰਨ ਤੋਂ ਬਾਅਦ ਉਸਨੇ ਨੰਦੇੜ ਵਿਖੇ ਆਪਣਾ ਰਮਣੀਕ ਸੁੰਦਰ ਟਿਕਾਣਾ ਬਣਾ ਲਿਆ। ਆਪਣੀ ਯੋਗ ਵਿਦਿਆ ਨਾਲ ਉਹ ਲੋਕਾਂ ਨੂੰ ਭਰਮਾਉਣ ਲੱਗਾ ਤੇ ਉਹਨਾਂ ਦਾ ਮਖੌਲ ਉਡਾਉਂਦਾ। ਮਾਧੋਦਾਸ ਦੀਆਂ ਚਲਾਕੀਆਂ ਦੀ ਖਬਰ ਗੁਰੂ ਸਾਹਿਬ ਜੀ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਜੀ ਮਾਧੋਦਾਸ ਨੂੰ ਉਸਦੇ ਡੇਰੇ ਜਾ ਮਿਲੇ। ਗੁਰੂ ਸਾਹਿਬ ਜੀ ਨੂੰ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਸੀ ਕਿ ਉਹਨਾਂ ਨੂੰ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਜੀ ਨੇ ਮਾਧੋ ਦਾਸ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਉਸਦਾ ਨਾਉਂ ਬੰਦਾ ਸਿੰਘ ਰਖਿਆ ਜੋ ਆਪਣੀ ਬਹਾਦਰੀ ਸਦਕਾ ਇਤਿਹਾਸ ਵਿੱਚ ਬੰਦਾ ਸਿੰਘ ਬਹਾਦਰ ਵਜੋਂ ਪ੍ਰਸਿੱਧ ਹੋਇਆ। ਬਾਬਾ ਜੀ ਦੀ ਉਮਰ 38 ਸਾਲ ਸੀ। ਉਹਨਾਂ ਦੇ ਚਿਹਰੇ 'ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਂਵੇ ਸਨ ਪਰ ਅੰਤਾਂ ਦੇ ਫੁਰਤੀਲੇ ਸਨ। ਇਹੀ ਉਹਨਾਂ ਦੀ ਬਹਾਦਰੀ ਦਾ ਕਰਤੱਬ ਸੀ। ਉਹਨਾਂ ਦਾ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਤੇ ਪ੍ਰਪੱਕ ਸੀ। ਜਿਸਦੀ ਸ਼ਕਤੀ ਨਾਲ ਜੰਗਾਂ ਵਿੱਚ ਕਮਾਲ ਕਰ ਵਿਖਾਈ। ਉਹਨਾਂ ਨੇ ਜੀਅ ਜਾਨ ਨਾਲ ਖਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਸਿੱਖ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ। ਗੁਰੂ ਸਾਹਿਬ ਨੇ ਉਹਨਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ। ਉਹ ਮਾਨਸਿਕ ਤੌਰ 'ਤੇ ਆਪਣੇ ਕੌਮੀ ਫਰਜ਼ ਲਈ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੇ ਉਪਦੇਸ਼ ਦਿਤਾ ਕਿ ਸਿੱਖ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਵਾਸਤੇ ਉੱਤਮ ਕਾਰਜ਼ ਹੈ। ਮੁਗਲ ਸਾਮਰਾਜ ਦੇ ਜੁਲਮਾਂ ਵਿਰੁੱਧ ਮਨੁੱਖਤਾ ਦੀ ਭਲਾਈ ਲਈ ਜੁਲਮ ਦਾ ਨਾਸ ਕਰਨਾ ਹੈ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਜਥੇਦਾਰ ਬਣਾ ਕੇ ਪੰਜਾਬ ਵੱਲ ਤੋਰਿਆ। ਉਹਨਾਂ ਨੂੰ ਸੰਗਤਾਂ ਲਈ ਹੁਕਮਨਾਮੇ ਲਿਖ ਕੇ ਦਿਤੇ ਕਿ ਸੰਗਤਾਂ ਮੁ.ਗਲਾਂ ਵਿਰੁੱਧ ਜੰਗਾਂ ਵਿੱਚ ਬਾਬਾ ਜੀ ਦਾ ਸਾਥ ਦੇਣ। ਉਹਨਾਂ ਨੂੰ ਪੰਜ ਤੀਰ, ਦੋਧਾਰੀ ਖੰਡਾ, ਨਿਸ਼ਾਨ(ਝੰਡਾ), ਨਗਾਰਾ ਅਤੇ ਸਲਾਹਕਾਰ ਵਜੋਂ ਸਿੰਘ ਭੇਜੇ। ਜਿੰਨਾਂ ਵਿੱਚ ਭਾਈ ਦਯਾ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਬਾਬਾ ਬਾਜ਼ ਸਿੰਘ ਤੇ ਭਾਈ ਰਣ ਸਿੰਘ ਸ਼ਾਮਲ ਸਨ। ਨਾਲ ਹੀ 25 ਸਿੰਘਾਂ ਦਾ ਜਥਾ ਵੀ ਤੋਰਿਆ।

26 ਨਵੰਬਰ 1708 ਨੂੰ ਜੰਗੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਸੋਨੀਪਤ, ਸਮਾਣਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ ਅਤੇ ਬਨੂੜ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਉਹਨਾਂ ਨੇ ਆਪਣੇ ਅਸਲੀ ਨਿਸ਼ਾਨੇ ਵੱਲ ਵਧਦਿਆਂ ਵਜ਼ੀਰ ਖਾਨ ਉਤੇ ਹਮਲਾ ਕਰਨ ਲਈ ਖ਼ਾਲਸਾ ਫ਼ੌਜ ਦੀ ਅਗਵਾਈ ਕੀਤੀ। ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਹੁਕਮ ਭੇਜਿਆ ਕਿ ਉਹ ਸਰਹਿੰਦ ਵੱਲ ਕੂਚ ਕਰਨ। ਸਿਦਕੀ ਹੁੰਮ ਹੁੰਮਾ ਦੇ ਅਨੰਦਪੁਰ ਤੇ ਕੀਰਤਪੁਰ ਇੱਕਠੇ ਹੋਣ ਲੱਗੇ। ਬਾਬਾ ਜੀ ਸਢੌਰਾ ਤੇ ਮੁਖਲਿਸ ਨੂੰ ਫਤਹਿ ਕਰਕੇ ਸਰਹਿੰਦ ਵੱਲ ਵਧੇ ਤਾਂ ਮਾਝੇ ਤੇ ਦੁਆਬੇ ਦੇ ਸਿੰਘਾਂ ਦਾ ਜਥਾ ਵੀ ਕੀਰਤਪੁਰ ਤੋਂ ਤੁਰ ਪਿਆ। ਵਜ਼ੀਰ ਖਾਂ ਨੇ ਮਲੇਰਕੋਟਲੇ ਦੇ ਨਵਾਬ ਨੂੰ ਭਿੜਨ ਲਈ ਕਿਹਾ। ਰੋਪੜ ਦੇ ਕੋਲ ਸਿੰਘਾਂ ਦੀ ਪਠਾਣਾ ਨਾਲ ਦੋ ਦਿਨ ਝੜਪ ਹੋਈ। ਸਿੰਘ ਗਿਣਤੀ ਵਿੱਚ ਥੋੜੇ ਸਨ ਪਰ ਫਿਰ ਵੀ ਮੈਦਾਨ ਮਾਰ ਲਿਆ। ਅੱਗੇ ਸੰਘੋਲ ਜਿੱਤ ਕੇ ਖ਼ਾਲਸਾ ਦਲ ਖਰੜ ਵੱਲ ਵਧਿਆ। ਬਾਬਾ ਜੀ ਵੀ ਬਨੂੜ ਜਿੱਤ ਕੇ ਖਰੜ ਵੱਲ ਆ ਰਹੇ ਸਨ। ਖ਼ਾਲਸੇ ਦੀ ਵੱਧਦੀ ਹੋਈ ਤਾਕਤ ਸਰਹਿੰਦ ਵੱਲ ਵੱਧ ਗਈ।

ਵਜ਼ੀਰ ਖਾਂ ਨੇ ਜੰਗ ਨੂੰ ਹੈਦਰੀ ਝੰਡੇ ਹੇਠ ਜਹਾਦ ਦਾ ਧਾਰਮਿਕ ਰੂਪ ਦੇ ਦਿੱਤਾ। ਉਸਨੇ ਸਿੱਖ ਕਾਫ਼ਰਾਂ ਵਿਰੁੱਧ ਇਸਲਾਮ ਨੂੰ ਸਹਾਇਤਾ ਲਈ ਵੰਗਾਰਿਆ। ਉਸਨੇ ਪੰਜਾਬ ਭਰ ਵਿਚੋਂ ਮੁਸਲਮਾਨੀ ਫ਼ੌਜ ਮੰਗਵਾਈ। ਪੰਜਾਬ ਭਰ ਦੇ ਪਠਾਣ, ਸੱਯਦ ਰੰਗੜ ਤੇ ਮੁਸਲਮਾਨ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਗਏ। ਸੁੱਚਾ ਨੰਦ ਦਾ ਗਦਾਰ ਭਤੀਜਾ ਖ਼ਾਲਸਾ ਫ਼ੌਜ ਵਿੱਚ ਭੇਜਾ ਦਿਤਾ ਕਿ ਜਦ ਜੰਗ ਸਿਖਰ 'ਤੇ ਪੁਜੇ ਤਾਂ ਉਹ ਮੁਗਲ ਫ਼ੌਜ ਵਿੱਚ ਪਰਤ ਆਵੇ। ਇਸ ਤਰਾਂ ਖ਼ਾਲਸਾ ਭਾਜੜ ਵਿੱਚ ਪੈ ਜਾਵੇਗਾ। ਉਹ ਇਕ ਹਜ਼ਾਰ ਦੀ ਫ਼ੌਜ ਨਾਲ ਖ਼ਾਲਸਾ ਫ਼ੌਜ ਵਿੱਚ ਜਾ ਘੁਸਿਆ। ਜੇ ਦਾਉ ਲੱਗੇ ਤਾਂ ਬਾਬਾ ਜੀ ਨੂੰ ਵੀ ਮਾਰ ਮੁਕਾਏ ਪਰ ਬਾਬਾ ਜੀ ਤਾਂ ਕੌਤਕ ਵੇਖ ਰਹੇ ਸਨ, ਉਸਦੀ ਮਾੜੀ ਨੀਯਤ ਨੂੰ ਤਾੜ ਗਏ ਅਤੇ ਵਿਸਾਹ ਨਾ ਖਾਧਾ। ਦੋਵੇਂ ਫ਼ੌਜਾਂ ਟਾਕਰੇ ਲਈ ਅਗਾਂਹ ਵਧੀਆਂ। ਮੁ.ਗਲ ਫ਼ੌਜ ਵੱਡੀ ਗਿਣਤੀ ਵਿੱਚ ਤੇ ਵੱਡੀਆਂ ਤੋਪਾਂ (ਜੰਬੂਰੇ), ਹਾਥੀ, ਘੋੜੇ ਅਤੇ ਹਰ ਪ੍ਰਕਾਰ ਦਾ ਜੰਗੀ ਅਸਲਾ ਸੀ। ਦੂਸਰੇ ਪਾਸੇ ਖ਼ਾਲਸੇ ਕੋਲ ਨਾ ਤੋਪਾਂ, ਨਾ ਹਾਥੀ ਅਤੇ ਨਾ ਹੀ ਬਹੁਤ ਜੰਗੀ ਸਮਾਨ ਸੀ। ਸਰਹਿੰਦ ਤੋਂ 10-12 ਕੋਹ ਦੀ ਵਿੱਥ 'ਤੇ ਚਪੜਚਿੜੀ ਵਿੱਚ 12 ਮਈ 1710 ਨੂੰ ਬੜੀ ਸਖਤ ਜੰਗੀ ਹੋਈ। ਮੁੱਖ ਜੰਗ ਚੱਪੜਚਿੜੀ ਦੇ ਮੈਦਾਨ ਵਿੱਚ ਲੜੀ ਗਈ ਜੋ ਬਨੂੜ ਖਰੜ ਸੜਕ 'ਤੇ ਖਰੜ ਤਹਿਸੀਲ ਵਿੱਚ ਹੈ। ਬਾਬਾ ਜੀ ਵਾਸਤੇ ਸਰਹਿੰਦ ਨਾਲ ਭਿੜਨਾ ਸੌਖਾ ਕੰਮ ਨਹੀਂ ਸੀ। ਇਹ ਸੂਬਾਈ ਰਾਜਧਾਨੀ ਸੀ। ਨਵਾਬ ਵਜ਼ੀਰ ਖਾਂ ਮੁ.ਗਲ ਸਾਮਰਾਜ ਦਾ ਸ਼ਕਤੀਸ਼ਾਲੀ ਨਵਾਬ ਸੀ, ਜਿਸ ਕੋਲ ਬਹੁਤ ਵੱਡੀ ਫ਼ੌਜ ਸੀ। ਉਹ ਕਈ ਸਾਲਾਂ ਤੋਂ ਸੱਤਾ 'ਤੇ ਕਾਬਜ ਸੀ। ਉਸ ਕੋਲ ਕਾਫੀ ਧੰਨ ਅਤੇ ਉਚੀ ਪਦਵੀ ਸੀ। ਉਸਨੇ ਬੜੀ ਤਿਆਰੀ ਕਰ ਰਖੀ ਸੀ।

ਬਾਬਾ ਜੀ ਨੇ ਆਪਣੀ ਫ਼ੌਜ ਨੂੰ ਸੰਗਠਿਤ ਕੀਤਾ। ਬਾਬਾ ਜੀ ਕੋਲ ਨਾ ਤੋਪਖਾਨਾ ਸੀ, ਨਾ ਕੋਈ ਹਾਥੀ, ਘੋੜੇ। ਖ਼ਾਲਸਾ ਫ਼ੌਜ ਕੋਲ ਲੰਬੇ ਬਰਛੇ, ਤੀਰ ਅਤੇ ਤਲਵਾਰਾਂ ਹੀ ਸਨ। ਬਾਬਾ ਜੀ ਨੇ ਆਪਣੀ ਫ਼ੌਜ ਨੂੰ ਦੋ ਦਲਾਂ ਵਿੱਚ ਵੰਡਿਆ। ਪਹਿਲੇ ਜੱਥੇ ਵਿੱਚ ਮਾਲਵੇ ਤੋਂ ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਅਲੀ ਸਿੰਘ ਨੇ ਅਗਵਾਈ ਕੀਤੀ। ਮਝੈਲ ਸਿੰਘਾਂ ਵਿੱਚ ਬਾਬਾ ਬਿਨੋਦ ਸਿੰਘ, ਭਾਈ ਬਾਜ਼ ਸਿੰਘ, ਰਣ ਸਿੰਘ ਅਤੇ ਸ਼ਾਮ ਸਿੰਘ ਸਨ, ਜਿਹਨਾਂ ਦਾ ਦੂਸਰਾ ਜਥਾ ਸੀ। ਬਾਬਾ ਜੀ ਆਪ ਜੰਗ ਨਿਗਰਾਨੀ ਲਈ ਇੱਕ ਟਿੱਲੇ 'ਤੇ ਬੈਠ ਗਏ। ਜੰਗ ਦੀ ਪਹਿਲੀ ਮਾਰ ਹੇਠ ਹੀ ਖ਼ਾਲਸੇ ਦੇ ਉਹ ਸਾਥੀ ਭੱਜ ਗਏ ਜੋ ਸਿਰਫ਼ ਲੁੱਟ ਮਾਰ ਲਈ ਹੀ ਆਣ ਰਲੇ ਸਨ। ਉਸ ਵੇਲੇ ਸੁੱਚਾ ਨੰਦ ਦਾ ਭਤੀਜਾ ਵੀ ਸਾਥੀਆਂ ਸਮੇਤ ਭੱਜ ਗਿਆ। ਸਿੰਘਾਂ ਨੇ ਛੇਤੀ ਹੀ ਉਸ ਨੂੰ ਘੇਰ ਕੇ ਸਾਥੀਆਂ ਸਮੇਤ ਮਾਰ ਮੁਕਾਇਆ।

ਤੁਰਕਾਂ ਦਾ ਜ਼ੋਰ ਪੈਂਦਾ ਵੇਖ ਕੇ ਬਾਬਾ ਜੀ ਨੇ ਤਲਵਾਰ ਧੂ ਲਈ। ਬਾਬਾ ਜੀ ਦੀ ਅਗਵਾਈ ਹੇਠ ਤੁਰਕਾਂ ਦੇ ਆਹੂ ਲੱਥੇ। ਸਿੰਘ ਵੀ ਬਹੁਤ ਸ਼ਹੀਦ ਹੋਏ। ਤੁਰਕੀ ਸੈਨਾ ਦਾ ਵੱਡਾ ਨੁਕਸਾਨ ਹੋਇਆ। ਵਜ਼ੀਰ ਖਾਂ ਨੇ ਬਾਬਾ ਬਾਜ਼ ਸਿੰਘ ਤੇ ਹਮਲਾ ਕੀਤਾ। ਬਾਬਾ ਬਾਜ਼ ਸਿੰਘ ਨੇ ਵਜ਼ੀਰ ਖਾਂ ਦਾ ਨੇਜਾ ਖੋਹ ਕੇ ਉਸਦੇ ਘੋੜੇ ਨੂੰ ਜ਼ਖ਼ਮੀ ਕਰ ਦਿਤਾ। ਵਜ਼ੀਰ ਖਾਂ ਨੇ ਤੀਰ ਬਾਬਾ ਬਾਜ਼ ਸਿੰਘ ਦੀ ਬਾਂਹ ਵਿੱਚ ਖੋੜ ਦਿਤਾ। ਉਹ ਤਲਵਾਰ ਨਾਲ ਅੱਗੇ ਵਧਿਆ । ਭਾਈ ਫਤਹਿ ਸਿੰਘ ਕੋਲ ਖੜਾਂ ਸੀ। ਉਸਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਮੌਢਾ ਚੀਰ ਕੇ ਕਮਰ ਤਕ ਜਾ ਵਢਿਆ। ਉਹ ਉਥੇ ਹੀ ਡਿੱਗ ਪਿਆ। ਤੁਰਕੀ ਸੈਨਾ ਵਿੱਚ ਭਾਜੜ ਪੈ ਗਈ ਤੇ ਭੱਜ ਗਈ। ਘੋੜ ਸਵਾਰ ਅਤੇ ਪੈਦਲ ਬਹੁਤ ਸਾਰੇ ਲੋਕ ਖ਼ਾਲਸੇ ਦੀ ਤਲਵਾਰ ਹੇਠ ਆ ਗਏ। ਖ਼ਾਲਸੇ ਨੇ ਸਰਹਿੰਦ ਤੀਕ ਪਿੱਛਾ ਕੀਤਾ।

ਚੱਪੜਚਿੜੀ ਦੀ ਜਿੱਤ ਤੋਂ ਬਾਅਦ ਖ਼ਾਲਸਾ ਸਰਹਿੰਦ ਵੱਲ ਵਧਿਆ। ਬਾਬਾ ਜੀ ਨੇ 14 ਮਈ 1710 ਨੂੰ ਰਸਮੀ ਤੌਰ 'ਤੇ ਸਰਹਿੰਦ ਇਲਾਕੇ ਦੇ ਨਿਯੰਤਰਣ ਲੈ ਲਿਆ। ਉਸ ਸਮੇਂ ਹੋਈਆਂ ਵਾਰਦਾਤਾਂ ਵਿੱਚ ਸ਼ਹਿਰ ਨੂੰ ਲੁਟਿਆ ਗਿਆ। ਹਕੂਮਤ ਦੇ ਸਿੰਘਾਂ ਵਿਰੁੱਧ ਵੈਰੀਆਂ ਨੂੰ ਵਢਿਆ ਗਿਆ। ਪਾਪੀ ਸੁੱਚਾ ਨੰਦ ਨੂੰ ਕਤਲ ਕੀਤਾ ਗਿਆ। ਬਹੁਤ ਸਾਰਿਆਂ ਨੂੰ ਸਜ਼ਾਵਾਂ ਦਿਤੀਆਂ ਗਈਆਂ ਪਰ ਆਮ ਜਨ ਜੀਵਨ ਨੂੰ ਪ੍ਰਭਾਵਿਤ ਨਹੀਂ ਕੀਤਾ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਅਟਾਰੀਆਂ ਅਤੇ ਸ਼ਾਹੀ ਮਹੱਲ ਢਾਹੇ ਗਏ। ਸੁੱਚਾ ਨੰਦ ਦੀ ਹਵੇਲੀ ਦਾ ਸਫਾਇਆ ਕੀਤਾ। ਉਹਨਾਂ ਕੰਧਾਂ ਨੂੰ ਵੀ ਤਹਿ ਕੀਤਾ ਜਿਹਨਾਂ ਵਿੱਚ ਛੋਟੇ ਦੋ ਸਾਹਿਬਜ਼ਾਦੇ ਚਿਣੇ ਗਏ ਸਨ। ਸਿੰਘਾਂ ਨੇ ਅਜਿਹੇ ਸੰਜਮ ਦਾ ਸਬੂਤ ਦਿਤਾ ਕਿ ਸ਼ੇਖ ਅਹਿਮਦ ਮੁਜੱਦਦ ਅਲਫ ਸਾਨੀ ਦੇ ਮਜਾਰ ਅਤੇ ਹੋਰ ਯਾਦਗਾਰਾਂ ਨੂੰ ਛੇੜਿਆ ੀ ਨਾ ਗਿਆ। ਇਹ ਸਿੱਖਾਂ ਦੀ ਪਹਿਲੀ ਖੇਤਰਰੀ ਜਿੱਤ ਸੀ। ਜਿਸਨੇ ਉਹਨਾਂ ਨੂੰ ਸਤਲੁਜ ਦੇ ਦੱਖਣ ਵਿੱਚ ਪੂਰੇ ਦੇਸ਼ ਦਾ ਕਬਜ਼ਾ ਦਿੱਲੀ ਦੇ ਨੇੜੇ ਤਕ ਦਿਤਾ। ਮਈ 24,1710 ਨੂੰ ਬਾਬਾ ਜੀ ਨੇ ਪਟਿਆਲੇ ਨੂੰ ਇੱਕ ਸੁਤੰਤਰ ਰਾਜ ਦਾ ਪਹਿਲਾ ਕੇਂਦਰ ਬਣਾਇਆ। ਮਈ 27, 1710 ਨੂੰ ਸਰਹਿੰਦ ਸ਼ਹਿਰ ਵਿੱਚ ਇਕ ਵਿਸ਼ਾਲ ਇਕੱਤਰਤਾ ਵਿੱਚ ਬਾਬਾ ਜੀ ਨੇ ਸਰਹਿੰਦ ਸ਼ਹਿਰ ਵਿੱਚ ਸਿੱਖ ਰਾਜ ਸਥਾਪਤ ਕਰਨ ਅਤੇ ਮੁ.ਗਲਾਂ ਦੇ ਸ਼ਾਸ਼ਨ ਨੂੰ ਖਤਮ ਕਰਨ ਦਾ ਐਲਾਨ ਕੀਤਾ। ਜਿਸ ਨੇ ਇਲਾਕੇ ਵਿੱਚ ਆਪਣੇ ਜੁਲਮਾਂ ਨਾਲ ਦਹਿਸ਼ਤ ਫੈਲਾਈ ਹੋਈ ਸੀ। ਬਾਬਾ ਜੀ ਨੇ ਮੁਖਲਿਸਪੁਰ ਦੇ ਪੁਰਾਣੇ ਸ਼ਾਹੀ ਕਿਲੇ ਦੀ ਮੁਰੰਮਤ ਕੀਤੀ, ਇਸ ਨੂੰ ਲੋਹਗੜ੍ਹ ਦਾ ਨਾਉਂ ਦਿਤਾ। ਉਥੇ ਆਪਣੀ ਰਾਜਧਾਨੀ ਸਥਾਪਤ ਕੀਤੀ। ਬਾਬਾ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬਾ ਅਤੇ ਅਲੀ ਸਿੰਘ ਸਲੌਦੀ ਨੂੰ ਸਹਾਇਕ ਨਿਯੁਕਤ ਕੀਤਾ। ਭਾਈ ਫਤਹਿ ਸਿੰਘ ਨੂੰ ਸਮਾਣਾ ਸੌਂਪਿਆ। ਥਾਨੇਸਰ ਦਾ ਪ੍ਰਬੰਧ ਬਾਬਾ ਬਾਜ਼ ਸਿੰਘ ਦੇ ਭਰਾ ਰਾਮ ਸਿੰਘ ਅਤੇ ਬਾਬਾ ਬਿਨੋਦ ਸਿੰਘ ਨੂੰ ਦਿਤਾ। ਇਲਾਕੇ ਦੇ ਪ੍ਰਗਨਿਆਂ ਨੇ ਬਾਬਾ ਜੀ ਦੀ ਅਧੀਨਗੀ ਪ੍ਰਵਾਨ ਕਰ ਲਈ। ਕਰਨਾਲ ਤੋਂ ਲੁਧਿਆਣਾ ਤੀਕ ਸਾਰਾ ਇਲਾਕਾ ਸਿੱਖਾਂ ਦੇ ਕਬਜ਼ੇ ਵਿੱਚ ਸੀ। ਇਸਦੀ ਆਮਦਨ 36 ਲੱਖ ਰੁਪਏ ਸਾਲਾਨਾ ਸੀ। ਸਰਹਿੰਦ ਦੀ ਜਿੱਤ ਦੀ ਯਾਦ ਵਿੱਚ ਫਤਹਿ ਬੁਰਜ ਚੱਪੜਚਿੜੀ ਦੇ ਸਥਾਨ 'ਤੇ ਸਥਾਪਤ ਹੈ।






# ਇੱਕ ਕਲਾ ਹੈ ਬੱਚੇ ਦਾ ਪਾਲਣ-ਪੋਸ਼ਣ ਕਰਨਾ



## ਬੱਚਿਆਂ ਨੂੰ ਵਿਗੜਨ ਨਾ ਦੇਣ ਮਾਪੇ

ਠਾਕੁਰ ਦਲੀਪ ਸਿੰਘ

ਅਸੀਂ ਬੜੇ ਚਾਅ ਤੇ ਲਾਡਾਂ ਨਾਲ ਬੱਚਿਆਂ ਨੂੰ ਪਾਲਦੇ ਹਾਂ। ਕਈ ਵਾਰ ਚਾਅ ਤੇ ਲਾਡ ਕਾਰਨ ਅਸੀਂ ਭਾਵੁਕ ਹੋ ਕੇ ਭੋਲੇਪਣ 'ਚ ਹੀ ਬੱਚੇ ਦੇ ਮਨ ਤੇ ਤਨ ਦੋਵਾਂ ਨੂੰ ਰੋਗੀ ਕਰ ਦਿੰਦੇ ਹਾਂ। ਸਫਲਤਾਪੂਰਵਕ ਬੱਚੇ ਦਾ ਪਾਲਣ-ਪੋਸ਼ਣ ਕਰਨਾ ਇੱਕ ਕਲਾ ਹੈ। ਬੱਚੇ ਦੇ ਜਨਮ ਤੋਂ ਪਹਿਲਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸ ਦੇ ਮਨ ਤੇ ਤਨ ਨੂੰ ਅਰੋਗ ਕਿਵੇਂ ਰੱਖਣਾ ਹੈ। ਜੇ ਬੱਚੇ ਪਾਲਣ ਦੀ ਜਾਂਚ ਸਿੱਖਣ ਦੀ ਕੋਸ਼ਿਸ਼ ਕਰੋਗੇ, ਤਾਂ ਸਫਲਤਾ ਪੂਰਵਕ ਬੱਚੇ ਨੂੰ ਪਾਲਣ ਦੀ ਕਲਾ ਸਿੱਖਣੀ ਅਸੰਭਵ ਨਹੀਂ, ਸੰਭਵ ਹੈ।

**ਮੋਬਾਈਲ, ਟੀਵੀ ਤੋਂ ਦੂਰ ਰੱਖੋ**

ਬੱਚੇ ਨੂੰ ਮੋਬਾਈਲ, ਟੀਵੀ ਆਦਿ ਘੱਟ ਤੋਂ ਘੱਟ ਦੇਖਣ ਦਿਉ। ਉਨ੍ਹਾਂ ਦਾ ਇਹੀ ਸਮਾਂ ਰਸੋਈ, ਸਫ਼ਾਈ ਆਦਿ ਘਰ ਦੇ ਕੰਮਾਂ 'ਚ ਲਵਾਓ। ਬੱਚਿਆਂ ਨੂੰ ਖੇਡਣ ਵਾਸਤੇ ਕੁਝ ਇਸ ਤਰ੍ਹਾਂ ਦੀਆਂ ਚੀਜ਼ਾਂ ਦਿਉ, ਜਿਨ੍ਹਾਂ ਨਾਲ ਉਨ੍ਹਾਂ ਦਾ ਦਿਮਾਗ਼ ਤੇਜ਼ ਹੋਵੇ। ਬੱਚੇ ਦੀ ਉਮਰ ਅਨੁਸਾਰ ਥੋੜ੍ਹਾ-ਥੋੜ੍ਹਾ ਯੋਗ ਤੇ ਪ੍ਰਾਣਾਯਾਮ ਸ਼ੁਰੂ ਕਰਵਾਓ। ਬਹੁਤ ਸਾਰੇ ਮੰਦਰਾਂ 'ਚ ਵੀ ਯੋਗ ਕੇਂਦਰ ਬਣੇ ਹੋਏ ਹਨ, ਉੱਥੇ ਜਾ ਕੇ ਵੀ ਸਿੱਖ ਸਕਦੇ ਹੋ।

**ਫਲ ਤੇ ਸਬਜ਼ੀਆਂ ਖਾਣ ਦੀ ਪਾਓ ਆਦਤ**

ਮਾਪਿਆਂ ਵੱਲੋਂ ਬਹੁਤੀ ਵਾਰੀ ਹਾਨੀਕਾਰਕ ਭੋਜਨ ਅਗਿਆਨਤਾ ਵੱਸ ਖ਼ੁਦ



ਹੀ ਬੱਚਿਆਂ ਨੂੰ ਦਿੱਤਾ ਜਾਂਦਾ ਹੈ। ਕਈ ਵਾਰ ਮਾਪੇ ਬੱਚੇ ਤੋਂ ਕੋਈ ਕੰਮ ਕਰਵਾਉਣ ਲਈ ਚਾਕਲੇਟ ਆਦਿ ਦਾ ਲਾਲਚ ਜਾਣਬੁੱਝ ਕੇ ਦਿੰਦੇ ਹਨ, ਜਿਸ ਨੂੰ ਖਾਣ ਦੀ ਬੱਚੇ ਨੂੰ ਆਦਤ ਪੈ ਜਾਂਦੀ ਹੈ। ਬੱਚਿਆਂ ਨੂੰ ਰੋਗੀ ਬਣਾਉਣ ਵਾਸਤੇ ਘਰ ਦੇ ਬਜ਼ੁਰਗ ਵੀ ਅਗਿਆਨਤਾ ਵੱਸ ਆਪਣੀ ਵੱਡੀ ਭੂਮਿਕਾ ਨਿਭਾਉਂਦੇ ਹਨ। ਬੱਚਿਆਂ ਨੂੰ ਆਪਣੇ ਕੋਲ ਸੱਦਣ ਲਈ ਅਤੇ ਆਪਣੇ ਕੋਲ ਵੱਧ ਸਮਾਂ ਰੱਖਣ ਲਈ ਉਨ੍ਹਾਂ ਨੂੰ ਅਜਿਹੇ ਭੋਜਨ ਤੇ ਚੀਜ਼ਾਂ ਦੇ ਦਿੰਦੇ ਹਨ, ਜਿਨ੍ਹਾਂ ਨਾਲ ਬੱਚਿਆਂ ਦੀਆਂ ਆਦਤਾਂ ਵਿਗੜ ਕੇ ਸਿਹਤ ਖ਼ਰਾਬ ਹੋ ਜਾਂਦੀ ਹੈ। ਹਾਨੀਕਾਰਕ ਭੋਜਨਾਂ ਤੋਂ ਬੱਚੇ ਨੂੰ ਬਚਾਉਣ ਵਾਸਤੇ ਮਾਪਿਆਂ ਨੂੰ ਖ਼ੁਦ ਵੀ ਇਨ੍ਹਾਂ ਭੋਜਨਾਂ ਨੂੰ ਤਿਆਗਣਾ ਪਵੇਗਾ। ਬੱਚੇ ਕਹਿਣ ਨਾਲ ਓਨੀ ਗੱਲ ਨਹੀਂ ਅਪਣਾਉਂਦੇ, ਜਿੰਨਾ ਦੇਖ ਕੇ ਤੇ ਮਾਤਾ-ਪਿਤਾ ਦੀ ਨਕਲ ਕਰ ਕੇ ਸੰਸਕਾਰ ਧਾਰਨ ਕਰਦੇ ਹਨ। ਟਾਫ਼ੀਆਂ, ਚਾਕਲੇਟ, ਚਿਪਸ, ਫਾਸਟ ਫੂਡ ਆਦਿ ਘਰ 'ਚ ਲਿਆਉਣਾ ਅਤੇ ਆਪ ਵੀ ਖਾਣਾ ਬੰਦ ਕਰੋ। ਬੱਚੇ ਭਾਵੇਂ ਰੋਣ ਤੇ ਖਾਣ ਦੀ ਜ਼ਿੱਦ ਕਰਨ, ਤਾਂ ਵੀ ਉਨ੍ਹਾਂ ਨੂੰ ਸਿਹਤ ਲਈ ਹਾਨੀਕਾਰਕ ਭੋਜਨ ਨਾ ਦਿਓ। ਜੇ ਨਾ ਦਿਓਗੇ, ਤਾਂ ਬੱਚੇ ਅੱਕ ਕੇ ਫਲ, ਸਬਜ਼ੀਆਂ ਆਦਿ ਖਾਣੇ ਸ਼ੁਰੂ ਕਰ ਦੇਣਗੇ, ਜੋ ਹੌਲੀ-ਹੌਲੀ ਉਨ੍ਹਾਂ ਦੀ ਜੀਭ ਦਾ ਸੁਆਦ ਬਣ ਜਾਵੇਗਾ। ਟਾਫ਼ੀਆਂ, ਚਾਕਲੇਟ ਦੀ ਥਾਂ ਬੱਚਿਆਂ ਨੂੰ ਖਜੂਰਾਂ, ਅੰਜੀਰ, ਸੌਗੀ ਆਦਿ ਸੁੱਕੇ ਮੇਵੇ ਖਾਣ ਲਈ ਦਿੱਤੇ ਜਾ ਸਕਦੇ ਹਨ। ਜੋ ਪਰਿਵਾਰ ਮਹਿੰਗੇ ਸੁੱਕੇ ਮੇਵੇ ਨਾ ਖ਼ਰੀਦ ਸਕਣ, ਉਹ ਗੁੜ ਦੇ ਛੋਟੇ ਟੁਕੜੇ ਕਰ ਕੇ ਅਤੇ ਲੂਣ ਵਾਲੇ ਭੁੱਜੇ ਛੋਲੇ ਬੱਚੇ ਨੂੰ ਦੇ ਸਕਦੇ ਹਨ। ਚਿਪਸ ਦੀ ਥਾਂ 'ਤੇ ਬੱਚਿਆਂ ਨੂੰ ਪ੍ਰਸ਼ਾਦਾ ਰਾੜ ਕੇ ਲੂਣ, ਮਿਰਚ, ਨਿੰਬੂ ਜਾਂ ਚਾਟ-ਮਸਾਲਾ ਆਦਿ ਪਾ ਕੇ ਤੇ ਉਸ ਦੇ ਛੋਟੇ-ਛੋਟੇ ਟੁਕੜੇ ਕਰ ਕੇ ਦਿੱਤੇ ਜਾ ਸਕਦੇ ਹਨ। ਉਹ ਚਿਪਸ ਤੋਂ ਵੀ ਵੱਧ ਸੁਆਦੀ ਬਣਦੇ ਹਨ। ਤਾਜ਼ੇ ਫਲ-ਸਬਜ਼ੀਆਂ ਖ਼ੁਦ ਵੀ ਖਾਣੇ ਸ਼ੁਰੂ ਕਰੋ। ਬੱਚੇ ਨੂੰ ਦੱਸੋ ਕਿ ਤਾਜ਼ੇ ਫਲ-ਸਬਜ਼ੀਆਂ ਖਾਣ ਨਾਲ ਸਰੀਰ ਨਿਰੋਗ ਰਹਿੰਦਾ ਹੈ।

**ਕੁਦਰਤੀ ਇਲਾਜ**

ਆਪਣੇ ਬੱਚਿਆਂ ਨੂੰ ਮਿੱਟੀ ਦੇ ਲੇਪ, ਸਾਦੀਆਂ ਜੜ੍ਹੀ-ਬੂਟੀਆਂ, ਜਿਵੇਂ ਕਾਲੀ ਮਿਰਚ, ਅਜਵਾਇਣ, ਹਰੜ, ਹਲਦੀ ਆਦਿ ਦੇ ਗੁਣ ਦੱਸੋ। ਬੱਚਿਆਂ ਸਾਹਮਣੇ ਇਨ੍ਹਾਂ ਚੀਜ਼ਾਂ ਨੂੰ ਖ਼ੁਦ ਵੀ ਵਰਤੋ, ਤਾਂ ਜੋ ਬੱਚੇ ਦੇ ਮਨ 'ਚ ਇਹ ਬਚਪਨ ਤੋਂ ਹੀ ਬੈਠ ਜਾਵੇ ਕਿ ਕੁਦਰਤੀ ਇਲਾਜ, ਜੜ੍ਹੀ-ਬੂਟੀਆਂ, ਸਾਦਾ ਜੀਵਨ, ਯੋਗ ਆਸਣ, ਪ੍ਰਾਣਾਯਾਮ ਤੇ ਆਯੁਰਵੇਦ ਸਰਬੋਤਮ ਹਨ। ਇਨ੍ਹਾਂ ਦੀ ਵਰਤੋਂ ਕਰਨ ਨਾਲ ਅਸੀਂ ਨਿਰੋਗ ਰਹਿ ਸਕਾਂਗੇ। ਅਜਿਹਾ ਕਰ ਕੇ ਤੁਸੀਂ ਬੱਚੇ ਨੂੰ ਚੰਗੇ ਸੰਸਕਾਰ ਦਿਓਗੇ, ਚੰਗੀਆਂ ਆਦਤਾਂ ਪਾਓਗੇ, ਜਿਹੜੀਆਂ ਪੂਰੀ ਉਮਰ ਉਸ ਲਈ ਲਾਭਦਾਇਕ ਰਹਿਣਗੀਆਂ।

**ਸਿਹਤਮੰਦ ਭੋਜਨ ਦੀ ਪਾਓ ਆਦਤ**

ਜਦੋਂ ਬੱਚਾ ਮਾਂ ਦਾ ਦੁੱਧ ਛੱਡਦਾ ਹੈ, ਉਦੋਂ ਤੋਂ ਹੀ ਉਸ ਨੂੰ ਸਿਹਤਮੰਦ ਭੋਜਨ ਦੀ ਆਦਤ ਪਾਓ ਤੇ ਹਾਨੀਕਾਰਕ ਭੋਜਨ (ਟਾਫੀਆਂ, ਚਾਕਲੇਟ, ਚਿਪਸ ਆਦਿ) ਦਾ ਸੁਆਦ ਪੈਣ ਤੋਂ ਬਚਾਓ। ਤਲੀਆਂ ਵਸਤਾਂ, ਪਰੌਂਠੇ, ਮੈਦੇ ਤੋਂ ਬਣੇ ਪਦਾਰਥ, ਜਿਵੇਂ ਨੂਡਲਜ਼, ਬਿਸਕੁਟ, ਪੀਜ਼ਾ ਆਦਿ ਸਿਹਤ ਲਈ ਬਹੁਤ ਨੁਕਸਾਨਦੇਹ ਹਨ। ਦੁੱਧ, ਦਹੀਂ, ਚੋਪੜੇ ਹੋਏ ਪ੍ਰਸ਼ਾਦੇ ਵਿਚ ਬੱਚੇ ਲਈ ਲੋੜੀਂਦੀ ਮਾਤਰਾ 'ਚ ਥੰਧਿਆਈ ਕਾਫ਼ੀ ਹੁੰਦੀ ਹੈ। ਮੱਖਣ, ਮਲਾਈ, ਖੋਆ, ਬਰਫੀ ਆਦਿ ਭੋਜਨ ਭਾਰੇ ਹੋਣ ਕਰਕੇ ਬੱਚੇ ਨੂੰ ਪਚਣੇ ਔਖੇ ਹੁੰਦੇ ਹਨ। ਇਹ ਭਾਰਾ ਭੋਜਨ ਬੱਚੇ ਨੂੰ ਲਾਭ ਦੀ ਬਜਾਏ ਹਾਨੀ ਪਹੁੰਚਾਉਂਦਾ ਹੈ। ਕੋਕਾ ਕੋਲਾ, ਹਰ ਤਰ੍ਹਾਂ ਦੀ ਸਾਫਟ ਡਰਿੰਕ ਤੇ ਬਾਜ਼ਾਰੀ ਜੂਸ ਆਦਿ ਤੋਂ ਵੀ ਬੱਚਿਆਂ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ।



# ਛੋਟੇ ਬੱਚਿਆਂ ਦੀ ਮੁਸਕਰਾਹਟ ਦਾ ਦਿਓ ਜਵਾਬ



ਤੁਹਾਡੇ ਬੱਚੇ ਦੀ ਪਹਿਲੀ ਮੁਸਕਰਾਹਟ ਉਹਨਾਂ ਸ਼ਾਨਦਾਰ ਭਾਵਨਾਵਾਂ ਦੀ ਸ਼ੁਰੂਆਤ ਹੈ ਜੋ ਤੁਹਾਡੇ ਬੱਚੇ ਦੇ ਪਹਿਲੇ ਸਾਲ ਦੌਰਾਨ ਵਿਕਸਤ ਅਤੇ ਪ੍ਰਗਟ ਹੁੰਦੀਆਂ ਹਨ। ਤਿੰਨ ਮਹੀਨਿਆਂ ਤੱਕ, ਬੱਚੇ ਸਰੀਰ ਦੀ ਭਾਸ਼ਾ 'ਪੜ੍ਹਨਾ' ਸ਼ੁਰੂ ਕਰ ਦਿੰਦੇ ਹਨ ਅਤੇ ਜਾਣਕਾਰੀ ਨੂੰ ਆਪਣੀਆਂ ਵਧਦੀਆਂ ਯਾਦਾਂ ਵਿੱਚ ਸਟੋਰ ਕਰਦੇ ਹਨ। ਜਿਉਂ-ਜਿਉਂ ਉਹ ਵੱਡੇ ਹੁੰਦੇ ਹਨ, ਇਹ ਸਟੋਰ ਕੀਤੇ ਅਨੁਭਵ ਉਹਨਾਂ ਨੂੰ ਆਪਣੀਆਂ ਭਾਵਨਾਵਾਂ ਦਾ ਪ੍ਰਬੰਧਨ ਅਤੇ ਕੰਟਰੋਲ ਕਰਨ ਵਿੱਚ ਮਦਦ ਕਰਦੇ ਹਨ।

ਇਹ ਸਭ ਇੱਕ ਛੋਟੀ ਜਿਹੀ ਮੁਸਕਰਾਹਟ ਨਾਲ ਸ਼ੁਰੂ ਹੁੰਦਾ ਹੈ, 3 ਮਹੀਨਿਆਂ ਤੱਕ, ਤੁਹਾਡਾ ਬੱਚਾ ਤੁਹਾਡੇ ਅਤੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਨਾਲ ਮੇਲ ਜੋਲ ਤੇ ਘੁਲਣ ਮਿਲਣ ਦਾ ਆਨੰਦ ਲੈਣਾ ਸ਼ੁਰੂ ਕਰ ਸਕਦਾ ਹੈ। ਉਹ ਆਸਾਨੀ ਨਾਲ ਮੁਸਕਰਾਉਂਦੇ ਹਨ ਅਤੇ ਦੂਜਿਆਂ ਦੇ ਚਿਹਰਿਆਂ ਲਈ ਗਹਿਰਾ ਪਿਆਰ ਹੋ ਸਕਦਾ ਹੈ। ਜਦੋਂ ਉਹ ਦੇਖਦੇ ਹਨ, ਸੁਣਦੇ ਹਨ ਅਤੇ ਸਮਾਜਿਕ ਪਰਸਪਰ ਕ੍ਰਿਆਵਾਂ ਵਿੱਚ ਹਿੱਸਾ ਲੈਂਦੇ ਹਨ ਤਾਂ ਬੱਚੇ ਦੂਜਿਆਂ ਦੀਆਂ ਭਾਵਨਾਵਾਂ ਅਤੇ ਸਰੀਰਕ ਭਾਸ਼ਾ ਬਾਰੇ ਸਿੱਖਦੇ ਹਨ।

ਤੁਸੀਂ ਇਸ ਸਮੇਂ ਦੌਰਾਨ ਬਹੁਤ ਸਾਰੀਆਂ ਹਲਕੀਆਂ ਮੁਸਕਰਾਹਟਾਂ ਵੇਖਣ ਸੁਣਨ ਦੀ ਉਮੀਦ ਵੀ ਕਰ ਸਕਦੇ ਹੋ। ਤੁਹਾਡੇ ਬੱਚੇ ਨੂੰ ਹੱਸਣ ਦੇ ਬਹੁਤ ਵਧੀਆ ਤਰੀਕੇ ਹਨ। ਪਲੋਸਣਾ, ਸ਼ੋਰ ਕਰਨਾ, ਉਨ੍ਹਾਂ ਦੀਆਂ ਗੱਲ੍ਹਾਂ ਨੂੰ ਚੂੰਢੀ ਮਾਰਨਾ ਜਾਂ ਉਨ੍ਹਾਂ ਦੇ ਪੇਟ ਨੂੰ ਦਬਾਉਣਾ।

ਭਵਿੱਖ ਵਿੱਚ ਤੁਹਾਡਾ ਬੱਚਾ ਵੱਖ-ਵੱਖ ਸਥਿਤੀਆਂ ਵਿੱਚ ਕਿਵੇਂ ਪ੍ਰਤੀਕਿਰਿਆ ਕਰੇਗਾ, ਇਹ ਤੁਹਾਡੇ ਦੁਆਰਾ ਪ੍ਰਾਪਤ ਫੀਡਬੈਕ 'ਤੇ ਨਿਰਭਰ ਕਰਦਾ ਹੈ।

ਉਹ ਪਹਿਲਾਂ ਹੀ ਦੂਜਿਆਂ ਦੀਆਂ ਭਾਵਨਾਵਾਂ ਨੂੰ ਪੜ੍ਹਨ ਦੀ ਯੋਗਤਾ ਪ੍ਰਾਪਤ ਕਰ ਲੈਂਦੇ ਹਨ ਅਤੇ ਲਗਭਗ 3.5 ਮਹੀਨਿਆਂ ਦੀ ਉਮਰ ਵਿੱਚ ਆਪਣੇ ਮਾਪਿਆਂ ਦੀ ਸਰੀਰਕ ਭਾਸ਼ਾ ਨੂੰ ਪਛਾਣਨਾ ਸ਼ੁਰੂ ਕਰ ਦਿੰਦੇ ਹਨ।

ਉਹ ਆਪਣੇ ਮਾਪਿਆਂ ਦੀ ਬਹੁਤ ਧਿਆਨ ਨਾਲ ਦੇਖਭਾਲ ਕਰਦੇ ਹਨ, ਇਸ ਲਈ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਕਾਬੂ ਵਿੱਚ ਰੱਖੋ। ਅੰਤ ਵਿੱਚ, ਬੱਚੇ ਬੇਅਰਾਮੀ ਦੀ ਭਾਵਨਾ ਨੂੰ ਵੀ ਖੁਸ਼ੀ ਦੀ ਭਾਵਨਾ ਦੇ ਰੂਪ ਵਿੱਚ ਸਮਝ ਸਕਦੇ ਹਨ।

ਉਨ੍ਹਾਂ ਨਾਲ ਸੁਹਾਵਣੀ ਆਵਾਜ਼ ਅਤੇ ਸਰੀਰ ਦੀ ਭਾਸ਼ਾ ਨਾਲ ਗੱਲ ਕਰੋ। ਜਦੋਂ ਤੁਹਾਡਾ ਬੱਚਾ ਸੁਚੇਤ ਹੁੰਦਾ ਹੈ ਅਤੇ ਸਮਾਜਿਕ ਮਹਿਸੂਸ ਕਰਦਾ ਹੈ, ਤਾਂ ਉਸਦੀ ਮੁਸਕਰਾਹਟ ਅਤੇ ਮਿੱਠੇ ਸ਼ੋਰ ਦਾ ਜਵਾਬ ਦਿਓ। ਆਪਣੇ ਬੱਚੇ ਨੂੰ ਸੁਣਨਾ ਅਤੇ ਉਸ ਨਾਲ ਗੱਲ ਕਰਨਾ ਮਹੱਤਵਪੂਰਨ ਹੈ। ਜਦੋਂ ਉਹ ਚਿੰਤਤ, ਡਰਿਆ ਜਾਂ ਰੋ ਰਿਹਾ ਹੋਵੇ ਤਾਂ ਦਿਲੋਂ ਅਤੇ ਸ਼ਾਂਤ ਤਰੀਕੇ ਨਾਲ ਜਵਾਬ ਦਿਓ। ਆਪਣੇ ਬੱਚੇ ਨੂੰ ਇੱਕ ਚਾਦਰ ਵਿੱਚ ਲਪੇਟਣ ਦੀ ਕੋਸ਼ਿਸ਼ ਕਰੋ ਜਾਂ ਉਸਨੂੰ ਆਪਣੇ ਸਰੀਰ ਦੇ ਨੇੜੇ ਫੜ ਕੇ ਰੱਖੋ। ਕਮਰੇ ਵਿੱਚ ਸੈਰ ਕਰਕੇ ਜਾਂ ਹਲਕਾ ਸੰਗੀਤ ਚਲਾ ਕੇ ਉਸਨੂੰ ਸੁਣੋ।

ਆਪਣੇ ਬੱਚੇ ਦੀਆਂ ਵਿਕਾਸਸ਼ੀਲ ਹਰਕਤਾਂ ਵੱਲ ਧਿਆਨ ਦਿਓ।

6 ਤੋਂ 9 ਮਹੀਨਿਆਂ ਦੀ ਮਿਆਦ ਦੇ ਦੌਰਾਨ, ਤੁਹਾਡੇ ਬੱਚੇ ਉਹਨਾਂ ਗੁਣਾਂ ਦਾ ਵਿਕਾਸ ਕਰਨਾ ਸ਼ੁਰੂ ਕਰ ਦਿੰਦੇ ਹਨ ਜੋ ਉਹਨਾਂ ਦੇ ਆਪਣੇ ਅਤੇ ਵਿਲੱਖਣ ਹੁੰਦੇ ਹਨ। ਹੁਣ ਤੱਕ, ਤੁਸੀਂ ਉਨ੍ਹਾਂ ਦੇ ਸੁਭਾਅ ਤੋਂ ਜਾਣੂ ਹੋ ਗਏ ਹੋ ਅਤੇ ਤੁਸੀਂ ਜਾਣਦੇ ਹੋ ਕਿ ਉਹ ਇੱਕ 'ਟੋਨ' ਦਾ ਪ੍ਰਦਰਸ਼ਨ ਕਰਦੇ ਹਨ ਜੋ ਆਪਣੇ ਆਪ ਵਿੱਚ ਵਿਲੱਖਣ ਹੈ।

ਨਹਾਉਣ ਦਾ ਸਮਾਂ ਹੋਣ 'ਤੇ ਉਹ ਸ਼ਾਇਦ ਉਤਸ਼ਾਹਿਤ ਹੋ ਜਾਣਗੇ ਜਾਂ ਸੌਣ ਵੇਲੇ ਤੁਹਾਡੀਆਂ ਬਾਹਾਂ ਵਿੱਚ ਘੁਸ ਜਾਣਗੇ। ਉਹਨਾਂ ਨੂੰ ਇਸ ਗੱਲ ਦਾ ਪਹਿਲਾਂ ਤੋਂ ਗਿਆਨ ਹੋ ਸਕਦਾ ਹੈ ਕਿ ਉਹਨਾਂ ਪ੍ਰਤੀ ਸਕਾਰਾਤਮਕ ਜਾਂ ਨਕਾਰਾਤਮਕ ਭਾਵਨਾਵਾਂ ਕਿਸ ਨੇ ਪ੍ਰਗਟ ਕੀਤੀਆਂ ਹਨ। ਕਿਸੇ ਦੀ ਇਕਦਮ ਉੱਚੀ ਆਵਾਜ਼ ਵਿੱਚ ਗੁੱਸਾ ਹੋਣਾ ਜਾਂ ਮਾਂ ਦਾ ਛੂਹਣਾ, ਇਹੋ ਜਿਹੀਆਂ ਸਾਰੀਆਂ ਗੱਲਾਂ ਉਨ੍ਹਾਂ ਦੀ ਯਾਦ ਵਿੱਚ ਆ ਜਾਂਦੀਆਂ ਹਨ। ਇਸ ਉਮਰ ਵਿੱਚ ਬੱਚੇ ਉਨ੍ਹਾਂ ਲੋਕਾਂ ਨਾਲ ਰਹਿਣਾ ਪਸੰਦ ਕਰਦੇ ਹਨ ਜਿਨ੍ਹਾਂ ਤੋਂ ਉਨ੍ਹਾਂ ਨੂੰ ਪਿਆਰ ਮਿਲਦਾ ਹੈ।

ਜਿਵੇਂ-ਜਿਵੇਂ ਨਜ਼ਦੀਕੀ ਦੇਖਭਾਲ ਕਰਨ ਵਾਲਿਆਂ ਪ੍ਰਤੀ ਲਗਾਵ ਵਧਦਾ ਹੈ, ਉਹਨਾਂ ਲਈ 'ਵੱਖ ਹੋਣ ਦੀ ਚਿੰਤਾ' ਦੀਆਂ ਭਾਵਨਾਵਾਂ ਦਾ ਅਨੁਭਵ ਕਰਨਾ ਸੁਭਾਵਿਕ ਹੈ। ਇਸ ਉਮਰ ਵਿੱਚ ਜ਼ਿਆਦਾਤਰ ਬੱਚੇ ਬੇਚੈਨੀ ਅਤੇ ਡਰ ਦਾ ਪ੍ਰਦਰਸ਼ਨ ਕਰਦੇ ਹਨ ਜਦੋਂ ਉਹ ਆਪਣੇ ਮਾਪਿਆਂ ਦੀ ਨਜ਼ਰ ਤੋਂ ਦੂਰ ਹੁੰਦੇ ਹਨ। ਹਾਲਾਂਕਿ ਇਹ ਮਾਪਿਆਂ ਲਈ ਨਿਰਾਸ਼ਾਜਨਕ ਹੋ ਸਕਦਾ ਹੈ, ਇਹ ਵਿਵਹਾਰ ਆਮ ਹੈ। ਇਸਦਾ ਆਮ ਤੌਰ 'ਤੇ ਮਤਲਬ ਹੈ ਕਿ ਤੁਹਾਡੇ ਬੱਚੇ ਦੀ ਯਾਦਦਾਸ਼ਤ ਪੱਕ ਰਹੀ ਹੈ।

ਲੁਕਣ ਮਿਟੀ ਵਰਗੀਆਂ ਖੇਡਾਂ ਉਹਨਾਂ ਨੂੰ ਇਹ ਸਿੱਖਣ ਵਿੱਚ ਮਦਦ ਕਰਦੀਆਂ ਹਨ ਕਿ ਜੋ ਲੋਕ ਜਾਂ ਵਸਤੂਆਂ ਨਜ਼ਰ ਤੋਂ ਬਾਹਰ ਹੋ ਜਾਂਦੀਆਂ ਹਨ ਉਹ ਦੁਬਾਰਾ ਵਾਪਸ ਆ ਜਾਂਦੀਆਂ ਹਨ।

ਜਿਵੇਂ ਹੀ ਤੁਹਾਡਾ ਬੱਚਾ ਆਪਣੇ ਪਹਿਲੇ ਸਾਲ ਦੇ ਆਖਰੀ ਮਹੀਨੇ ਵਿੱਚ ਦਾਖਲ ਹੁੰਦਾ ਹੈ, ਉਹ ਬਹੁਤ ਸਾਰੀਆਂ ਭਾਵਨਾਵਾਂ ਨੂੰ ਪ੍ਰਦਰਸ਼ਿਤ ਕਰਨ ਦੇ ਸਮਰੱਥ ਹੁੰਦਾ ਹੈ। ਉਹ ਜਾਣੇ ਅਤੇ ਅਣਜਾਣ ਲੋਕਾਂ ਵਿੱਚ ਫਰਕ ਕਰਨ ਦੇ ਯੋਗ ਹੋ ਜਾਂਦੇ ਹਨ। ਹੁਣ ਉਹ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਦੀ ਪੜਚੋਲ ਕਰਨ ਲਈ ਵਧੇਰੇ ਚੰਚਲ ਅਤੇ ਉਤਸੁਕ ਹੋ ਸਕਦੇ ਹਨ। ਉਨ੍ਹਾਂ ਦੀ ਨਵੀਂ ਆਜ਼ਾਦੀ ਉਨ੍ਹਾਂ ਨੂੰ ਸੁਰੱਖਿਆ ਦੀ ਭਾਵਨਾ ਦਿੰਦੀ ਹੈ ਅਤੇ ਕੁਝ ਦੂਰੀ 'ਤੇ ਜਾਣ ਤੋਂ ਬਾਅਦ, ਉਹ ਆਪਣੇ ਪਿਆਰਿਆਂ ਕੋਲ ਵਾਪਸ ਆ ਜਾਂਦੇ ਹਨ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਪੈਨਸ਼ਨ

ਗੁਲਜ਼ਾਰ ਸਿੰਘ ਸੰਧੂ



ਦਲੀਪ ਕੌਰ ਨੂੰ ਆਪਣੇ ਵੱਡੇ ਪੁੱਤਰ ਚਰਨ ਸਿੰਘ ਕੋਲ ਆਇਆਂ ਛੇ ਮਹੀਨੇ ਹੋ ਗਏ ਸਨ। ਚਰਨ ਸਿੰਘ ਦਾ ਇਕੋ ਇੱਕ ਬੱਚਾ ਵੱਡਾ ਹੋ ਰਿਹਾ ਸੀ। ਮਾਂ ਨੇ ਪ੍ਰਸੂਤੀ ਛੁੱਟੀ ਕੱਟ ਕੇ ਆਪਣੇ ਦਫ਼ਤਰ ਹਾਜ਼ਰ ਹੋਣਾ ਸੀ। ਬੱਚੇ ਨੂੰ ਸਾਂਭਣ ਦਾ ਕੰਮ ਦਲੀਪ ਕੌਰ ਹੀ ਕਰ ਸਕਦੀ ਸੀ। ਬਾਪ ਵੀ ਨੌਕਰੀ ਕਰਦਾ ਸੀ। ਮਾਪੇ ਬੱਚੇ ਦੀ ਜ਼ਿੰਮੇਵਾਰੀ ਘਰ ਵਿੱਚ ਕੰਮ ਕਰਨ ਵਾਲੀ ਸੇਵਾਦਾਰਨੀ ਨੂੰ ਨਹੀਂ ਸੀ ਦੇਣਾ ਚਾਹੁੰਦੇ। ਵਿਆਹ ਤੋਂ ਦਸ ਸਾਲ ਪਿਛੋਂ ਹੋਇਆ ਇਹ ਉਨ੍ਹਾਂ ਦਾ ਪਹਿਲਾ ਬੱਚਾ ਸੀ। ਮਸਾਂ ਮਸਾਂ ਦੀ ਦਾਤ।

ਬੱਚੇ ਪਾਲਣਾਂ ਦਲੀਪ ਕੌਰ ਲਈ ਔਖਾ ਨਹੀਂ ਸੀ। ਉਸ ਨੇ ਆਪਣੇ ਪੰਜ ਧੀਆਂ-ਪੁੱਤਰਾਂ ਤੋਂ ਬਿਨਾਂ ਪਿੰਡ ਵਿੱਚ ਰਹਿੰਦਿਆਂ ਆਪਣੀ ਛੋਟੀ ਨੂੰਹ ਦੇ ਦੋ ਬੱਚੇ ਪਾਲ ਕੇ ਵੱਡੇ ਕੀਤੇ ਸਨ। ਛੋਟੀ ਅਧਿਆਪਕਾ ਸੀ ਤੇ ਉਸ ਨੂੰ ਪ੍ਰਸੂਤੀ ਛੁੱਟੀ ਤੋਂ ਬਿਨਾਂ ਹੋਰ ਛੁੱਟੀ ਨਹੀਂ ਸੀ ਮਿਲਦੀ।

ਜਿਥੇ ਛੋਟੀ ਨੂੰਹ ਪਿੰਡ ਦੇ ਸਕੂਲ ਵਿੱਚ ਅਧਿਆਪਕਾ ਸੀ, ਵੱਡੀ ਸ਼ਹਿਰ ਦੇ ਡਿਗਰੀ ਕਾਲਜ ਵਿੱਚ ਮਨੋਵਿਗਿਆਨ ਦੀ ਪ੍ਰੋਫੈਸਰ। ਉਸ ਦੀ ਵਿਦਿਆ ਨੇ ਉਸ ਨੂੰ ਵੱਡੀ ਉਮਰ ਵਾਲਿਆਂ ਨੂੰ ਖੁਸ਼ ਕਰਨ ਦੇ ਢੰਗ-ਤਰੀਕੇ ਦੱਸੇ ਹੋਏ ਸਨ। ਉਹ ਉਂਝ ਵੀ ਪੰਜਾਬ ਤੋਂ ਨਹੀਂ, ਦੱਖਣੀ ਭਾਰਤ ਤੋਂ ਸੀ। ਕੇਰਲ ਤੋਂ।

ਦਲੀਪ ਕੌਰ ਨੂੰ ਭਾਵੇਂ ਸ਼ਹਿਰੀ ਜੀਵਨ ਠੀਕ ਨਹੀਂ ਸੀ ਲਗਦਾ, ਪਰ ਉਹ ਆਪਣੇ ਪੁੱਤਰ ਤੇ ਨੂੰਹ ਦੀ ਮਜਬੂਰੀ ਸਮਝਦੀ ਸੀ। ਉਸ ਨੇ ਆਪਣੇ ਆਂਢ-ਗੁਆਂਢ ਵਿੱਚ ਆਪਣੇ ਵਰਗੀਆਂ ਦੋ ਮਹਿਲਾਵਾਂ ਲੱਭ ਲਈਆਂ ਸਨ ਜਿਨ੍ਹਾਂ ਨਾਲ ਵਕਤ ਮਿਲਣ ਉਤੇ ਆਪਣਾ ਦੁੱਖ-ਸੁੱਖ ਫਰੋਲ ਲੈਂਦੀ ਸੀ।

ਦਾਦੀ ਦੀ ਦੇਖ-ਰੇਖ ਵਿੱਚ ਭਾਵੇਂ ਬੱਚਾ ਠੀਕ ਪਾਲ ਰਿਹਾ ਸੀ, ਫਿਰ ਵੀ ਬੱਚੇ ਦੀ ਮਾਂ ਆਪਣੇ ਮਸਾਂ ਮਸਾਂ ਪ੍ਰਾਪਤ ਹੋਏ ਬਾਲਕ ਨੂੰ ਆਪਣੇ ਢੰਗ ਨਾਲ ਪਾਲਣਾ ਚਾਹੁੰਦੀ ਸੀ। ਪਿੰਡ ਤੋਂ ਆਈ ਦਲੀਪ ਕੌਰ ਇੰਨੀ ਸਾਂਭ-ਸੰਭਾਲ ਵਿੱਚ ਯਕੀਨ ਨਹੀਂ ਸੀ ਰੱਖਦੀ।

ਛੇ ਕੁ ਮਹੀਨੇ ਪਿਛੋਂ ਵੱਡੀ ਨੂੰਹ ਨੇ ਬੱਚੇ ਦੀ ਚੰਗੇਰੀ ਦੇਖ-ਭਾਲ ਵਾਸਤੇ ਆਇਆ ਲੱਭ ਲਈ। ਉਹ ਦਿਨ ਵਿੱਚ ਤਿੰਨ ਵਾਰੀ ਬੱਚੇ ਨੂੰ ਦੇਖਣ ਆਉਂਦੀ ਸੀ। ਸ਼ਹਿਰ ਦੇ ਬੱਚਿਆਂ ਦੀ ਦੇਖ-ਭਾਲ ਦਾ ਅਨੁਭਵ ਰੱਖਣ ਵਾਲੀ ਇਸ ਆਇਆ ਦਾ ਮਾਂ ਦੀ ਦੇਖ-ਭਾਲ ਨਾਲ ਟਕਰਾਅ ਹੋਣਾ ਕੁਦਰਤੀ ਸੀ। ਉਹ ਜਦੋਂ ਵੀ ਸਮਾਂ ਲਗਦਾ, ਨੂੰਹ ਕੋਲ ਦਾਦੀ ਦੀਆਂ ਸ਼ਿਕਾਇਤਾਂ ਲਾਉਣ ਲੱਗੀ।

ਸਮਾਂ ਪਾ ਕੇ, ਆਇਆ ਇਹ ਵੀ ਸੋਚਣ ਲੱਗੀ ਕਿ ਜੇ ਉਸ ਨੂੰ ਇਸ ਘਰ ਵਿੱਚ ਕੁੱਲਵਕਤੀ ਕੰਮ ਮਿਲ ਜਾਵੇ ਤਾਂ ਬਹੁਤ ਚੰਗਾ ਹੈ। ਉਹ ਇਸ ਘਰ ਵਿੱਚ ਇਕੱਲੀ ਰਹੇਗੀ ਤਾਂ ਉਸ ਦੀ ਪੂਰੀ ਸਰਦਾਰੀ ਹੋਵੇਗੀ। ਇਹ ਸਰਦਾਰੀ ਬੱਚੇ ਦੀ ਦਾਦੀ ਦੇ ਘਰ ਹੁੰਦਿਆਂ ਨਹੀਂ ਸੀ ਹੋ ਸਕਦੀ। ਦਾਦੀ ਦੇ ਕੰਮ ਵਿੱਚ ਨੁਕਸ ਕੱਢਣੇ ਔਖੇ ਨਹੀਂ ਸਨ। ਆਇਆ ਆਪਣੇ ਪੈਰ ਜਮਾਉਣ ਵਿੱਚ ਸਫ਼ਲ ਹੋ ਰਹੀ ਸੀ। ਘਰ ਵਿੱਚ ਜਿਉਂ ਜਿਉਂ ਆਇਆ ਦੇ ਪੈਰ ਜੰਮਣੇ ਸਨ, ਦਾਦੀ ਦੇ ਉਖੜਨੇ ਹੀ ਸਨ।

ਦਾਦੀ ਨੇ ਇਹ ਸਮੱਸਿਆ ਗੁਆਂਢੀ ਸਹੇਲੀਆਂ ਨੂੰ ਦੱਸੀ ਤਾਂ ਉਨ੍ਹਾਂ ਨੇ ਵੀ ਹੱਥ ਖੜ੍ਹੇ ਕਰ ਦਿੱਤੇ। ਉਹ ਦਲੀਪ ਕੌਰ ਦੀ ਕੀ ਮਦਦ ਕਰ ਸਕਦੀਆਂ ਸਨ! ਉਹ ਖੁਦ ਇਸ ਪੜਾਅ ਵਿਚੋਂ ਲੰਘ ਕੇ ਨੂੰਹਾਂ ਪੁੱਤਰਾਂ ਦੀ ਮੰਨਣ ਲੱਗ ਪਈਆਂ ਸਨ।

ਉਂਝ ਦਲੀਪ ਕੌਰ ਇੱਕ ਗੱਲੋਂ ਸੁਭਾਗੀ ਸੀ। ਉਹ ਆਪਣੇ ਪਿੰਡ ਵਾਲੇ ਘਰ ਜਾ ਸਕਦੀ ਸੀ। ਪਿੰਡ ਚੇਤੇ ਆਉਣ ਸਾਰ ਉਸ ਦੇ ਮਨ ਉਤੇ ਇਹ ਗੱਲ ਭਾਰੂ ਹੋ ਗਈ ਕਿ ਉਸ ਦੇ ਸ਼ਹਿਰ ਪਹੁੰਚਣ ਤੋਂ ਦੋ ਮਹੀਨੇ ਦੇ ਅੰਦਰ ਅੰਦਰ ਉਸ ਦਾ ਪਤੀ ਚਲਾਣਾ ਕਰ ਗਿਆ ਸੀ। ਉਸ ਵੇਲੇ ਉਸ ਨੂੰ ਪਤੀ ਦੇ ਤੁਰ ਜਾਣਾ ਦਾ ਇੰਨਾ ਗਮ ਨਹੀਂ ਸੀ ਹੋਇਆ, ਕਿਉਂਕਿ ਉਹ ਨਵਜੰਮੇ ਬਾਲ ਨੂੰ ਪਾਲਣ ਵਿੱਚ ਪੂਰੀ ਤਰ੍ਹਾਂ ਰੁੱਝੀ ਹੋਈ ਸੀ। ਨੂੰਹ ਪੁੱਤਰ ਵੀ ਬੱਚੇ ਵੀ ਸਾਂਭ-ਸੰਭਾਲ ਦੇ ਹਿੱਤ ਵਿੱਚ ਮਾਂ ਨੂੰ ਵੱਧ ਤੋਂ ਵੱਧ ਆਦਰ ਮਾਣ ਦੇ ਰਹੇ ਸਨ। ਉਹ ਨਹੀਂ ਸੀ ਜਾਣਦੀ ਕਿ ਇੱਕ ਦਿਨ ਇਸ ਘਰ ਵਿੱਚ ਆਇਆ ਦੇ ਪਰਵੇਸ਼ ਕਰਨ ਨਾਲ ਪਾਸਾ ਹੀ ਪਲਟ ਜਾਣਾ ਸੀ।

ਇਨ੍ਹਾਂ ਦਿਨਾਂ ਵਿੱਚ ਹੀ ਉਸ ਨੇ ਆਪਣੀ ਨੂੰਹ ਨੂੰ ਚਰਨ ਸਿੰਘ ਨਾਲ ਆਇਆ ਨੂੰ ਪੱਕੇ ਤੌਰ 'ਤੇ ਘਰ ਰੱਖਣ ਦੀ ਗੱਲ ਕਰਦੇ ਸੁਣ ਲਿਆ। ਇਸ ਗੱਲਬਾਤ ਵਿੱਚ ਭਾਵੇਂ ਦਲੀਪ ਕੌਰ ਦਾ ਕੋਈ ਜ਼ਿਕਰ ਨਹੀਂ ਸੀ, ਪਰ ਉਹ ਜਾਣਦੀ ਸੀ ਕਿ ਆਇਆ ਦੇ ਰਾਤ ਦਿਨ ਘਰ ਰਹਿਣ ਦੀ ਸੂਰਤ ਵਿੱਚ ਇਸ ਘਰ ਵਿੱਚ ਉਸ ਦੀ ਹੋਂਦ ਫਾਲਤੂ ਹੋ ਜਾਣੀ ਸੀ।

ਇਹ ਗੱਲ ਮਨ ਵਿੱਚ ਆਉਂਦੇ ਸਾਰ ਉਹ ਆਪਣੇ ਪਿੰਡ ਵਾਲੇ ਘਰ ਪਿਛਲੇ ਇੱਕ ਸਾਲ ਵਿੱਚ ਆਈ ਤਬਦੀਲੀ ਬਾਰੇ ਸੋਚਣ ਲੱਗੀ। ਹੁਣ ਉਥੇ ਨਾ ਉਹਦਾ ਪਤੀ ਸੀ ਤੇ ਨਾ ਉਹ ਆਪ। ਨਿਸਚੇ ਹੀ ਉਸ ਘਰ ਹੁਣ ਉਸ ਦੀ ਛੋਟੀ ਨੂੰਹ ਦੀ ਸਰਦਾਰੀ ਸੀ। ਉਹ ਇਹ ਵੀ ਜਾਣਦੀ ਸੀ ਕਿ ਉਸ ਦੇ ਛੋਟੇ ਪੁੱਤਰ ਨੂੰ ਅਜਿਹੀ ਸਰਦਾਰੀ ਦਾ ਕੋਈ ਸ਼ੌਕ ਨਹੀਂ ਸੀ। ਸਹੁਰੇ ਦੇ ਅਕਾਲ ਚਲਾਣੇ ਤੋਂ ਪਿਛੋਂ ਘਰ ਦੀ ਸਾਰੀ ਜ਼ਿੰਮੇਵਾਰੀ ਛੋਟੀ ਨੂੰਹ ਨੇ ਸੰਭਾਲ ਲਈ ਸੀ। ਦਾਣਾ-ਫੱਕਾ, ਦੁੱਧ-ਦਹੀਂ ਤੇ ਘੀ-ਸ਼ੱਕਰ, ਖੁਦ ਹੀ ਸਾਂਭਦੀ ਸੀ। ਭਲੇ ਸਮਿਆਂ ਵਿੱਚ ਇਨ੍ਹਾਂ ਵਸਤਾਂ ਦੀ ਮਾਲਕ ਦਲੀਪ ਕੌਰ ਸੀ। ਉਸ ਦਾ ਪਤੀ ਭਾਰਤੀ ਸੈਨਾ ਵਿੱਚ ਨੌਕਰ ਹੋਣ ਕਾਰਨ ਸਾਲ ਵਿਚੋਂ ਕੇਵਲ ਉਦੋਂ ਹੀ ਘਰ ਆਉਂਦਾ ਸੀ ਜਦੋਂ ਉਸ ਨੂੰ ਛੁੱਟੀ ਮਿਲਦੀ ਸੀ। ਜਦੋਂ ਦੂਜੀ ਵੱਡੀ ਜੰਗ ਦੇ ਦਿਨਾਂ ਵਿੱਚ ਉਸ ਨੂੰ ਤਿੰਨ ਸਾਲ ਛੁੱਟੀ ਨਹੀਂ ਸੀ ਮਿਲੀ, ਤਾਂ ਉਹ ਉਪਜ ਤੇ ਉਸ ਤੋਂ ਪ੍ਰਾਪਤ ਹੋਈ ਆਮਦਨ ਦੀ ਖੁਦ ਮਾਲਕ ਹੁੰਦੀ ਸੀ।

ਪਿੰਡ ਦੀਆਂ ਬਾਕੀ ਮਹਿਲਾਵਾਂ ਦੀ ਹਾਲਤ ਉਹਦੇ ਵਾਲੀ ਨਹੀਂ ਸੀ। ਉਨ੍ਹਾਂ ਵਿਚੋਂ ਬਹੁਤੀਆਂ ਘਰ ਦੇ ਦਾਣੇ ਅਤੇ ਘੀ ਚੋਰੀ ਚੋਰੀ ਵੇਚ ਕੇ ਕੁਝ ਪੈਸੇ ਆਪਣੀ ਮਰਜ਼ੀ ਨਾਲ ਵਰਤਣ ਲਈ ਛੁਪਾ ਕੇ ਰੱਖਦੀਆਂ ਸਨ।

ਵੱਡੀ ਨੂੰਹ ਦੀ ਚਰਨ ਸਿੰਘ ਨਾਲ ਹੋਈ ਗੱਲਬਾਤ ਨੇ ਉਸ ਨੂੰ ਉਦਾਸ ਕਰ ਦਿੱਤਾ ਸੀ। ਹੁਣ ਉਸ ਨੂੰ ਸ਼ਹਿਰ ਵਾਲਾ ਘਰ ਛੱਡ ਕੇ ਆਪਣੇ ਪਿੰਡ ਵਾਲੇ ਘਰ ਜਾਣਾ ਪੈ ਸਕਦਾ ਸੀ। ਉਸ ਘਰ ਜਿਥੇ ਸਾਲ ਭਰ ਗੈਰ-ਹਾਜ਼ਰ ਰਹਿਣ ਕਾਰਨ ਉਸ ਦੀ ਛੋਟੀ ਨੂੰਹ ਪੂਰੀ ਤਰ੍ਹਾਂ ਕਾਬਜ਼ ਹੋ ਚੁੱਕੀ ਸੀ। ਉਸ ਦਿਨ ਜਦੋਂ ਨੂੰਹ ਦਫਤਰੋਂ ਘਰ ਆਈ ਤਾਂ ਬੱਚਾ ਮੂੰਹ ਵਿੱਚ ਪਾਇਆ ਨਿੱਪਲ ਚੂਸ ਰਿਹਾ ਸੀ। ਨੂੰਹ ਨੇ ਬੱਚੇ ਦੇ ਮੂੰਹ ਵਿਚੋਂ ਨਿੱਪਲ ਕੱਢ ਕੇ ਇੱਕ ਪਾਸੇ ਵਗਾਹ ਮਾਰਿਆ ਤੇ ਦਲੀਪ ਕੌਰ ਵੱਲ ਇੱਦਾਂ ਘੂਰ ਕੇ ਦੇਖਿਆ ਜਿਵੇਂ ਉਸ ਨੇ ਬੱਚੇ ਦੇ ਮੂੰਹ ਵਿੱਚ ਜ਼ਹਿਰੀਲੀ ਚੀਜ਼ ਦੇ ਰੱਖੀ ਸੀ। ਨੂੰਹ ਦਾ ਮੱਤ ਸੀ ਕਿ ਨਿੱਪਲ ਚੂਸਣ ਦੀ ਆਦਤ ਪੈ ਗਈ ਤਾਂ ਬੱਚੇ ਦੇ ਦੰਦ ਨਿਕਲਣ ਸਮੇਂ ਉਸ ਦੇ ਦੰਦ ਉਚੇ ਹੋ ਜਾਣਗੇ ਤੇ ਉਹ ਵੇਖਣ ਨੂੰ ਕਰੂਪ ਹੋ ਜਾਵੇਗਾ। ਇਹ ਗੱਲ ਤਾਂ ਦਲੀਪ ਕੌਰ ਵੀ ਜਾਣਦੀ ਸੀ, ਪਰ ਅੱਜ ਵਾਲੀ ਨਿਰਾਸ਼ਤਾ ਕਾਰਨ ਉਹ ਬੱਚੇ ਵਲ ਧਿਆਨ ਨਹੀਂ ਸੀ ਦੇ ਸਕੀ।

ਜੇ ਤੁਹਾਡਾ ਇਸ ਘਰ ਵਿੱਚ ਜੀ ਨਹੀਂ ਲਗਦਾ ਤੇ ਪਿੰਡ ਵਾਲਾ ਘਰ ਵਧੇਰੇ ਚੇਤੇ ਆਉਂਦਾ ਹੈ ਤਾਂ ਮੈਂ ਤੁਹਾਨੂੰ ਉਥੇ ਹੀ ਛੱਡ ਆਉਂਦੀ ਹਾਂ। ਨੂੰਹ ਦੇ ਇਸ ਵਾਕ ਨੇ ਸੱਸ ਦੇ ਪੈਰਾਂ ਥੱਲਿਓਂ ਧਰਤੀ ਖਿੱਚ ਲਈ। ਨਿਸਚੇ ਹੀ ਉਹ ਘੜੀ ਨੇੜੇ ਆ ਗਈ ਸੀ ਜਿਸ ਦਾ ਉਸ ਨੂੰ ਡਰ ਸੀ। ਉਸ ਦੇ ਕੰਨਾਂ ਵਿੱਚ ਨੂੰਹ ਅਤੇ ਚਰਨ ਸਿੰਘ ਦੀ ਸਵੇਰ ਵਾਲੀ ਘੁਸਰ-ਮੁਸਰ ਵੀ ਗੂੰਜਣ ਲੱਗੀ।

ਦਲੀਪ ਕੌਰ ਆਪਣੇ ਚਿਹਰੇ ਦੀ ਨਮੋਸ਼ੀ ਛੁਪਾਉਣ ਵਾਸਤੇ ਬੱਚੇ ਕੋਲੋਂ ਉਠ ਕੇ ਆਪਣੇ ਕਮਰੇ ਵਿੱਚ ਚਲੀ ਗਈ। ਉਸ ਨੂੰ ਹੁਣ ਪੱਕਾ ਯਕੀਨ ਹੋ ਗਿਆ ਸੀ ਕਿ ਉਹਦੇ ਲਈ ਇਸ ਘਰ ਵਿੱਚ ਕੋਈ ਥਾਂ ਨਹੀਂ। ਇਹ ਵੀ ਕਿ ਆਪਣੇ ਵੱਡੇ ਪੁੱਤਰ ਦਾ ਬੱਚਾ ਪਾਲਣ ਦੇ ਸ਼ੌਕ ਵਿੱਚ ਉਹ ਆਪਣਾ ਪਿੰਡ ਵਾਲਾ ਘਰ ਗਵਾ ਬੈਠੀ ਸੀ। ਇੱਕ ਸਾਲ ਲੰਘਣ ਨਾਲ ਉਸ ਘਰ ਉਤੇ ਉਸ ਦਾ ਰਹਿੰਦਾ-ਖੂੰਹਦਾ ਹੱਕ ਵੀ ਜਾਂਦਾ ਰਿਹਾ ਸੀ। ਖੇਤੀ ਦੀ ਉਪਜ ਤੋਂ ਆਉਣ ਵਾਲੀ ਆਮਦਨ ਵਿਚੋਂ ਉਸ ਨੂੰ ਜੋ ਕੁਝ ਮਿਲ ਸਕਦਾ ਸੀ, ਮੰਗ ਕੇ ਲੈਣਾ ਪੈਣਾ ਸੀ। ਆਪਣਿਆਂ ਦੀ ਸੇਵਾ ਕਰਨ ਵਾਸਤੇ ਵੀ ਛੋਟੀ ਨੂੰਹ ਦੇ ਮੂੰਹ ਵੱਲ ਤਕਣਾ ਪੈਣਾ ਸੀ।

ਹੁਣ ਉਹਦੇ ਵਾਸਤੇ ਵਾਪਸ ਆਪਣੇ ਪਿੰਡ ਵਾਲੇ ਘਰ ਜਾਣਾ ਇੰਨਾ ਔਖਾ ਲੱਗ ਰਿਹਾ ਸੀ ਕਿ ਉਸ ਨੂੰ ਆਪਣੀ ਵੱਡੀ ਨੂੰਹ ਦੀਆਂ ਚੰਗੀਆਂ ਗੱਲਾਂ ਚੇਤੇ ਆਉਣ ਲੱਗੀਆਂ। ਪਹਿਲੇ ਹੀ ਦਿਨ ਆਪਣਾ ਬੱਚਾ ਉਸ ਨੂੰ ਸੰਭਾਲ ਕੇ ਜਾਣ ਲੱਗਿਆਂ ਵੱਡੀ ਨੂੰਹ ਨੇ ਉਸ ਦੀ ਤਲੀ ਉਤੇ ਜਿਹੜਾ ਸੌ ਰੁਪਏ ਦਾ ਨੋਟ ਰੱਖਿਆ ਸੀ, ਉਹ ਮੁੜ ਮੁੜ ਚੇਤੇ ਆ ਰਿਹਾ ਸੀ, ਖਾਸ ਕਰ ਕੇ ਉਸ ਦਾ ਇਹ ਕਹਿਣਾ, ਮੈਂ ਕੇਰਲ ਦੇ ਕਾਮਰੇਡਾਂ ਦੀ ਧੀ ਹਾਂ, ਕਿਸੇ ਧਰਮ ਅਸਥਾਨ ਨੂੰ ਨਹੀਂ ਪੂਜਦੀ, ਪਰ ਆਪਣਾ ਦਸਵੰਧ ਕੱਢ ਰਹੀ ਹਾਂ, ਡੇਢ ਹਜ਼ਾਰ ਰੁਪਏ ਮਹੀਨੇ ਕਮਾ ਰਹੀ ਨੂੰਹ ਲਈ ਸੌ ਰੁਪਿਆ ਦੇਣਾ ਕੋਈ ਔਖਾ ਨਹੀਂ ਸੀ।

ਦਸਵੰਧ ਇਕੋ ਇੱਕ ਸ਼ਬਦ ਸੀ ਜਿਹੜਾ ਕਿਸੇ ਕਾਰਨ ਪਹਿਲੇ ਦਿਨ ਤੋਂ ਹੀ ਉਸ ਦੀ ਨੂੰਹ ਨੂੰ ਭਾ ਗਿਆ ਸੀ। ਉਹ ਭਾਵੇਂ ਰਹੁ-ਰੀਤਾਂ ਨਹੀਂ ਸੀ ਮੰਨਦੀ, ਪਰ ਉਸ ਨੂੰ ਸਿੱਖੀ ਮਰਯਾਦਾ ਅਨੁਸਾਰ ਦਸਵੰਧ ਕੱਢਣ ਦੀ ਰੀਤ ਚੰਗੀ ਲੱਗੀ ਸੀ। ਉਸ ਨੂੰ ਇਸ ਸ਼ਬਦ ਦੀ ਵਰਤੋਂ ਕਰਨੀ ਵੀ ਚੰਗੀ ਲਗਦੀ ਸੀ। ਉਹ ਹਰ ਮਹੀਨੇ ਦਲੀਪ ਕੌਰ ਨੂੰ ਇਹ ਪੈਸੇ ਦੇਣ ਸਮੇਂ ਇਨ੍ਹਾਂ ਨੂੰ ਦਸਵੰਧ ਕੱਢਣਾ ਕਹਿੰਦੀ ਹੁੰਦੀ ਸੀ। ਦਲੀਪ ਕੌਰ ਇਸ ਨੂੰ ਹਰ ਮਹੀਨੇ ਮਿਲਦੀ ਪੈਨਸ਼ਨ ਕਹਿੰਦੀ ਸੀ।

ਪਿੰਡ ਨੂੰ ਵਾਪਸ ਜਾਣ ਦਾ ਖਿਆਲ ਆਉਂਦਿਆਂ ਉਸ ਨੂੰ ਵੱਡੀ ਨੂੰਹ ਹੋਰ ਵੀ ਚੰਗੀ ਲੱਗ ਰਹੀ ਸੀ, ਉਸ ਦਾ ਕਾਮਰੇਡਾਂ ਦੀ ਧੀ ਹੋਣਾ, ਖਾਸ ਕਰ ਕੇ ਆਪਣਾ ਦਸਵੰਧ ਕਿਸੇ ਪੂਜ ਸਥਾਨ ਦੀ ਥਾਂ ਅਪਣੀ ਸੱਸ ਲਈ ਕੱਢਣਾ ਕੋਈ ਛੋਟੀ ਗੱਲ ਨਹੀ ਸੀ ਜਿਸ ਨੂੰ ਦਲੀਪ ਕੌਰ ਪੈਨਸ਼ਨ ਕਹਿੰਦੀ ਸੀ। ਪਹਿਲੇ ਦਿਨ ਤਾਂ ਦਲੀਪ ਕੌਰ ਨੂੰ ਇਹ ਪੈਸੇ ਬਹੁਤ ਓਪਰੇ ਜਾਪੇ ਸਨ, ਪਰ ਜਦੋਂ ਹਰ ਮਹੀਨੇ ਮਿਲਣ ਲੱਗੇ ਤਾਂ ਉਸ ਨੂੰ ਚੰਗੇ ਲੱਗਣ ਲੱਗ ਪਏ। ਇਸ ਪੈਨਸ਼ਨ ਨੇ ਉਸ ਨੂੰ ਉਨ੍ਹਾਂ ਨੂੰਹਾਂ ਧੀਆਂ ਦੇ ਬਰਾਬਰ ਕਰ ਦਿੱਤਾ ਸੀ ਜਿਨ੍ਹਾਂ ਦੀ ਬੱਧੀ ਤਨਖਾਹ ਉਤੇ ਉਸ ਨੂੰ ਰਸ਼ਕ ਆਉਂਦਾ ਸੀ।

ਦਲੀਪ ਕੌਰ ਜਾਣਦੀ ਸੀ ਕਿ ਉਸ ਦੀ ਵੱਡੀ ਨੂੰਹ ਬਹੁਤ ਥੋੜ੍ਹੇ ਸ਼ਬਦ ਬੋਲਣ ਵਾਲਾ ਜੀਵ ਹੈ ਤੇ ਜਦੋਂ ਬੋਲਦੀ ਹੈ, ਉਸ ਉਤੇ ਪਹਿਰਾ ਦਿੰਦੀ ਹੈ। ਜੇ ਉਸ ਨੇ ਕਿਹਾ ਸੀ ਕਿ ਦਲੀਪ ਕੌਰ ਨੂੰ ਪਿੰਡ ਛੱਡ ਆਉਂਦੇ ਹਾਂ ਤਾਂ ਪੁੱਤ ਨੇ ਇਸ ਤਰ੍ਹਾਂ ਕਰ ਹੀ ਦੇਣਾ ਸੀ, ਉਹ ਉਸ ਦਾ ਕਿਹਾ ਮੰਨਦਾ ਸੀ। ਇਹ ਸੋਚ ਉਹ ਹੋਰ ਵੀ ਉਦਾਸ ਹੋ ਗਈ। ਇਸ ਘਰ ਆ ਕੇ ਅੱਜ ਪਹਿਲੀ ਵਾਰ ਸੀ ਕਿ ਉਸ ਦੀ ਰਾਤ ਦੀ ਨੀਂਦ ਉਚਾਟ ਹੋਈ ਸੀ।

ਉਹੀਓ ਹੋਇਆ ਜੋ ਹੋਣਾ ਸੀ। ਸਵੇਰੇ ਦਫਤਰ ਜਾਣ ਤੋਂ ਪਹਿਲਾਂ ਉਸ ਦੇ ਪੁੱਤਰ ਨੇ ਉਸ ਨੂੰ ਕਹਿ ਹੀ ਦਿੱਤਾ ਕਿ ਉਹ ਆਉਂਦੇ ਐਤਵਾਰ ਪੱਕੇ ਤੌਰ 'ਤੇ ਪਿੰਡ ਜਾਣ ਦੀ ਤਿਆਰੀ ਕਰ ਲਵੇ।

ਚਰਨ ਸਿੰਘ ਦੇ ਦੋ-ਟੁੱਕ ਐਲਾਨ ਤੋਂ ਪਿਛੋਂ ਅਗਲਾ ਸਾਰਾ ਦਿਨ ਦਲੀਪ ਕੌਰ ਆਇਆ ਦੇ ਚਿਹਰੇ ਵੱਲ ਤੱਕਦੀ ਰਹੀ। ਉਸ ਦੇ ਜਿੱਤ ਗਈ ਹੋਣ ਦਾ ਪ੍ਰਭਾਵ ਚਿਹਰੇ ਤੋਂ ਸਪਸ਼ਟ ਸੀ। ਉਹ ਘਰ ਵਿੱਚ ਮਾਲਕਾਂ ਵਾਂਗ ਵਿਚਰ ਰਹੀ ਸੀ।

ਦਲੀਪ ਕੌਰ ਨੂੰ ਆਪਣੇ ਨੂੰਹ ਪੁੱਤ ਦਾ ਫੈਸਲਾ ਬੁਰਾ ਤਾਂ ਲੱਗਿਆ, ਪਰ ਉਹ ਪੀ ਗਈ। ਉਸ ਨੇ ਆਪਣੇ ਹੁਣ ਤੱਕ ਜਮ੍ਹਾਂ ਹੋਏ ਪੈਸੇ ਤੇ ਬਾਕੀ ਦਾ ਸਾਮਾਨ ਬੰਨ੍ਹ ਲਿਆ ਤੇ ਐਤਵਾਰ ਦੀ ਉਡੀਕ ਕਰਨ ਲੱਗੀ। ਅਣਮੰਗੀ ਪੈਨਸ਼ਨ ਦੇ ਪੈਸੇ ਸਾਂਭਦਿਆਂ ਉਸ ਨੂੰ ਜਾਪਿਆ ਕਿ ਅੱਗੇ ਤੋਂ ਇਹ ਪੈਸੇ ਉਸ ਨੂੰ ਨਹੀਂ ਮਿਲਣੇ। ਉਹ ਹੋਰ ਉਦਾਸ ਹੋ ਗਈ।

ਐਤਵਾਰ ਨੂੰ ਵੱਡੇ ਪੁੱਤਰ ਦਾ ਘਰ ਛੱਡਣ ਵੇਲੇ ਪਹਿਲਾਂ ਉਸ ਨੇ ਆਪਣੇ ਪੁੱਤਰ ਨੂੰ ਪਿਆਰ ਦਿੱਤਾ, ਫਿਰ ਨੂੰਹ ਨੂੰ, ਫਿਰ ਬੱਚੇ ਨੂੰ ਗੋਦ ਲੈ ਕੇ ਇੰਝ ਚੁੰਮਿਆ ਜਿਵੇਂ ਕੋਈ ਆਪਣੇ ਕੋਲੋਂ ਜ਼ਬਰਦਸਤੀ ਖੋਹੇ ਗਏ ਬੱਚੇ ਨੂੰ ਚੁੰਮਦਾ ਹੈ।

ਇਸ ਤੋਂ ਪਿਛੋਂ ਉਸ ਨੇ ਉਹ ਵਾਕ ਬੋਲ ਹੀ ਦਿੱਤਾ ਜਿਸ ਨੂੰ ਬੋਲਣ ਤੋਂ ਝਿਜਕਦੀ ਸੀ। ਬੋਲਦੀ ਵੀ ਕਿਉਂ ਨਾ? ਇਹ ਘਰ ਉਸ ਦੇ ਪੁੱਤਰ ਦਾ ਸੀ ਜਿਸ ਨੂੰ ਉਸ ਨੇ ਪਾਲਿਆ ਸੀ। ਉਸ ਦੀ ਪਤਨੀ ਵੀ ਪੁੱਤਰ ਦੇ ਉਸ ਸੁਭਾਅ ਦੇ ਪਿਛੇ ਲੱਗੀ ਸੀ ਜਿਹੜਾ ਉਸ ਨੇ ਜਾਂ ਉਸ ਦੇ ਸੈਨਿਕ ਪਿਤਾ ਨੇ ਉਸ ਨੂੰ ਦਿੱਤਾ ਸੀ। ਫਿਰ ਵੀ ਉਹ ਪੁੱਤਰ ਦੀ ਥਾਂ ਨੂੰਹ ਨੂੰ ਸੰਬੋਧਨ ਹੋ ਕੇ ਬੋਲੀ: ਧੀਏ! ਮੈਨੂੰ ਪਿੰਡ ਵਾਲੇ ਘਰ ਹੋਰ ਕਿਸੇ ਚੀਜ਼ ਦਾ ਘਾਟਾ ਨਹੀਂ, ਸਿਵਾਏ ਨਕਦ ਪੈਸਿਆਂ ਦੇ। ਮੇਰੇ ਪਿੰਡ ਗਿਆਂ ਮੇਰੀ ਪੈਨਸ਼ਨ ਨਾ ਬੰਦ ਕਰੀਂ। ਤੇਰਾ ਬੱਚਾ ਭਾਗਾਂ ਵਾਲਾ ਹੋਊ, ਕਹਿ ਕੇ ਉਸ ਨੇ ਉਹ ਬੱਚਾ ਆਪਣੀ ਨੂੰਹ ਨੂੰ ਫੜਾਇਆ ਤੇ ਨੂੰਹ ਦੇ ਸਿਰ ਉਤੇ ਦੁਬਾਰਾ ਪਿਆਰ ਦਿੱਤਾ।

ਨੂੰਹ ਦਾ ਵੀ ਗਲਾ ਭਰ ਆਇਆ, ਖਾਸ ਕਰ ਕੇ ਇਹ ਸੋਚ ਕੇ, ਕਿ ਉਸ ਦੀ ਸੱਸ ਲਈ ਸੌ ਰੁਪਿਆ ਮਹੀਨਾ ਕਿੰਨਾ ਮਹੱਤਵ ਰੱਖਦਾ ਸੀ। ਪੈਸੇ ਦੇ ਮਹੱਤਵ ਬਾਰੇ ਸੋਚ ਕੇ ਉਸ ਦਾ ਗੱਚ ਭਰ ਆਇਆ। ਮਨੋਵਿਗਿਆਨ ਦੀ ਵਿਦਿਆ ਅਤੇ ਪੈਸੇ ਲਈ ਤਰਲੇ ਲੈਂਦੇ ਕਈ ਹੋਰ ਬਜ਼ੁਰਗਾਂ ਤੋਂ ਜਾਣੂ ਹੋਣ ਕਾਰਨ ਉਹ ਇਸ ਦਾ ਮਹੱਤਵ ਆਮ ਲੋਕਾਂ ਨਾਲੋਂ ਵੱਧ ਜਾਣਦੀ ਸੀ। ਚਿੰਤਾ ਨਾ ਕਰੋ ਮਾਤਾ ਸੀ। ਜੇ ਇਕੱਠੇ ਲੈਣੇ ਹਨ ਤਾਂ ਹੁਣੇ ਲੈ ਜਾਵੋ। ਨਹੀਂ ਤਾਂ ਹਰ ਮਹੀਨੇ ਪਹੁੰਚ ਜਾਇਆ ਕਰਨਗੇ। ਕਹਿ ਕੇ ਉਸ ਨੇ ਪਰਸ ਆਪਣੀ ਸੱਸ ਵਲ ਵਧਾਇਆ। ਉਹ ਜਾਣਦੀ ਸੀ ਕਿ ਉਸ ਦੀ ਸੱਸ ਦਿਲ ਦੀ ਮਾੜੀ ਨਹੀਂ ਸੀ। ਉਹ ਤਾਂ ਕੇਵਲ ਹਾਲਤ ਦੀ ਸ਼ਿਕਾਰ ਸੀ। ਪੀੜ੍ਹੀ ਪਾੜੇ ਦੀ।

ਮੈਨੂੰ ਕੋਈ ਬੇਇਤਬਾਰੀ ਐ ਧੀਏ? ਤੁਸੀਂ ਜਿਉਂਦੇ ਵੱਸਦੇ ਰਹੋ, ਕਹਿ ਕੇ ਦਲੀਪ ਕੌਰ ਨੇ ਨੂੰਹ ਦਾ ਪਰਸ ਸੱਜੇ ਹੱਥ ਨਾਲ ਪਰ੍ਹੇ ਕਰਦਿਆਂ ਆਪਣੀ ਨੂੰਹ ਅਤੇ ਪੋਤਰੇ ਨੂੰ ਇੱਕ ਵਾਰੀ ਫਿਰ ਪਿਆਰ ਦਿੱਤਾ ਤੇ ਨੇੜੇ ਖਲੋਤੀ ਆਇਆ ਵੱਲ ਮੂੰਹ ਕੀਤੇ ਬਿਨਾਂ ਬਾਹਰ ਖੜ੍ਹੀ ਕਾਰ ਵੱਲ ਤੁਰ ਪਈ।

ਪੁੱਤਰ ਦੀ ਕਾਰ ਵਿੱਚ ਆਪਣੇ ਪਿੰਡ ਨੂੰ ਜਾਂਦਿਆਂ ਉਸ ਦੇ ਮਨ ਵਿੱਚ ਵੱਡੀ ਨੂੰਹ ਦੀ ਵਡਿਆਈ ਘੁੰਮ ਰਹੀ ਸੀ। ਉਹ ਜਾਣਦੀ ਸੀ ਕਿ ਨੂੰਹ ਬਚਨਾਂ ਦੀ ਪੱਕੀ ਹੈ। ਉਸ ਦੇ ਬੋਲਾਂ ਨੇ ਦਲੀਪ ਕੌਰ ਲਈ ਪਿੰਡ ਵਾਲਾ ਘਰ ਉਨਾ ਹੀ ਪਿਆਰਾ ਬਣਾ ਦਿੱਤਾ ਜਿੰਨਾ ਉਸ ਦੇ ਪਤੀ ਦੇ ਜੀਵਤ ਹੁੰਦਿਆਂ ਸੀ। ਖਾਣ ਪਹਿਨਣ ਦੀ ਤਾਂ ਪਹਿਲਾਂ ਵੀ ਕੋਈ ਦਿੱਕਤ ਨਹੀਂ ਸੀ। ਫੁਟਕਲ ਖਰਚਿਆਂ ਲਈ ਛੋਟੇ ਨੂੰਹ-ਪੁੱਤ ਦੇ ਹੱਥਾਂ ਵੱਲ ਵੇਖਣ ਦੀ ਲੋੜ ਨਹੀਂ ਸੀ ਰਹੀ।

ਮਨ ਹੀ ਮਨ ਵਿੱਚ ਨੂੰਹ ਦੇ ਦਸਵੰਧਾਂ ਬਾਰੇ ਸੋਚਦਿਆਂ ਉਸ ਨੂੰ ਰਸਤੇ ਦੇ ਸਾਰੇ ਰੁੱਖ ਅਤੇ ਖੇਤ ਆਪਣੇ ਲੱਗ ਰਹੇ ਸਨ।

## ਪੰਚਤੰਤਰ ਬਾਲ ਕਹਾਣੀ

# ਨੀਲਾ ਗਿੱਦੜ

ਪੁਰਾਣੇ ਸਮੇਂ ਦੀ ਗੱਲ ਹੈ । ਇੱਕ ਗਿੱਦੜ ਘੁੰਮਦਾ ਹੋਇਆ ਸ਼ਹਿਰ ਵਿੱਚ ਆ ਵੜਿਆ। ਉੱਥੇ ਉਸ ਨੂੰ ਘੁੰਮਦੇ ਨੂੰ ਦੇਖ ਕੇ ਸ਼ਹਿਰ ਦੇ ਕੁੱਤੇ ਭੌਂਕਣ ਲੱਗੇ ਅਤੇ ਉਸ ਦੇ ਮਗਰ ਦੌੜ ਪਏ। ਦੌੜਦਾ ਹੋਇਆ ਗਿੱਦੜ ਲਲਾਰੀ ਦੇ ਰੰਗ ਵਾਲੇ ਮੱਟ ਵਿੱਚ ਡਿੱਗ ਪਿਆ। ਜਦੋਂ ਗਿੱਦੜ ਮੱਟ ਵਿੱਚੋਂ ਬਾਹਰ ਨਿਕਲਿਆ ਤਾਂ ਉਸ ਦਾ ਸਰੀਰ ਰੰਗ ਚੜ੍ਹਨ ਨਾਲ ਨੀਲਾ ਹੋ ਗਿਆ ਸੀ।

ਉਹ ਦੌੜਦਾ-ਦੌੜਦਾ ਜੰਗਲ ਵਿੱਚ ਚਲਾ ਗਿਆ। ਜੰਗਲ ਵਿੱਚ ਪਹੁੰਚ ਕੇ ਗਿੱਦੜ ਨੇ ਜੰਗਲ ਦੇ ਜੀਵ-ਜੰਤੂਆਂ ਅਤੇ ਪੰਛੀਆਂ ਦਾ ਇਕੱਠ ਸੱਦਿਆ। ਜੰਗਲ ਦੇ ਵਾਸੀਆਂ ਨੂੰ ਸੰਬੋਧਨ ਹੁੰਦਾ ਉਹ ਆਖਣ ਲੱਗਾ, "ਜੰਗਲ ਵਾਸੀਓ, ਮੈਂ ਰੱਬੀ ਫਰਿਸ਼ਤਾ ਹਾਂ, ਮੈਨੂੰ ਰੱਬ ਨੇ ਤੁਹਾਡੀ ਸੇਵਾ ਲਈ ਭੇਜਿਆ ਹੈ। ਇਸ ਲਈ ਅੱਜ ਤੋਂ ਮੈਂ ਤੁਹਾਡਾ ਰਾਜਾ ਹੋਵਾਂਗਾ।" ਜੰਗਲ ਦੇ ਸਭ ਵਾਸੀਆਂ ਨੇ ਉਸ ਨੂੰ ਆਪਣਾ ਰਾਜਾ ਮੰਨ ਲਿਆ ਸੀ।

ਦਿਨ ਲੰਘਦੇ ਗਏ, ਗਿੱਦੜ ਝੂਠ ਬੋਲ ਕੇ ਜੰਗਲ ਦਾ ਰਾਜਾ ਬਣ ਗਿਆ ਸੀ। ਇਸ ਤਰ੍ਹਾਂ ਝੂਠ ਅਤੇ ਚਲਾਕੀ ਨਾਲ ਉਹ ਆਪਣਾ ਰਾਜ-ਪ੍ਰਬੰਧ ਚਲਾਉਣ ਲੱਗਾ। ਇੱਕ ਦਿਨ



ਉਹ ਆਪਣੇ ਅੰਗ-ਰੱਖਿਅਕਾਂ ਅਤੇ ਸਲਾਹਕਾਰਾਂ ਨਾਲ ਕਿਧਰੇ ਜਾ ਰਿਹਾ ਸੀ ਕਿ ਉਸ ਦੇ ਕੰਨੀਂ ਗਿੱਦੜਾਂ ਦੇ ਹੁਆਂਕਣ ਦੀ ਆਵਾਜ਼ ਪਈ। ਉਸ ਤੋਂ ਰਿਹਾ ਨਾ ਗਿਆ, ਉਹ ਵੀ ਉਨ੍ਹਾਂ ਦੀ ਰੀਸੇ ਉੱਚੀ-ਉੱਚੀ ਹੁਆਂਕਣ ਲੱਗ ਪਿਆ। ਅੰਗ ਰੱਖਿਅਕਾਂ ਜਿਨ੍ਹਾਂ ਵਿੱਚ ਚੀਤਾ ਅਤੇ ਬਘਿਆੜ ਵੀ ਸੀ, ਨੂੰ ਗਿੱਦੜ ਦੇ ਝੂਠ ਅਤੇ ਚਲਾਕੀ 'ਤੇ ਬਹੁਤ ਗੁੱਸਾ ਆ ਗਿਆ ਕਿ ਕਿਸ ਤਰ੍ਹਾਂ ਉਹ ਝੂਠ ਬੋਲ ਕੇ ਉਨ੍ਹਾਂ ਦਾ ਰਾਜਾ ਬਣ ਗਿਆ ਸੀ। ਉਨ੍ਹਾਂ ਨੇ ਝਪਟ ਕੇ ਗਿੱਦੜ ਨੂੰ ਮਾਰ ਦਿੱਤਾ।ਬੱਚਿਓ, ਇਸ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਨੂੰ ਝੂਠ ਨਹੀਂ ਬੋਲਣਾ ਚਾਹੀਦਾ ਤੇ ਸਦਾ ਸੱਚ ਬੋਲਣਾ ਚਾਹੀਦਾ ਹੈ।




## ਚੰਨ ਦੀ ਮੂਰਤ

ਸੁਖਵਿੰਦਰ ਅੰਮ੍ਰਿਤ

ਉਨ੍ਹਾਂ ਦੀ ਬਹਿਸ ਨਾ ਮੁੱਕੀ ਮੈਂ ਅਪਣੀ ਗੱਲ ਮੁਕਾ ਦਿੱਤੀ
ਹਨ੍ਹੇਰੇ ਦੇ ਸਫ਼ੇ ’ਤੇ ਚੰਨ ਦੀ ਮੂਰਤ ਬਣਾ ਦਿੱਤੀ
ਹਨ੍ਹੇਰੇ ਦੀ ਹਕੂਮਤ ਸੀ ਤੇ ਦਿੱਲੀ ਦਾ ਚੌਰਾਹਾ ਸੀ
ਉਨ੍ਹੇ ਸਿਰ ਵਾਰ ਕੇ ਅਪਦਾ ਸਦੀਵੀ ਲੋਅ ਜਗਾ ਦਿੱਤੀ
ਮੇਰੇ ਅਹਿਸਾਸ ਦੀ ਅਗਨੀ ਤੋਂ ਜਦ ਭੈਭੀਤ ਹੋ ਉੱਠੇ
ਉਨ੍ਹਾਂ ਨੇ ਵਰਕ ’ਤੇ ਉੱਕਰੀ ਮੇਰੀ ਕਵਿਤਾ ਜਲਾ ਦਿੱਤੀ
ਸੁਖਾਵੇਂ ਰਸਤਿਆਂ ’ਤੇ ਤੋਰ ਮੇਰੀ ਬਹੁਤ ਧੀਮੀ ਸੀ
ਭਲਾ ਕੀਤਾ ਤੁਸੀਂ ਜੋ ਅਗਨ ਰਾਹਾਂ ਵਿੱਚ ਵਿਛਾ ਦਿੱਤੀ
ਉਹ ਆਖ਼ਰ ਪਿਘਲਿਆ ਤੇ ਬਣ ਗਿਆ ਦਰਿਆ ਮੁਹੱਬਤ ਦਾ
ਮੈਂ ਐਸੀ ਅੱਗ ਉਸ ਪਰਬਤ ਦੇ ਸੀਨੇ ਵਿੱਚ ਲਗਾ ਦਿੱਤੀ
ਖ਼ੁਦਾ ਦਾ ਗੀਤ ਸੀ ਉਹ ਉਸ ਨੇ ਹਰਫ਼ਾਂ ਵਿੱਚ ਉਤਰਨਾ ਸੀ
ਮੈਂ ਕੋਰੇ ਵਰਕ ਵਾਂਗੂੰ ਜ਼ਿੰਦਗੀ ਅਪਣੀ ਵਿਛਾ ਦਿੱਤੀ
ਮੇਰੇ ਪੱਲੇ ’ਚ ਪੈ ਗਏ ਤਾਰਿਆਂ ਦੇ ਫੁੱਲ ਕਿਰ ਕਿਰ ਕੇ
ਕਿਸੇ ਨੇ ਰਾਤ ਦੇ ਰੁੱਖ ਦੀ ਕੋਈ ਟਾਹਣੀ ਹਿਲਾ ਦਿੱਤੀ
ਮੈਂ ਉਸ ਦੇ ਚਰਨ ਛੂਹ ਕੇ ਆਪਣੀ ਚੁੰਨੀ ਫੈਲਾ ਦਿੱਤੀ
ਤੇਰੀ ਮਿੱਟੀ ’ਚੋਂ ਮਹਿਕਣ ਫੁੱਲ ਉਹਨੇ ਮੈਨੂੰ ਦੁਆ ਦਿੱਤੀ

## ਫੁੱਲ

ਸੁਖਵਿੰਦਰ ਸਿੰਘ ਮੁੱਲਾਂਪੁਰ





ਫੁੱਲ ਕਬਰਾਂ ਦੇ ਖਿੜੇ ਨਾ ਕਿਸੇ ਕੰਮ ਆਉਂਦੇ,
ਭਾਵੇਂ ਦੇਣ ਖੁਸ਼ਬੋਈਆਂ ਲੱਖ ਕਬਰਾਂ ਤਾਂਈ।
ਫੁੱਲਾਂ ਦੇ ਢੇਰ ਬਜ਼ਾਰਾਂ ਵਿੱਚ ਲੱਗੇ ਬੜੇ ਵੇਖੇ,
ਖੁਸ਼ੀ ਦੇ ਮੌਕੇ ਲੈ ਜਾਂਦੇ ਲੋਕ ਚਾਂਈ ਚਾਂਈ।
ਕਈ ਜੋੜੇ ਫੁੱਲ ਇੱਕ ਦੂਜੇ ਨੂੰ ਭੇਟ ਕਰਦੇ,
ਕਈ ਫੁੱਲ ਪੀਰਾਂ ਦੀ ਦਰਗਾਹ ’ਤੇ ਜਾ ਚੜ੍ਹਦੇ।
ਕਈ ਮੁਰਦਿਆਂ ’ਤੇ ਫੁੱਲਾਂ ਦੀ ਕਰਨ ਵਰਖਾ,
ਕਈ ਸਤਿਕਾਰ ਲਈ ਗੁਲਦਸਤੇ ਨੇ ਭੇਟ ਕਰਦੇ।
ਕਈ ਖੁਸ਼ਬੂਦਾਰ ਫੁੱਲਾਂ ਦੀ ਮਹਿਕ ਨੇ ਭੌਰੇ ਪੱਟੇ,
ਰਾਤੀ ਫੁੱਲ ਸੁੰਗੜ ਦਿਆਂ ਵਿੱਚ ਕੈਦ ਹੋ ਗਏ।
ਮੌਤ ਹੋ ਗਈ ਅੰਦਰ ਜਦ ਸਾਹ ਨਾ ਆਇਆ,
ਆਪਾ ਕਰਕੇ ਕੁਰਬਾਨ ਫੁੱਲਾਂ ਵਿੱਚ ਸਮੋਅ ਗਏ।
ਸੁਖ ਮੁੱਲਾਪੁਰ ਵੀ ਫੁੱਲਾਂ ਨੂੰ ਪਿਆਰ ਕਰਦਾ,
ਬੀਜ ਬੈਠਾ ਘਰ ਵਿੱਚ ਤਰਾਂ ਤਰਾਂ ਦੇ ਫੁੱਲ ਸੋਹਣੇ।
ਸੁਵੱਖਤੇ ਸੁਗੰਧੀਆਂ ਲੈਣ ਲਈ ਕੋਲੇ ਜਾ ਬਹਿੰਦਾ,
ਫਿਰ ਕਰ ਦਿੰਦੇ ਦਿਲ ਖੁਸ਼ ਇਹ ਫੁੱਲ ਮਨ ਮੋਹਣੇ।

## ਯਕੀਨ ਰੱਖ

ਹਰਪ੍ਰੀਤ ਕੌਰ ਸੰਧੂ

ਮੇਰਾ ਬੋਲਣਾ
ਚਹਿਕਣਾ ਲਗਦਾ ਸੀ ਕਦੇ
ਮੈਂ ਅਕਸਰ ਪੁੱਛਦੀ
ਮੈਂ ਜ਼ਿਆਦਾ ਬੋਲਦੀ ਹਾਂ ?
ਨਹੀਂ ! ਮੈਨੂੰ ਤਾਂ
ਬਹੁਤ ਚੰਗਾ ਲਗਦਾ ਹੈ।
ਤੇਰਾ ਜਵਾਬ ਹੁੰਦਾ
ਚਹਿਕਣ ਨੂੰ ਤੂੰ ਫਿਰ
ਚਿੜਚਿੜੇਪਣ ਵਿੱਚ
ਬਦਲ ਦਿੱਤਾ ਅਚਨਚੇਤ
ਮੇਰਾ ਬੋਲਣਾ ਨਹੀਂ
ਤੂੰ ਬਦਲ ਗਿਆ ਸੀ।
ਯਕੀਨ ਰੱਖ
ਹੁਣ
ਮੇਰੀ ਚੁੱਪ ਦੀ ਗਹਿਰਾਈ
ਤੇਰੀ
ਰੂਹ ਦੀਆਂ ਚੀਕਾਂ
ਬਣ ਕੇ ਨਿਕਲੇਗੀ।

## ਚੁੱਪ ਦਾ ਜੰਗਲ

ਸਰਬਜੀਤ ਕੌਰ ਜੱਸ

ਜਦੋਂ ਦਾ ਸਾਡੇ ਹੋਠਾਂ ’ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ ’ਤੇ ਹੀ ਪਥਰਾਅ ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ ਚੀਕਾਂ

ਕੇਹਾ ਜੰਗਲ ਹੈ
ਜਿਸਦੇ ਪੱਤੇ-ਪੱਤੇ ’ਚੋਂ ਚੋਂਦਾ ਹੈ
ਦਰਦ ਦਾ ਹੰਝੂ
ਜਿਸਦੀਆਂ ਟਹਿਣੀਆਂ ਨੂੰ ਪੈਂਦੇ ਨੇ
ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨ੍ਹੇਰੇ ’ਚ ਗੁਆਚ ਗਿਆ
ਚਾਨਣ ਦਾ ਬੀਜ
ਤੇ ਅਸੀਂ ਬੇਸਮਝ
ਕੋਹਲੂ ਦੇ ਬੈਲ ਵਾਂਗ
ਗਲ਼ ’ਚ ਲਮਕਾਈ
ਰੁਝੇਵਿਆਂ ਦੀਆਂ ਟੱਲੀਆਂ
ਟੁਣ-ਟੁਣ ਕਰਦੇ
ਹੋਠਾਂ ’ਤੇ ਫੈਲੇ ਚੁੱਪ ਦੇ ਅਰਥਾਂ ਨੂੰ
ਗੁੰਗੇ ਬੋਲਾਂ ਜਿਹੇ
ਮਹਾਂਨਗਰਾਂ ’ਚ ਭਾਲਦੇ ਫਿਰਦੇ ਹਾਂ
ਅਸੀਂ ਆਧੁਨਿਕ ਮਸ਼ੀਨੀ ਲੋਕ
ਅਸੰਭਵ ਨੂੰ ਸੰਭਵ ਬਣਾਉਣ ਵਾਲੇ
ਖ਼ੁਦ ਨੂੰ ਰੱਬ ਅਖਵਾਉਣ ਵਾਲੇ
ਕਰ ਨਹੀਂ ਸਕੇ
ਪੱਥਰ ਬਣੇ ਚੁੱਪ ਦੇ ਜੰਗਲ ਨੂੰ
ਝੂਮਣ ਲਾਉਣ ਦੀ ਕਰਾਮਾਤ
ਆਖ਼ਿਰ ਕਦੋਂ ਤੱਕ
ਇਸ ਚੁੱਪ ਦੇ ਜੰਗਲ ’ਚ ਕੈਦ ਹੋ
ਭੁੱਲ-ਭੁਲੱਈਆਂ ਦੀ ਖੇਡ ਖੇਡਦੇ ਰਹਾਂਗੇ
ਸੁਝ ਦੀ ਕੋਈ ਛੜ ਘੁਮਾਈਏ
ਚੁੱਪ ਦੇ ਮਾਤਮ ਨੂੰ ਗਲ਼ੋਂ ਲਾਹਈਏ
ਅਲਫ਼ਾਜ਼ ਨੂੰ ਗਹਿਣਾ ਬਣਾ ਪਹਿਨੀਏ
ਸਜੀਏ,ਸੰਵਰੀਏ
ਚੁੱਪ ਦੇ ਜੰਗਲ ’ਚੋਂ ਬਾਹਰ ਨਿਕਲੀਏ
ਤੁਰ ਪਈਏ
ਸੱਚੇ-ਸੁੱਚੇ ਬੋਲਾਂ ਦੇ ਰਸਤੇ ’ਤੇ !

## ਵੱਧਦੀ ਗਰਮੀ

ਸੰਜੀਵ ਧਰਮਾਣੀ





ਵੱਧਦੀ ਗਰਮੀ
ਘੱਟਦੇ ਰੁੱਖ
ਪੰਛੀ - ਪਰਿੰਦੇ ,
ਜਾਨਵਰ ਤੇ ਮਨੁੱਖ
ਸਭ ਹੋ ਰਹੇ ਪ੍ਰੇਸ਼ਾਨ
ਸਾਰਿਆਂ ਲਈ ਦੁੱਖ ਹੀ ਦੁੱਖ।
ਮਨੁੱਖ ਦੀ ਵੱਧਦੀ ਭੁੱਖ
ਘੱਟਦੇ ਜਾ ਰਹੇ ਰੁੱਖ ,
ਫਿਰ ਕਿੱਥੋਂ ਮਿਲੇਗਾ ਸੁੱਖ ?
ਘਰਾਂ - ਖੇਤਾਂ ਨੇੜੇ ਨਹੀਂ ਰਹੇ ਰੁੱਖ ।
ਪੰਛੀ - ਪਰਿੰਦੇ ਲਾਚਾਰ ਹੋਏ
ਬਹੁਤੇ ਕਈ ਬਿਮਾਰ ਹੋਏ ,
ਹਰ ਮੌਸਮ ਵਿੱਚ
ਭਾਰੀ ਬਦਲਾਅ ਹੈ ਆਇਆ
ਫਿਰ ਵੀ ਬੰਦਾ
ਕੁਝ ਸਮਝ ਨਾ ਪਾਇਆ ,
ਆਪਣੀ ਗਲਤੀ
ਜੇ ਸੁਧਾਰ ਲਏਗਾ ,
ਭਵਿੱਖ ਵਿੱਚ ਨਾ
ਖੱਜਲ਼ ਖੁਆਰ ਹੋਏਗਾ...

## ਸਭ ਉੱਜੜੇ ਬਾਗ ਉਮੰਗਾਂ ਦੇ

ਆਤਮਜੀਤ ਹੰਸਪਾਲ

ਸਭ ਉੱਜੜੇ ਬਾਗ ਉਮੰਗਾਂ ਦੇ।
ਕਿਥੇ ਰਹੀਏ ਟੋਟੇ ਵੰਗਾਂ ਦੇ।
ਮਨ ਦਾ ਕੱਜਣ ਮੈਲਾ ਮੈਲਾ,
ਨਹੀਂ ਚੜ੍ਹਦੇ ਰੰਗ ਕੋਈ ਰੰਗਾਂ ਦੇ।
ਨਸ਼ਾ ਧਰਮ ਦਾ ਅੰਨ੍ਹਿਆਂ ਕਰ ਦਏ,
ਤੋਟੇ ਨੇ ਅਫ਼ੀਮਾਂ ਭੰਗਾਂ ਦੇ।
ਦਿਲ ਬਿਨ ਹੈ ਸਭ ਕੁਝ ਕੋਲ ਉਹਨਾਂ ਦੇ,
ਕੀ ਕਰਨਾ ਜਾ ਕੇ ਨੰਗਾਂ ਦੇ।
ਛੂਹ ਸੰਗ ਸਰਦਲ ਟਹਿਕ ਪਏ,
ਰੰਗ ਪੂਜੀਏ ਉਹਨਾਂ ਅੰਗਾਂ ਦੇ।
ਸੰਗ ਸੰਗ ਵਿੱਚ ਡੁਬੀਏ ਜੇ ਬੇਕਾਰਨ,
ਲੱਖ ਲਾਹਨਤ ਐਸੀਆਂ ਸੰਗਾਂ ਦੇ।
ਕੁਈ ਪ੍ਰਵਾਜ਼ ਭਰੀ ਨਾ ਹੱਸਤੀ ਨੇ,
ਕੀ ਕਰੀਏ ਰੰਗਾ-ਰੰਗ ਦੇ ਫੰਗਾਂ ਦੇ।
ਵੈਰੀ ਦੇ ਡੰਗ ਤਾਂ ਓਤਰ ਗਏ,
ਦਰਦ ਤਾਂ ਰਹਿਣੇਂ, ਮਿੱਤਰਾਂ ਮਾਰੇ ਡੰਗਾਂ ਦੇ।
ਚੁਪ ਤੇਰੀ ਤਾਂ ਠੀਕ ਹੀ ਹੋਸੀ,
ਨਹੀਂ ਮੇਚ ਮੇਰੀਆਂ ਮੰਗਾਂ ਦੇ।

## ਅੰਦਰੂਨੀ ਖ਼ਤਰਾ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਜਿਨ੍ਹਾਂ ਨੂੰ ਖ਼ਤਰਾ ਮੈਥੋਂ ਜਾਪੇ,
ਡਰਦੇ ਨੇ ਨਿੱਤ ਆਪ ਤੋਂ ਆਪੇ।
ਨੁਕਸ ਮੇਰੇ ’ਚ ਕੱਢਣ ਤੋਂ ਪਹਿਲਾਂ,
ਮਨ ਨੂੰ ਦੇਖ ਲੈਣ ਇੱਕ ਝਾਤੇ।
ਅੰਤਰ ਆਤਮਾ ਤਾਂ ਝੂਠ ਨਾ ਬੋਲੇ,
ਪਰ ਨਾ ਮਾਨੂੰ ਦੇ ਨੇ ਸਿਆਪੇ।
ਤਾਤ ਪਰਾਈ ਵਿਸਰ ਤਾਂ ਜਾਵੇ,
ਟੁੱਟ ਜਾਵਣ ਜੇ ਵੈਰ ਦੇ ਨਾਤੇ।
ਉਹ ਮਨ ਜੋਤ ਸਰੂਪ ਬਣ ਨਿੱਕਲੇ,
ਜੋ ਮੂਲੋਂ ਹੀ ਖ਼ੁਦ ਗਏ ਪਛਾਤੇ।
ਸਬਕ ਤਾਂ ਪੈਰ ਪੈਰ ’ਤੇ ਮਿਲਦੇ,
ਸਿੱਖ ਕੇ ਕੋਈ ਨਾ ਪਾਵੇ ਖਾਤੇ।
ਮੰਦੇ ਕਰਮ ਕਮਾਵਣ ਵਾਲੇ,
ਆਪਣੇ ਜਾਲ਼ ਵਿੱਚ ਜਾਂਦੇ ਫਾਥੇ।
ਬੁਰਾ ਕਿਸੇ ਦਾ ਤੱਕਣ ਵਾਲੇ,
ਪੀਂਦੇ ਖ਼ੁਦ ਜ਼ਹਿਰਾਂ ਦੇ ਬਾਟੇ।
ਮਨਾ ! ਪਰਵਾਹ ਤੂੰ ਕਰਨੀ ਛੱਡ ਦੇਹ,
ਚਲਾਈ ਜਾਹ ਛੁਰਲੀਆਂ ਪਟਾਕੇ ।

## ਅੱਧੀ ਰਾਤ ਪਹਿਰ ਦੇ ਤੜਕੇ

ਸੋਹਣ ਸਿੰਘ ਮੀਸ਼ਾ

ਅੱਧੀ ਰਾਤ ਪਹਿਰ ਦੇ ਤੜਕੇ
ਅੱਖਾਂ ਵਿੱਚ ਉਨੀਂਦਾ ਰੜਕੇ।
ਆਪਣਾ ਕਮਰਾ ਝਾੜਨ ਲਗਦਾਂ
ਦੂਰ ਕਿਤੇ ਜਦ ਕੁੰਡਾ ਖੜਕੇ।
ਤੇਰੀ ਧੂੜ ਵੀ ਸੁਰਮੇ ਵਰਗੀ
ਸੱਜਣਾ ਦੇ ਪਿੰਡ ਜਾਂਦੀ ਸੜਕੇ।
ਸਿਖਰ ਦੁਪਹਿਰੇ ਕਲ੍ਹ ਇੱਕ ਰਾਹੀ
ਡਿੱਗਾ ਆਪਣੀ ਛਾਂ ਵਿੱਚ ਅੜ ਕੇ।
ਸਿੱਕ ਨਾ ਜਾਗੇ ਫੇਰ ਮਿਲਣ ਦੀ
ਆ ਏਦਾਂ ਵਿਛੜੀਏ ਲੜ ਕੇ।
ਅੱਜ ਕਿਉਂ ਚੁੱਪ ਉਦਾਸ ਨੇ ਬੱਦਲ
ਬਿਜਲੀ ਨੂੰ ਹੀ ਆਖੋ ਕੜ ਕੇ।
ਬੁਝਿਆ ਭਾਂਬੜ ਅਜੇ ਵੀ ਦਿਲ ਵਿੱਚ
ਕਦੀ ਕਦੀ ਚੰਗਿਆੜਾ ਭੜਕੇ।
ਲੋ ਹੀ ਲੋ ਸੀ ਸੇਕ ਨਹੀਂ ਸੀ
ਦੇਖ ਲਿਆ ਮੈਂ ਜੁਗਨੂੰ ਫੜਕੇ।
ਜੋ ਗੱਲ ਤੈਥੋਂ ਕਹਿ ਨਾ ਹੋਈ
ਉਹ ਮੇਰੇ ਵੀ ਦਿਲ ਵਿੱਚ ਰੜਕੇ।
ਆਪਣੇ ਘਰ ਵਿੱਚ ਕੈਦ ਨੇ ਲੋਕੀ
ਦਿਨ ਕੱਟਦੇ ਜੋ ਅੰਦਰ ਵੜਕੇ।
ਜਾਨ ਰਹੀ ਨਾ ਤੇਰੇ ਬਾਝੋਂ
ਨਬਜ਼ ਤਾਂ ਚੱਲੇ ਦਿਲ ਵੀ ਧੜਕੇ।

# ਪੈਰਿਸ ਉਲੰਪਿਕਸ 'ਚ ਐਤਕੀਂ ਨਜ਼ਰ ਆਉਣਗੇ ਨਵੇਂ ਬਦਲਾਅ



ਪ੍ਰੋ. ਹਰਦੀਪ ਸਿੰਘ ਸੰਗਰੂਰ

ਪੈਰਿਸ ਵਿਖੇ ਹੋਣ ਜਾ ਰਹੀਆਂ 33 ਵੀਆਂ ਉਲੰਪਿਕ ਖੇਡਾਂ ਨੂੰ ਫਰਾਂਸ ਵੱਲੋਂ ਤੀਜੀ ਵਾਰ ਕਰਵਾਇਆ ਜਾ ਰਿਹਾ ਹੈ। ਪਹਿਲੀਆਂ ਆਧੁਨਿਕ ਉਲੰਪਿਕ ਖੇਡਾਂ ਯੂਨਾਨ ਦੀ ਰਾਜਧਾਨੀ ਏਥਨਜ਼ ਵਿਖੇ ਸੰਨ 1896 'ਚ ਹੋਈਆਂ ਤੇ ਦੂਜੀਆਂ 1900 'ਚ ਪੈਰਿਸ ਵਿਖੇ ਤੇ 1924 'ਚ ਅੱਠਵੀਆਂ ਉਲੰਪਿਕ ਖੇਡਾਂ ਨੂੰ ਦੂਜੀ ਵਾਰ ਕਰਵਾਉਣ ਦਾ ਸੁਭਾਗ ਪੈਰਿਸ ਨੂੰ ਫੇਰ ਪ੍ਰਾਪਤ ਹੋਇਆ ਤੇ ਹੁਣ ਪੂਰੀ ਸਦੀ ਬਾਅਦ ਫਰਾਂਸ ਵਿਖੇ 26 ਜੁਲਾਈ ਤੋਂ ਸ਼ੁਰੂ ਹੋ ਕੇ 11 ਅਗਸਤ 2024 ਤੱਕ ਚੱਲਣ ਵਾਲੀਆਂ ਉਲੰਪਿਕ ਖੇਡਾਂ ਨੂੰ ਮੁੜ ਕਰਵਾਉਣ ਦਾ ਬੀੜਾ ਚੁੱਕਿਆ ਹੈ। ਗਰਮ ਰੁੱਤ ਦੀਆਂ ਇਨ੍ਹਾਂ ਖੇਡਾਂ 'ਚ 1924 ਤੋਂ ਬਾਅਦ ਬੜੇ ਬਦਲਾਅ ਦੇਖਣ ਨੂੰ ਮਿਲਣਗੇ। ਇਨ੍ਹਾਂ ਖੇਡਾਂ 'ਚ 161 ਮੁਲਕਾਂ ਦੇ 10500 ਖਿਡਾਰੀ ਕੁੱਲ 32 ਖੇਡਾਂ, ਜਿਨ੍ਹਾਂ 'ਚ ਚਾਰ ਨਵੀਆਂ ਖੇਡਾਂ ਸਕੇਟਬੋਰਡਿੰਗ , ਕਲੈਮਿੰਗ, ਸਪੋਰਟ ਕਲੈਮਿੰਗ ਤੇ ਸਰਫਿੰਗ ਵੀ ਸ਼ਾਮਿਲ ਹਨ, ਦੇ 329 ਈਵੈਂਟਾਂ ਵਿੱਚ ਖੇਡ ਯੋਧੇ ਭਿੜਨਗੇ।

ਭਾਗ ਲੈਣ ਵਾਲੇ ਖਿਡਾਰੀਆਂ 'ਚੋਂ ਮਰਦ ਤੇ ਔਰਤਾਂ ਦਾ ਅਨੁਪਾਤ ਅੱਧੋ-ਅੱਧ ਹੈ। ਜਦੋਂਕਿ ਸਦੀ ਪਹਿਲਾਂ 1924 'ਚ ਪੈਰਿਸ ਉਲੰਪਿਕ ਖੇਡਾਂ 'ਚ ਸਿਰਫ਼ 44 ਦੇਸ਼ਾਂ ਦੇ 3092 ਖਿਡਾਰੀਆਂ ਨੇ 17 ਖੇਡਾਂ ਦੇ 126 ਈਵੈਂਟਾਂ 'ਚ ਭਾਗ ਲਿਆ ਸੀ ਜਿਨ੍ਹਾਂ ਵਿੱਚ ਕੁੱਲ 136 ਔਰਤ ਖਿਡਾਰਨਾਂ ਸ਼ਾਮਿਲ ਸਨ। ਇਨ੍ਹਾਂ ਦੀ ਕੁੱਲ ਗਿਣਤੀ 4.4 ਪ੍ਰਤੀਸ਼ਤ ਬਣਦੀ ਸੀ। 1924 ਦੀਆਂ ਉਲੰਪਿਕ ਖੇਡਾਂ ਦਾ ਉਦਘਾਟਨੀ ਸਮਾਰੋਹ ਪੰਤਾਲੀ ਹਜ਼ਾਰ ਦੀ ਸਮਰੱਥਾ ਵਾਲੇ ਕੋਲੰਬਸ ਸਟੇਡੀਅਮ ਵਿਖੇ ਆਧੁਨਿਕ ਓਲੰਪਿਕ ਖੇਡਾਂ ਦੇ ਜਨਮਦਾਤਾ ਪਾਈਰੇ ਡੀ ਕੋਬਿਰਟਨ ਦੀ ਪ੍ਰਧਾਨਗੀ ਹੇਠ ਹੋਇਆ। ਉਲੰਪਿਕ ਖੇਡਾਂ ਦਾ ਮਾਟੋਸੀਟੀਅਸ, ਆਟੀਅਸ, ਫੋਟਿਅਸ (ਤੇਜ਼, ਉੱਚਾ ਤੇ ਤੱਕੜਾ) ਪਹਿਲੀ ਵਾਰ ਵਰਤੋਂ ਵਿੱਚ ਲਿਆਂਦਾ ਗਿਆ ਪਰ ਹੁਣ ਇਨ੍ਹਾਂ ਖੇਡਾਂ ਦਾ ਮਾਟੋਸੀਟੀਅਸ, ਆਟੀਅਸ,



ਫੋਟਿਅਸ-ਕਮਊਨੀਟਰ(ਤੇਜ਼, ਉੱਚਾ ਤੇ ਤੱਕੜਾ ਇਕੱਠੇ) ਹੋਵੇਗਾ ਕਿਉਂਕਿ ਇਸ ਮਾਟੋ 'ਚ ਵਾਧਾ 2020 ਦੀਆਂ ਟੋਕੀਓ (ਜਾਪਾਨ) ਉਲੰਪਿਕ ਖੇਡਾਂ ਮੌਕੇ ਕਰ ਦਿੱਤਾ ਸੀ। ਸੰਨ 1924 ਦੀ ਓਲੰਪਿਕਸ 'ਚ ਜੇਤੂ ਖਿਡਾਰੀਆਂ ਨੂੰ ਦਿੱਤੇ ਕੁੱਲ 914 ਤਗ਼ਮਿਆਂ ਨੂੰ ਐਂਨਦਰੇ ਰਿਵੁਡ ਨੇ ਡਿਜ਼ਾਇਨ ਕੀਤਾ। ਇਸ ਸਾਲ ਜੇਤੂਆਂ ਨੂੰ ਦਿੱਤੇ ਜਾਣ ਵਾਲੇ ਲਗਪਗ 5083 ਤਗ਼ਮਿਆਂ ਦਾ ਡਾਇਆਮੀਟਰ 60 ਐਮਐਮ ਰੱਖਿਆ ਹੈ ਤੇ ਚੌਮੇਟ ਨਾਮ ਦੇ ਜੌਹਰੀ ਨੇ ਡਿਜ਼ਾਇਨ ਕੀਤਾ ਹੈ।

ਤਗ਼ਮਿਆਂ 'ਚ ਆਈਫਲ ਟਾਵਰ ਦਾ ਲੋਹਾ ਮਿਕਸ ਕਰਕੇ ਹੈਕਸਾਗਨ ਆਕਾਰ 'ਚ ਕੱਟ ਕੇ ਜਾਲੀਦਾਰ ਮੈਟਲ ਨਾਲ ਜੋੜਿਆ ਗਿਆ ਹੈ। ਤਗ਼ਮੇ ਦੀ ਦੂਜੀ ਸਾਈਡ ਪ੍ਰਾਚੀਨ ਯੂਨਾਨ ਦੀ ਜਿੱਤ ਦੀ ਦੇਵੀ ਨਾਈਕੀ ਦੀ ਤਸਵੀਰ ਉੱਕਰੀ ਹੈ। ਇਸ ਵਾਰ ਭਾਰਤ ਦੇ 83 ਖਿਡਾਰੀ (48 ਪੁਰਸ਼ 35 ਔਰਤਾਂ) 12 ਖੇਡਾਂ ਜਿਨ੍ਹਾਂ 'ਚ ਤਲਵਾਰਬਾਜ਼ੀ, ਐਥਲੈਟਿਕਸ,ਬੈਡਮਿੰਟਨ, ਸੇਲਿੰਗ, ਬਾਕਸਿੰਗ,ਹਾਕੀ, ਰੋਇੰਗ, ਸ਼ੂਟਿੰਗ, ਟੇਬਲ ਟੈਨਿਸ, ਵੇਟ ਲਿਫਟਿੰਗ ਅਤੇ ਕੁਸ਼ਤੀ ਹਨ, 'ਚ ਭਾਗ ਲੈਣਗੇ ਤੇ ਕਈ ਹੋਰ ਖਿਡਾਰੀ 30 ਜੂਨ ਤੱਕ ਟਰਾਇਲ ਵੀ ਦੇਣਗੇ। ਭਾਰਤ ਨੇ 2020 ਦੀਆਂ ਟੋਕੀਓ ਓਲੰਪਿਕ ਖੇਡਾਂ ਵਿੱਚ ਇੱਕ ਸੋਨ ਤਗ਼ਮੇ ਸਮੇਤ 7 ਤਗ਼ਮੇ ਹਾਸਿਲ ਕੀਤੇ ਜਦਕਿ ਇਸ ਵਾਰ ਭਾਰਤ ਇਨ੍ਹਾਂ ਤਗ਼ਮਿਆਂ ਦੀ ਗਿਣਤੀ 10 ਤੋਂ ਪਾਰ ਕਰਨ ਦੀ ਵੱਡੀ ਇੱਛਾ ਰੱਖਦਾ ਹੈ ।

## ਚੌਗੁਣੀ ਕੀਮਤ 'ਤੇ ਵਿਕ ਰਹੀਆਂ ਨੇ ਭਾਰਤ ਬਨਾਮ ਪਾਕਿਸਤਾਨ ਮੈਚ ਦੀਆਂ ਟਿਕਟਾਂ




ਨਿਊਯਾਰਕ : ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਣ ਵਾਲੇ ਮੈਚ ਨੂੰ ਲੈ ਕੇ ਫੈਨਜ਼ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਇਹ ਦੇਖਦੇ ਹੋਏ ਕਿ ਦੋਵਾਂ ਟੀਮਾਂ ਵਿਚਾਲੇ ਕੋਈ ਦੁਵੱਲੀ ਸੀਰੀਜ਼ ਨਹੀਂ ਹੈ ਅਤੇ ਦੋਵੇਂ ਟੀਮਾਂ ਸਿਰਫ਼ ਆਈਸੀਸੀ ਅਤੇ ਏਸ਼ੀਅਨ ਕ੍ਰਿਕਟ ਕੌਂਸਲ ਈਵੈਂਟਸ ਵਿੱਚ ਹੀ ਆਹਮੋ-ਸਾਹਮਣੇ ਆਉਂਦੀਆਂ ਹਨ, ਪ੍ਰਸ਼ੰਸਕ ਇਸ ਮੈਚ ਦਾ ਆਨੰਦ ਲੈਣ ਦਾ ਮੌਕਾ ਨਹੀਂ ਖੁੰਝਾਉਂਦੇ।

**ਟਿਕਟਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ**

ਦੁਨੀਆਂ ਦੇ ਕਿਸੇ ਵੀ ਕੋਨੇ 'ਚ ਇਹ ਦੋਵੇਂ ਟੀਮਾਂ ਆਹਮੋ-ਸਾਹਮਣੇ ਆਉਂਦੀਆਂ ਹਨ, ਪ੍ਰਸ਼ੰਸਕ ਪੈਸੇ ਖਰਚ ਕੇ ਉੱਥੇ ਵੀ ਮੈਚ ਦੇਖਣ ਪਹੁੰਚ ਜਾਂਦੇ ਹਨ। ਹੁਣ ਦੋਵੇਂ ਟੀਮਾਂ ਆਗਾਮੀ ਟੀ-20 ਵਿਸ਼ਵ ਕੱਪ 'ਚ ਆਹਮੋ-ਸਾਹਮਣੇ ਹੋਣਗੀਆਂ। ਦੋਵੇਂ ਟੀਮਾਂ 9 ਜੂਨ ਨੂੰ ਨਿਊਯਾਰਕ ਵਿੱਚ ਆਹਮੋ-ਸਾਹਮਣੇ ਹੋਣਗੀਆਂ ਅਤੇ ਮੀਡੀਆ ਰਿਪੋਰਟਾਂ ਦੇ ਅਨੁਸਾਰ, ਟਿਕਟਾਂ ਦੀਆਂ ਕੀਮਤਾਂ ਪਹਿਲਾਂ ਹੀ ਰੀ-ਸੇਲ ਬਾਜ਼ਾਰ ਵਿੱਚ ਅਸਮਾਨ ਛੂਹ ਰਹੀਆਂ ਹਨ।ਇਸ ਮੈਚ ਦੀਆਂ ਟਿਕਟਾਂ ਚੌਗਣੀ ਕੀਮਤ 'ਤੇ ਵਿੱਕ ਰਹੀਆਂ ਹਨ। ਜਿਸ ਕਾਰਨ ਆਮ ਕ੍ਰਿਕਟ ਪ੍ਰੇਮੀਆਂ 'ਚ ਬਹੁਤ ਨਿਰਾਸ਼ਾ ਪਾਈ ਜਾ ਰਹੀ ਹੈ।

## ਮਜ਼ਦੂਰ ਦੀ ਧੀ ਨੇ ਜਾਪਾਨ 'ਚ ਬਣਾਇਆ ਵਿਸ਼ਵ ਰਿਕਾਰਡ

### ਮਾਂ-ਬਾਪ ਨੂੰ ਤਾਅਨੇ ਮਾਰਨ ਵਾਲਿਆਂ ਦੀ ਬੋਲਤੀ ਕੀਤੀ ਬੰਦ



ਕੋਬੇ (ਜਾਪਾਨ)/ਏ.ਟੀ.ਨਿਊਜ਼ : ਭਾਰਤ ਦੀ ਦੀਪਤੀ ਜੀਵਨਜੀ ਨੇ ਵਿਸ਼ਵ ਪੈਰਾ ਅਥਲੈਟਿਕਸ ਚੈਂਪੀਅਨਸ਼ਿਪ 'ਚ ਮਹਿਲਾਵਾਂ ਦੀ 400 ਮੀਟਰ ਟੀ-20 ਦੌੜ 'ਚ 55.07 ਸਕਿੰਟ ਦੇ ਵਿਸ਼ਵ ਰਿਕਾਰਡ ਨਾਲ ਸੋਨ ਤਗਮਾ ਜਿੱਤਿਆ। ਦੀਪਤੀ ਨੇ ਅਮਰੀਕਾ ਦੀ ਬ੍ਰਾਇਨਾ ਕਲਾਰਕ ਦਾ 55.12 ਸੈਕਿੰਡ ਦਾ ਵਿਸ਼ਵ ਰਿਕਾਰਡ ਤੋੜਿਆ ਜੋ ਉਸ ਨੇ ਪਿਛਲੇ ਸਾਲ ਪੈਰਿਸ ਵਿੱਚ ਬਣਾਇਆ ਸੀ।

ਤੁਰਕੀ ਦੀ ਏਸਿਲ ਓਂਡਰ 55.19 ਸਕਿੰਟ ਦੇ ਸਮੇਂ ਨਾਲ ਦੂਜੇ ਸਥਾਨ 'ਤੇ ਰਹੀ, ਜਦਕਿ ਇਕਵਾਡੋਰ ਦੀ ਲਿਜਾਨਸ਼ੇਲਾ ਐਂਗੁਲੋ 56.68 ਸਕਿੰਟ ਦੇ ਸਮੇਂ ਨਾਲ ਤੀਜੇ ਸਥਾਨ 'ਤੇ ਰਹੀ। ਟੀ-20 ਸ਼੍ਰੇਣੀ ਦੀਆਂ ਦੌੜਾਂ ਬੌਧਿਕ ਤੌਰ 'ਤੇ ਅਪਾਹਜ ਖਿਡਾਰੀਆਂ ਲਈ ਹਨ। ਯੋਗੇਸ਼ ਕਥੁਨੀਆ ਨੇ ਪੁਰਸ਼ਾਂ ਦੇ 656 ਡਿਸਕਸ ਥਰੋਅ ਵਿੱਚ 41.80 ਮੀਟਰ ਨਾਲ ਚਾਂਦੀ ਦਾ ਤਗ਼ਮਾ ਜਿੱਤਿਆ।

**ਮਿਹਣੇ ਮਾਰਨ ਵਾਲਿਆਂ ਨੂੰ ਠੋਕਵਾਂ ਜਵਾਬ** : ਲੰਬੇ ਸਮੇਂ ਤੋਂ ਪਿੰਡ ਦੇ ਲੋਕ ਦੀਪਤੀ ਜੀਵਨਜੀ ਦੇ ਮਾਤਾ-ਪਿਤਾ ਨੂੰ 'ਮਾਨਸਿਕ ਤੌਰ 'ਤੇ ਕਮਜ਼ੋਰ' ਬੱਚੀ ਹੋਣ ਦਾ ਮਿਹਣਾ ਮਾਰਦੇ ਰਹੇ ਪਰ ਜਾਪਾਨ ਦੇ ਕੋਬੇ 'ਚ ਸੋਨ ਤਮਗਾ ਜਿੱਤਣ ਤੋਂ ਬਾਅਦ ਉਹ ਉਨ੍ਹਾਂ ਦੀਆਂ ਤਾਰੀਫਾਂ ਕਰਦੇ ਨਹੀਂ ਥੱਕਦੇ। ਦੀਪਤੀ ਦੀ ਜਿੱਤ ਤੋਂ ਬਾਅਦ ਤੇਲੰਗਾਨਾ ਦੇ ਕਾਲੇਡਾ ਪਿੰਡ 'ਚ ਸਥਿਤ ਛੋਟੇ ਘਰ ਦੇ ਬਾਹਰ ਵੱਡੀ ਗਿਣਤੀ 'ਚ ਲੋਕ ਜਸ਼ਨ ਮਨਾ ਰਹੇ ਹਨ।

ਤੇਲੰਗਾਨਾ ਦੇ ਵਾਰੰਗਲ ਜ਼ਿਲ੍ਹੇ ਵਿੱਚ ਦਿਹਾੜੀਦਾਰ ਮਜ਼ਦੂਰਾਂ ਦੇ ਘਰ ਜਨਮੀ 20 ਸਾਲਾ ਦੀਪਤੀ ਨੇ ਆਉਣ ਵਾਲੇ ਪੈਰਿਸ ਪੈਰਾਲੰਪਿਕਸ ਲਈ ਵੀ ਕੁਆਲੀਫਾਈ ਕਰ ਲਿਆ ਹੈ। ਟੀ-20 ਸ਼੍ਰੇਣੀ ਉਨ੍ਹਾਂ ਐਥਲੀਟਾਂ ਲਈ ਹੈ ਜੋ ਬੌਧਿਕ ਤੌਰ 'ਤੇ ਚੁਣੌਤੀਪੂਰਨ ਹਨ।

**ਕੋਚ ਹੋਏ ਖੁਸ਼** :ਦੀਪਤੀ ਦੇ ਕੋਚ ਨਾਗਪੁਰੀ ਰਮੇਸ਼ ਨੇ ਦੱਸਿਆ ਕਿ ਉਸ ਦੇ ਮਾਤਾ-ਪਿਤਾ ਨੂੰ ਪਿੰਡ ਵਾਸੀਆਂ ਦੇ ਤਾਅਨੇ ਸਹਿਣੇ ਪਏ। ਰਮੇਸ਼ ਨੇ ਕਿਹਾ ਕਿ ਦੀਪਤੀ ਦੇ ਮਾਤਾ-ਪਿਤਾ ਦਿਹਾੜੀਦਾਰ ਮਜ਼ਦੂਰ ਸਨ ਅਤੇ ਉਹ ਪਰਿਵਾਰ ਚਲਾਉਣ ਲਈ ਸੰਘਰਸ਼ ਕਰ ਰਹੇ ਸਨ। ਇਸ ਤੋਂ ਇਲਾਵਾ ਉਸ ਨੂੰ ਪਿੰਡ ਵਾਲਿਆਂ ਤੋਂ ਲਗਾਤਾਰ ਤਾਅਨੇ ਵੀ ਸੁਣਨੇ ਪੈਂਦੇ ਸਨ ਕਿ ਮਾਨਸਿਕ ਤੌਰ 'ਤੇ ਕਮਜ਼ੋਰ ਲੜਕੀ ਦਾ ਵਿਆਹ ਨਹੀਂ ਹੋ ਸਕਦਾ। ਹਾਲਾਂਕਿ, ਦੀਪਤੀ ਨੇ ਪਿਛਲੇ ਸਾਲ ਹਾਂਗਜ਼ੂ ਏਸ਼ੀਅਨ ਪੈਰਾ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਤੋਂ ਬਾਅਦ ਹਾਲਾਤ ਬਦਲਣੇ ਸ਼ੁਰੂ ਹੋ ਗਏ। ਹੁਣ ਉਹੀ ਪਿੰਡ ਵਾਸੀ ਦੀਪਤੀ ਦੇ ਮਾਤਾ-ਪਿਤਾ ਦੀ ਇਸ ਪ੍ਰਾਪਤੀ ਲਈ ਸ਼ਲਾਘਾ ਕਰ ਰਹੇ ਹਨ।

## ਸੋਨ ਤ.ਗਮਿਆਂ ਦੇ ਦਾਅਵੇਦਾਰ ਅਮਰੀਕੀ ਦੌੜਾਕ

ਸੁਖਵਿੰਦਰਜੀਤ ਸਿੰਘ ਮਨੌਲੀ

ਪੈਰਿਸ ਉਲੰਪਿਕ-2024 'ਚ 100 ਤੇ 200 ਮੀਟਰ ਫਰਾਟਾ ਦੌੜਾਂ 'ਚ ਗੋਲਡ ਮੈਡਲ ਜਿਤਣ ਦੇ ਨਰੋਏ ਦਾਅਵੇਦਾਰ ਨੂਹ ਲਾਇਲਜ਼ ਨੂੰ ਇਸ ਸਾਲ 'ਬੈਸਟ ਐਥਲੀਟ ਆਫ ਦਿ ਯੀਅਰ' ਨਾਮਜ਼ਦ ਕੀਤਾ ਗਿਆ ਹੈ। ਬੁਡਾਪੇਸਟ-2023 'ਚ ਖੇਡੀ ਗਈ ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ 'ਚ ਟਰੈਕ 'ਚ ਤੂਫ਼ਾਨ ਲਿਆਉਣ ਵਾਲੇ ਅਮਰੀਕੀ ਦੇ ਫਰਾਟਾ ਦੌੜਾਕ ਨੂਹ ਲਾਇਲਜ਼ ਨੇ 100, 200 ਤੇ 4 ×100 ਮੀਟਰ ਰਿਲੇਅ 'ਚ ਤਿੰਨ ਗੋਲਡ ਮੈਡਲ ਜਿਤਣ ਦਾ ਕ੍ਰਿਸ਼ਮਾ ਕਰਕੇ ਜਿਥੇ ਆਪਣਾ ਸਪਰਿੰਟ ਟੇਬਲ ਪੂਰਾ ਕੀਤਾ ਉੱਥੇ ਜਮਾਇਕਨ ਖਿਡਾਰੀ ਓਸੇਨ ਬੋਲਟ ਤੋਂ ਬਾਅਦ ਆਲਮੀ ਐਥਲੈਟਿਕਸ ਦੇ ਖੇਡ ਹਲਕਿਆਂ 'ਚ ਇੱਕ ਨਵਾਂ ਚਰਚਿਤ ਮੁੱਦਾ ਪੈਦਾ ਕਰ ਦਿੱਤਾ ਸੀ।

ਦੋਹਾ ਤੇ ਯੂਜੀਨ ਵਿਸ਼ਵ ਐਥਲੈਟਿਕਸ ਮੁਕਾਬਲਿਆਂ 'ਚ 200 ਮੀਟਰ ਫਰਾਟਾ ਰੇਸ 'ਚ ਲਗਾਤਾਰ ਦੋ ਗੋਲਡ ਮੈਡਲ ਜਿੱਤਣ ਵਾਲੇ ਤੇਜ਼ ਦੌੜਾਕ ਨੂਹ ਲਾਇਲਜ਼ ਨੇ ਛਾਤੀ ਠੋਕ ਕੇ ਇਹ ਦਾਅਵਾ ਕੀਤਾ ਸੀ ਕਿ ਉਹ ਬੁਡਾਪੇਸਟ ਸੰਸਾਰ ਐਥਲੈਟਿਕਸ ਮੀਟ 'ਚ 100 ਤੇ 200 ਮੀਟਰ ਰੇਸਾਂ ਤੋਂ ਇਲਾਵਾ 4×100 ਮੀਟਰ ਰਿਲੇਅ ਦੌੜ 'ਚ ਸੋਨ ਤ.ਗਮੇ ਜਿੱਤਣ ਦਾ ਤਹੱਈਆ ਕਰਕੇ ਆਇਆ ਹੈ। ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ 'ਚ 100 ਤੇ 200 ਮੀਟਰ 'ਚ ਦੋ ਗੋਲਡ ਜਿੱਤਣ ਵਾਲੇ ਅਮਰੀਕਨ ਖਿਡਾਰੀ ਨੂਹ ਲਾਇਲਜ਼ ਨੇ 12 ਸਾਲਾ ਉਮਰ 'ਚ ਟਰੈਕ 'ਚ ਸਪਰਿੰਟਾਂ ਲਾਉਣ ਦੀ ਸ਼ੁਰੂਆਤ ਕੀਤੀ। ਨੂਹ ਲਾਇਲਜ਼ ਦਾ ਜਨਮ 18 ਜੁਲਾਈ, 1997 'ਚ ਅਮਰੀਕਾ ਦੇ ਸ਼ਹਿਰ ਫਲੋਰਿਡਾ 'ਚ ਮਾਤਾ ਕੀਸ਼ਾ ਕੇਨ ਦੀ ਕੁਖੋਂ ਪਿਤਾ ਕੇਵਿਨ ਲਾਇਲਜ਼ ਦੇ ਗ੍ਰਹਿ ਵਿਖੇ ਹੋਇਆ। ਯੂਥ ਓਲੰਪਿਕ ਗੇਮਜ਼-2014 'ਚ 200 ਮੀਟਰ ਫਰਾਟਾ ਦੌੜ 'ਚ ਗੋਲਡ ਮੈਡਲ ਜਿੱਤਣ ਵਾਲੇ ਨੂਹ ਨੂੰ ਸਿਖਲਾਇਰ ਲਾਂਸ ਬ੍ਰਾਊਮਨ ਵੱਲੋਂ ਟਰੇਂਡ ਕੀਤਾ ਜਾ ਰਿਹਾ ਹੈ। ਸਾਲ-2015 'ਚ ਨੂਹ ਨੂੰ ਟਰੈਕ ਐਂਡ ਫੀਲਡ ਨਿਊਜ਼ ਵੱਲੋਂ ਹਾਈ ਸਕੂਲ ਬੋਇਜ਼ ਐਥਲੀਟ ਐਲਾਨਿਆ ਗਿਆ। 19 ਸਾਲਾ ਉਮਰ 'ਚ ਨੂਹ ਲਾਇਲਜ਼ ਵੱਲੋਂ ਰੀਓ-2016 ਓਲੰਪਿਕ ਖੇਡਾਂ 'ਚ ਹਿੱਸਾ ਲੈਣ ਲਈ 100 ਤੇ 200 ਮੀਟਰ ਲਈ ਟਰਾਇਲ ਦਿਤੇ ਗਏ ਪਰ ਉਹ 200 ਮੀਟਰ ਦੇ ਫਾਈਨਲ 'ਚ ਚੌਥੇ ਸਥਾਨ ਨਾਲ ਰੀਓ ਓਲੰਪਿਕ ਲਈ ਕੁਆਲੀਫਾਈ ਨਹੀਂ ਕਰ ਸਕਿਆ।

ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ ਓਰੇਗਨ-2022 'ਚ ਘਰੇਲੂ ਟਰੈਕ 'ਤੇ ਨੂਹ ਨੇ ਆਪਣੇ ਹਮਵਤਨੀ ਮਾਈਕਲ ਜੌਹਨਸਨ ਵੱਲੋਂ 200 ਮੀਟਰ ਰੇਸ 'ਚ ਸੈੱਟ ਕੀਤਾ 19.32 ਸੈਕਿੰਡ ਦਾ ਰਿਕਾਰਡ 19.31 ਸੈਕਿੰਡ ਦੀ ਨਵੀਂ ਟਾਈਮਿੰਗ ਨਾਲ ਬਰੇਕ ਕਰਕੇ ਗੋਲਡ ਮੈਡਲ ਜਿੱਤਿਆ। ਨੂਹ ਨੇ ਸੰਸਾਰ ਐਥਲੈਟਿਕਸ ਚੈਂਪੀਅਨਸ਼ਿਪ ਦੋਹਾ-2019 'ਚ ਇਸੇ 200 ਮੀਟਰ ਦੌੜ 'ਚ ਸੋਨ ਤ.ਗਮਾ ਜਿੱਤਣ 'ਚ ਸ.ਫਲਤਾ ਹਾਸਲ ਕੀਤੀ ਸੀ। ਓਰੇਗਨ ਵਿਸ਼ਵ ਐਥਲੈਟਿਕਸ ਮੁਕਾਬਲੇ ਤੋਂ ਬਾਅਦ ਬੁਡਾਪੇਸਟ-2023 ਆਲਮੀ ਐਥਲੈਟਿਕਸ ਚੈਂਪੀਅਨਸ਼ਿਪ 'ਚ ਨੂਹ ਲਾਇਲਜ਼ ਨੇ 100 ਤੇ 200 ਮੀਟਰ ਫਰਾਟਾ ਦੌੜਾਂ 'ਚ ਦੋ ਗੋਲਡ ਮੈਡਲ ਹਾਸਲ ਕਰਕੇ ਵਿਸ਼ਵ ਐਥਲੈਟਿਕਸ ਵਿੱਚ ਅਲੱਗ ਪਛਾਣ ਬਣਾਈ।

**ਅਮਰੀਕਨ ਦੌੜਾਕ ਸ਼ਾ ਕੈਰੀ**

ਰਿਚਡਰਸਨ ਸ਼ਾ ਕੈਰੀ, ਜਿਸ ਨੇ ਮਾਂ ਦੇ ਵਿਛੋੜੇ, ਟੋਕੀਓ ਉਲੰਪਿਕ 'ਚ ਚਾਣਚਕ ਬਾਹਰ ਹੋਣ 'ਤੇ ਖੇਡ ਹਲਕਿਆਂ ਦੇ ਪੰਡਿਤਾਂ ਦੀਆਂ ਆਲੋਚਨਾਵਾਂ ਤੋਂ ਬਾਅਦ ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ ਬੁਢਾਪੇਸਟ-2023 (ਹੰਗਰੀ) ਵਿੱਚ 100 ਮੀਟਰ ਫਰਾਟਾ ਰੇਸ 'ਚ ਗੋਲਡ ਮੈਡਲ ਜਿਤਣ ਦਾ ਕ੍ਰਿਸ਼ਮਾ ਕੀਤਾ ਹੈ। ਅਮਰੀਕੀ ਸਪਰਿੰਟਰ ਕੈਰੀ ਸ਼ਾ ਨੇ 100 ਮੀਟਰ ਰੇਸ 10.65 ਸੈਕਿੰਡ 'ਚ ਪੂਰੀ ਕਰਕੇ ਚੈਂਪੀਅਨ ਬਣਨ ਦਾ ਵੱਡਾ ਜਸ ਖੱਟਿਆ ਹੈ। ਇਹ ਕੈਰੀ ਰਿਚਡਰਸਨ ਦੇ ਕੈਰੀਅਰ ਦਾ ਪਹਿਲਾ ਗੋਲਡ ਮੈਡਲ ਹੋਣ ਤੋਂ ਇਲਾਵਾ ਉਸ ਦੀ ਪਰਸਨਲ ਬੈਸਟ ਟਾਈਮਿੰਗ ਵੀ ਹੈ। ਇਸ ਫਰਾਟਾ ਦੌੜ ਵਿੱਚ ਕੈਰੀ ਨੇ ਜਮਾਇਕਾ ਦੀ ਡਿਫੈਂਡਿੰਗ ਚੈਂਪੀਅਨ ਸ਼ੈਲੀ ਪਰਾਈਸ ਫਰੇਜ਼ਰ ਤੇ ਸ਼ਾਰਿਕਾ ਜੈਕਸਨ ਨੂੰ ਪਛਾੜਨ 'ਚ ਸ.ਫਲਤਾ ਹਾਸਲ ਕੀਤੀ ਹੈ। (**ਬਾਕੀ ਸ.ਫਾ 31 'ਤੇ**)

# ਐਮੀ ਵਿਰਕ ਤੇ ਸੋਨਮ ਬਾਜਵਾ ਦੀ ਫ਼ਿਲਮ 'ਕੁੜੀ ਹਰਿਆਣੇ ਵੱਲ ਦੀ'

## 14 ਜੂਨ ਨੂੰ ਸਿਨੇਮਾ ਘਰਾਂ ਵਿੱਚ ਲਗੇਗੀ, ਗੀਤ ਲਾਂਚ




ਚੰਡੀਗੜ੍ਹ/ਏ.ਟੀ.ਨਿਊਜ਼ : ਐਮੀ ਵਿਰਕ ਤੇ ਸੋਨਮ ਬਾਜਵਾ ਨੇ ਆਪਣੀ ਆਉਣ ਵਾਲੀ ਫ਼ਿਲਮ 'ਕੁੜੀ ਹਰਿਆਣੇ ਵੱਲ ਦੀ' ਦਾ ਫੈਸਟਿਵ ਗੀਤ ਲਾਂਚ ਕਰ ਦਿੱਤਾ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਪੰਜਾਬੀ ਫ਼ਿਲਮ ਵਿੱਚ ਪੰਜਾਬੀ ਅਤੇ ਹਰਿਆਣਵੀ ਆਵਾਜ਼ਾਂ ਨਾਲ ਜੁਗਲਬੰਦੀ ਦਾ ਗੀਤ ਹੋਵੇ। ਐਮੀ ਵਿਰਕ ਆਪਣੇ ਅਤੇ ਆਪਣੇ ਕਿਰਦਾਰ ਲਈ ਗਾ ਰਹੇ ਹਨ ਜਦਕਿ ਇਸ ਗੀਤ ਵਿੱਚ ਸੋਨਮ ਬਾਜਵਾ ਲਈ ਆਵਾਜ਼ ਹਰਿਆਣਵੀ ਗਾਇਕਾ ਕੋਮਲ ਚੌਧਰੀ ਨੇ ਦਿੱਤੀ ਹੈ। ਦਿਲਚਸਪ ਗੱਲ ਇਹ ਹੈ ਕਿ ਫ਼ਿਲਮ ਦੀ ਸ਼ੂਟਿੰਗ ਹਰਿਆਣਾ ਦੇ ਨਰਵਾਨਾ ਖੇਤਰ ਦੇ ਆਲੇ-ਦੁਆਲੇ ਕੀਤੀ ਗਈ ਹੈ, ਇਹ ਉਹ ਥਾਂ ਹੈ ਜਿੱਥੋਂ ਦੀ ਗਾਇਕਾ ਕੋਮਲ ਵਸਨੀਕ ਹੈ। ਟਾਈਟਲ ਗੀਤ ਦੋ ਸੱਭਿਆਚਾਰਾਂ ਦੇ ਇਕੱਠੇ ਆਉਣ ਦੇ ਜਸ਼ਨ ਵਜੋਂ ਹੈ ਜਿਸ ਨੂੰ ਮੇਲਾ, ਪਿਛੋਕੜ, ਜੀਵੰਤ ਪੰਜਾਬੀ ਭੰਗੜਾ, ਡਾਂਸਰਾਂ ਅਤੇ ਜੋਸ਼ੀਲੇ ਹਰਿਆਣਵੀ ਮਹਿਲਾ ਡਾਂਸਰਾਂ ਦੇ ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ। ਗੀਤ ਵਿੱਚ ਸੋਨਮ ਬਾਜਵਾ ਹਰਿਆਣਵੀ ਪੱਗ ਬੰਨ੍ਹੀ ਨਜ਼ਰ ਆਏਗੀ ਕਿਉਂਕਿ ਗੀਤ ਵਿਚ ਦੋਵਾਂ ਸੱਭਿਆਚਾਰਾਂ ਨੂੰ ਖ਼ੂਬਸੂਰਤੀ ਨਾਲ ਦਿਖਾਇਆ ਗਿਆ ਹੈ। ਫ਼ਿਲਮ ਮੈਗਾ ਬਲਾਕਬਸਟਰ ਪੰਜਾਬੀ ਫ਼ਿਲਮਾਂ 'ਹੌਂਸਲਾ ਰੱਖ, ਚੱਲ ਮੇਰਾ ਪੁੱਤ' ਸੀਰੀਜ਼ ਦੇ ਲੇਖਕ ਅਤੇ ਆਲੋਚਨਾਤਮਿਕ ਤੌਰ 'ਤੇ ਪ੍ਰਸ਼ੰਸਾਯੋਗ ਸੁਪਰਹਿੱਟ 'ਆਜਾ ਮੈਕਸੀਕੋ ਚੱਲੀਏ' ਦੇ ਨਿਰਦੇਸ਼ਕ ਰਾਕੇਸ਼ ਧਵਨ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਫ਼ਿਲਮ ਦਾ ਨਿਰਮਾਣ ਪਵਨ ਗਿੱਲ, ਅਮਨ ਗਿੱਲ ਅਤੇ ਸੰਨੀ ਗਿੱਲ ਬਲਾਕਬਸਟਰ ਪੰਜਾਬੀ ਐਂਟਰਟੇਨਰਾਂ 'ਛੜਾ ਅਤੇ ਪੁਆੜਾ' ਦੇ ਨਿਰਮਾਤਾਵਾਂ ਦੁਆਰਾ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਕੰਪਨੀ ਰਮਾਰਾ ਫਿਲਮਜ਼ ਦੇ ਅਧੀਨ ਪੇਸ਼ ਕੀਤਾ ਗਿਆ ਹੈ। ਫ਼ਿਲਮ 'ਕੁੜੀ ਹਰਿਆਣੇ ਵੱਲ ਦੀ/ਛੋਰੀ ਹਰਿਆਣੇ ਆਲੀ' ਅਗਲੇ ਮਹੀਨੇ 14 ਜੂਨ ਨੂੰ ਸਿਨੇਮਾਘਰਾਂ ਵਿੱਚ ਆਉਣ ਲਈ ਤਿਆਰ ਹੈ।

# ਹਮੇਸ਼ਾ ਚੇਤਿਆਂ 'ਚ ਰਹਿਣਗੇ ਆਸਾ ਸਿੰਘ ਮਸਤਾਨਾ



ਆਸਾ ਸਿੰਘ ਮਸਤਾਨਾ ਸਿਰਫ਼ ਪੰਜਾਬੀ ਗਾਇਕ ਹੀ ਨਹੀਂ ਸਗੋਂ ਪੰਜਾਬੀ ਲੋਕ ਗਾਇਕੀ ਦਾ ਇੱਕ ਯੁੱਗ ਸੀ। ਉਨ੍ਹਾਂ ਦੀ ਗਾਇਕੀ 'ਚ ਸ਼ਹਿਦ ਦੀ ਮਿਠਾਸ ਵਰਗਾ ਸੁਆਦ, ਗੁਲਾਬ ਦੇ ਫੁੱਲ ਵਰਗੀ ਮਹਿਕ, ਅੱਲ੍ਹੜ ਕੁੜੀ ਦੇ ਹਾਸੇ ਵਰਗਾ ਅੰਦਾਜ਼ ਤੇ ਨਿਰੰਤਰ ਚੱਲ ਰਹੇ ਪਾਣੀ ਵਰਗਾ ਵਹਾਅ ਹੈ। ਉਨ੍ਹਾਂ ਪਿਆਰ ਮੁਹੱਬਤ ਤੇ ਸਮਾਜਿਕ ਵਿਸ਼ਿਆਂ ਤੋਂ ਇਲਾਵਾ ਹਾਸੇ-ਠੱਠੇ ਵਾਲੇ ਗੀਤਾਂ ਰਾਹੀਂ ਵੀ ਨਾਮਣਾ ਖੱਟਿਆ।

ਉਨ੍ਹਾਂ ਦੀ ਇਹ ਵੀ ਵਿਸ਼ੇਸ਼ਤਾ ਰਹੀ ਹੈ ਕਿ ਦੋਗਾਣਾ ਗਾਇਕੀ ਦੇ ਦੌਰ 'ਚ ਵੀ ਆਪਣੇ ਸੋਲੋ ਸਾਹਿਤਕ ਗੀਤਾਂ ਰਾਹੀਂ ਮਕਬੂਲੀਅਤ ਹਾਸਿਲ ਕੀਤੀ, ਜਿਵੇਂ ਉਨ੍ਹਾਂ ਦੀ ਆਵਾਜ਼ ਵਿੱਚ ਸ਼ਿਵ ਕੁਮਾਰ ਬਟਾਲਵੀ ਦਾ ਗੀਤ 'ਮੈਨੂੰ ਤੇਰਾ ਸ਼ਬਾਬ ਲੈ ਬੈਠਾ' ਅਤੇ ਨੰਦ ਲਾਲ ਨੂਰਪੁਰੀ ਦਾ ਗੀਤ 'ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ' ਕਾਫ਼ੀ ਚਰਚਿਤ ਰਹੇ। ਉਨ੍ਹਾਂ ਦੀ ਗਾਇਕੀ ਦੀ ਇੱਕ ਹੋਰ ਵਿਸ਼ੇਸ਼ਤਾ ਵੀ ਹੈ ਕਿ ਉਹ ਕਾਮੇਡੀ ਭਰਪੂਰ ਗੀਤਾਂ ਦੀ ਪੇਸ਼ਕਾਰੀ ਵੀ ਕਰਦੇ ਸਨ, ਜਿਵੇਂ ਉਨ੍ਹਾਂ ਦਾ ਗੀਤ 'ਮੈਨੂੰ ਲੋਕਾਂ ਦਿੱਤੀ ਵਧਾਈ ਕਾਕਾ ਜੰਮ ਪਿਆ' ਬਹੁਤ ਮਕਬੂਲ ਹੋਇਆ। ਉਨ੍ਹਾਂ ਦੀ ਗਾਇਕੀ 'ਚ ਮਿਆਰ ਤੇ ਸਾਦਗੀ ਹੈ। ਅਸਲ ਜ਼ਿੰਦਗੀ 'ਚ ਵੀ ਉਹ ਸਾਦਾ ਇਨਸਾਨ ਸਨ।



**ਬਚਪਨ ਤੋਂ ਸੀ ਗਾਉਣ ਦਾ ਸ਼ੌਕ**

ਆਸਾ ਸਿੰਘ ਮਸਤਾਨਾ ਦਾ ਜਨਮ 22 ਅਗਸਤ 1927 ਨੂੰ ਸ਼ੇਖਪੁਰਾ ਪਾਕਿਸਤਾਨ ਵਿਖੇ ਪਿਤਾ ਪ੍ਰੀਤਮ ਸਿੰਘ ਤੇ ਮਾਤਾ ਅੰਮ੍ਰਿਤ ਕੌਰ ਦੇ ਘਰ ਹੋਇਆ। ਗਾਉਣ ਦਾ ਸ਼ੌਕ ਉਨ੍ਹਾਂ ਨੂੰ ਬਚਪਨ ਤੋਂ ਸੀ। ਉਨ੍ਹਾਂ ਨੇ ਸੰਗੀਤ ਦੀ ਮੁੱਢਲੀ ਸਿੱਖਿਆ ਪੰਡਿਤ ਦੁਰਗਾ ਪ੍ਰਸ਼ਾਦ ਤੋਂ ਪ੍ਰਾਪਤ ਕੀਤੀ ਸੀ। ਵੈਸੇ ਆਵਾਜ਼ ਵਿਚਲੀ ਮਿਠਾਸ ਉਨ੍ਹਾਂ ਨੂੰ ਕੁਦਰਤੀ ਦੇਣ ਸੀ ਤੇ ਚੰਗੀ ਸ਼ਾਇਰੀ ਦੀ ਚੋਣ ਉਨ੍ਹਾਂ ਦੀ ਤੀਖਣਬੁੱਧੀ ਅਤੇ ਵਧੀਆ ਰੁਚੀਆਂ ਕਰਕੇ ਸੀ।



**ਪਦਮਸ੍ਰੀ ਪੁਰਸਕਾਰ ਨਾਲ ਸਨਮਾਨਿਤ**

ਦੇਸ਼ ਵੰਡ ਤੋਂ ਬਾਅਦ ਉਹ ਦਿੱਲੀ ਆ ਵਸੇ। ਰੇਡੀਓ ਤੋਂ ਉਨ੍ਹਾਂ ਦਾ ਪਹਿਲਾ ਗੀਤ 1949 ਵਿੱਚ 'ਠੰਢੀਏ ਹਵਾਏ ਕਿਹੜੇ ਪਾਸਿਓਂ ਤੂੰ ਆਈਂ ਏਂ' ਪ੍ਰਸਾਰਿਤ ਹੋਇਆ। ਉਹ ਪੰਜਾਬੀ ਦੇ ਅਜਿਹੇ ਗਾਇਕ ਹਨ, ਜਿਨ੍ਹਾਂ ਨੂੰ ਪਦਮਸ੍ਰੀ ਵਰਗੇ ਕੌਮੀ ਐਵਾਰਡ ਨਾਲ 1985 'ਚ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਮਿਲੇ ਅਣਗਿਣਤ ਸਨਮਾਨਾਂ ਦੀ ਸੂਚੀ 'ਚ ਗੀਤ ਨਾਟਿਆ ਅਕੈਡਮੀ ਵੱਲੋਂ 1986 'ਚ ਸਨਮਾਨਿਤ ਕੀਤਾ ਜਾਣਾ ਵੀ ਫ਼ਖ਼ਰ ਵਾਲੀ ਗੱਲ ਸੀ। ਉਨ੍ਹਾਂ ਦੋਗਾਣੇ ਵੀ ਬਹੁਤ ਗਾਏ ਪਰ ਆਪਣੇ ਗੀਤਾਂ 'ਚ ਕਦੇ ਲੱਚਰਤਾ ਨੂੰ ਨੇੜੇ ਨਹੀਂ ਢੁਕਣ ਦਿੱਤਾ ਸੀ।

ਉਨ੍ਹਾਂ ਸਭ ਤੋਂ ਵੱਧ ਦੋਗਾਣੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨਾਲ ਗਾਏ। ਵੈਸੇ ਉਨ੍ਹਾਂ ਪੁਸ਼ਪਾ ਹੰਸ ਤੇ ਪ੍ਰਕਾਸ਼ ਕੌਰ ਨਾਲ ਵੀ ਕਾਫ਼ੀ ਗਾਇਆ। ਉਹ ਆਪਣੇ ਗੀਤਾਂ ਸਦਕਾ ਪੰਜਾਬੀ ਜਨ ਮਾਨਸ ਦੇ ਚੇਤਿਆਂ ਵਿੱਚ ਹਮੇਸ਼ਾਂ ਵੱਸਦੇ ਰਹਿਣਗੇ।

# ਲੋਕਾਈ ਦੀ ਬਾਤ ਪਾਉਂਦੇ ਨੰਦ ਲਾਲ ਨੂਰਪੁਰੀ ਦੇ ਗੀਤ

ਸੁਖਚੈਨ ਸਿੰਘ ਕੁਰੜ



ਨੰਦ ਲਾਲ ਨੂਰਪੁਰੀ ਪੰਜਾਬੀ ਮਾਂ-ਬੋਲੀ ਦਾ ਬਹੁਤ ਹੀ ਹਰਮਨ ਪਿਆਰਾ ਤੇ ਲਾਡਲਾ ਸ਼ਾਇਰ ਸੀ, ਜਿਸ ਨੂੰ ਹਾਲਾਤ ਅਤੇ ਮੌਤ ਦੇ ਪੰਜਿਆਂ ਨੇ ਬਹੁਤ ਛੇਤੀ ਸਾਡੇ ਕੋਲੋਂ ਖੋਹ ਲਿਆ ਪਰ ਅੱਜ ਵੀ ਉਸ ਦੇ ਰਚੇ ਹੋਏ ਗੀਤਾਂ ਤੇ ਰਚਨਾਵਾਂ ਦੀਆਂ ਧੁਨੀਆਂ ਪੰਜਾਬੀਆਂ ਦੇ ਕੰਨਾਂ ਵਿੱਚ ਰਸ ਘੋਲਦੀਆਂ ਹਨ। ਉਸ ਦਾ ਜਨਮ 3 ਜੂਨ 1906 ਨੂੰ ਪਿੰਡ ਨੂਰਪੁਰ, ਜ਼ਿਲ੍ਹਾ ਲਾਇਲਪੁਰ ਪਾਕਿਸਤਾਨ 'ਚ ਪਿਤਾ ਬਿਸ਼ਨ ਸਿੰਘ ਤੇ ਮਾਤਾ ਹੁਕਮ ਦੇਈ ਦੇ ਘਰ ਹੋਇਆ। ਆਪਣੇ ਪਿੰਡ ਦੇ ਨਾਂ ਨੂੰ ਆਪਣੇ ਨਾਂ ਨਾਲ ਜੋੜ ਕੇ ਨੰਦ ਲਾਲ ਨੇ ਨੂਰਪੁਰ ਪਿੰਡ ਦੇ ਮਾਣ ਨੂੰ ਦੁਨੀਆਂ 'ਚ ਪਛਾਣ ਦਿੱਤੀ।

1934 ਤੋਂ 1940 ਤਕ ਨੂਰਪੁਰੀ ਨੇ ਪੁਲਿਸ ਦੀ ਨੌਕਰੀ ਕੀਤੀ। ਪੁਲਿਸ ਦੀ ਨੌਕਰੀ ਦੌਰਾਨ ਇੱਕ ਮੁਕਾਬਲੇ ਨੇ ਉਸ ਦੇ ਮਨ ਨੂੰ ਕਾਫ਼ੀ ਠੇਸ ਪਹੁੰਚਾਈ। ਉਸ ਦਾ ਕਵੀ ਮਨ ਕੁਰਲਾ ਉੱਠਿਆ ਤੇ ਉਸ ਨੇ ਲਿਖਿਆ, 'ਏਥੋਂ ਉੱਡ'ਜਾ ਭੋਲਿਆ ਪੰਛੀਆ, ਵੇ ਤੂੰ ਆਪਣੀ ਜਾਨ ਬਚਾ।' ਪੁਲਿਸ ਦੀ ਨੌਕਰੀ ਛੱਡਣ ਤੋਂ ਬਾਅਦ ਪਰਿਵਾਰ ਦੇ ਗੁਜ਼ਾਰੇ ਲਈ ਨੂਰਪੁਰੀ ਨੇ ਉਸ ਸਮੇਂ ਲੋਕ ਸੰਪਰਕ ਵਿਭਾਗ ਤੇ ਰੇਡੀਓ ਰਾਹੀਂ ਕੁਝ ਸਮਾਂ ਆਪਣਾ ਵਕਤ ਲੰਘਾਇਆ। ਫਿਰ ਭਾਸ਼ਾ ਵਿਭਾਗ ਵਿੱਚ ਕੁਝ ਸਮਾਂ ਨੌਕਰੀ ਕੀਤੀ ਪਰ ਉਹ ਉੱਥੇ ਵੀ ਬਹੁਤਾ ਸਮਾਂ ਟਿਕ ਨਾ ਸਕਿਆ। ਉਸ ਦੀ ਸਾਹਿਤ ਸੇਵਾ ਤੇ ਦੇਸ਼ ਸੇਵਾ ਨੂੰ ਧਿਆਨ 'ਚ ਰੱਖਦਿਆਂ ਪੰਜਾਬ ਸਰਕਾਰ ਨੇ 75 ਰੁਪਏ ਮਹੀਨਾ ਵਜ਼ੀਫ਼ਾ ਵੀ ਲਗਾ ਦਿੱਤਾ। ਮੁੱਖ ਮੰਤਰੀ ਕਾਮਰੇਡ ਰਾਮ ਕਿਸ਼ਨ ਝਾਂਗੀ ਨੇ ਆਪਣੇ ਸਮੇਂ ਨੂਰਪੁਰੀ ਨੂੰ ਦਿੱਤੀ ਜਾਂਦੀ ਸਰਕਾਰੀ ਸਹਾਇਤਾ ਬੰਦ ਕਰ ਦਿੱਤੀ ਸੀ। ਉਸ ਤੋਂ ਬਾਅਦ ਦੇ ਹਾਲਾਤਾਂ ਨੇ ਨੂਰਪੁਰੀ ਨੂੰ ਕਾਫ਼ੀ ਨਿਰਾਸ਼ ਕਰ ਦਿੱਤਾ, ਉਹ ਖ਼ੁਦ ਲਿਖਦਾ ਹੈ, 'ਬੜਾ ਦੁਨੀਆ ਦਾ ਮੈਂ ਸਤਾਇਆ ਹੋਇਆ ਹਾਂ। ਤੰਗ ਇਸ ਜ਼ਿੰਦਗੀ ਤੋਂ ਆਇਆ ਹੋਇਆ ਹਾਂ।'

### ਫਿਲਮੀ ਗੀਤਕਾਰ ਵਜੋਂ ਬਣਾਈ ਪਛਾਣ

1940 ਵਿੱਚ ਨੂਰਪੁਰੀ ਬੀਕਾਨੇਰ ਤੋਂ ਪੰਜਾਬ ਆ ਗਿਆ। ਪ੍ਰੋ. ਮੋਹਨ ਸਿੰਘ ਅਨੁਸਾਰ 1940 'ਚ ਸ਼ੋਰੀ ਫਿਲਮ ਕੰਪਨੀ ਦੀ ਫਰਮਾਇਸ਼ 'ਤੇ ਨੂਰਪੁਰੀ ਨੇ ਪ੍ਰਸਿੱਧ ਫਿਲਮ 'ਮੰਗਤੀ' ਦੇ ਗਾਣੇ ਲਿਖੇ, ਜਿਸ ਨਾਲ ਫਿਲਮੀ ਗੀਤਕਾਰ ਵਜੋਂ ਉਸ ਦੀ ਪਛਾਣ ਬਣ ਗਈ। ਇਸ ਤੋਂ ਇਲਾਵਾ 'ਗੀਤ ਬਹਾਰਾਂ ਦੇ' ਅਤੇ 'ਵਲਾਇਤ ਪਾਸ' ਫਿਲਮਾਂ ਦੇ ਗੀਤਾਂ ਨੇ ਨੂਰਪੁਰੀ ਦੇ ਨਾਂ ਨੂੰ ਖ਼ੂਬ ਚਮਕਾਇਆ।

### ਕਾਵਿ ਵੰਨਗੀਆਂ ਪਾਈਆਂ ਸਾਹਿਤ ਦੀ ਝੋਲੀ

ਨੰਦ ਲਾਲ ਨੂਰਪੁਰੀ ਨੇ ਸਵਾ ਕੁ ਸੌ ਕਾਵਿ-ਵੰਨਗੀਆਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ, ਜਿਨ੍ਹਾਂ ਵਿੱਚ ਕਵਿਤਾਵਾਂ, ਗੀਤ ਤੇ ਗ਼ਜ਼ਲਾਂ ਸ਼ਾਮਿਲ ਹਨ। ਇਨ੍ਹਾਂ ਵਿੱਚ ਗੀਤਾਂ ਦੀ ਗਿਣਤੀ ਸਭ ਤੋਂ ਵੱਧ ਲਗਪਗ ਛੇ ਦਰਜਨ ਅਤੇ ਸਭ ਤੋਂ ਘੱਟ ਗ਼ਜ਼ਲਾਂ ਜਿਨ੍ਹਾਂ ਦੀ ਗਿਣਤੀ 12 ਮਿਲਦੀ ਹੈ। ਨੰਦ ਲਾਲ ਨੂਰਪੁਰੀ ਦੀਆਂ ਵੱਖ-ਵੱਖ ਪ੍ਰਕਾਸ਼ਤ ਪੁਸਤਕਾਂ 'ਚ ਸਭ ਤੋਂ ਪਹਿਲਾਂ 'ਨੂਰੀ ਪਰੀਆਂ' ਦਾ ਨਾਂ ਆਉਂਦਾ ਹੈ, ਜੋ ਉਸ ਸਮੇਂ ਲਾਹੌਰ ਤੋਂ ਛਪੀ ਸੀ। ਉਸ ਤੋਂ ਬਾਅਦ 'ਵੰਗਾਂ' ਦਾ ਜ਼ਿਕਰ ਆਉਂਦਾ ਹੈ। ਜੇ ਕਿਤਾਬ 'ਜਿਉਂਦਾ ਪੰਜਾਬ' ਦੀ ਗੱਲ ਕਰੀਏ ਤਾਂ ਉਸ ਦਾ ਮੁੱਖ ਵਿਸ਼ਾ ਪੰਜਾਬ ਹੀ ਹੈ। ਫਿਰ 'ਨੂਰਪੁਰੀ ਦੇ ਗੀਤ', ਉਸ ਤੋਂ ਬਾਅਦ 'ਸੌਗਾਤ' ਪੁਸਤਕ, ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪਹਿਲਾ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਇਸ ਕਿਤਾਬ ਦੀ ਭੂਮਿਕਾ ਲਿਖਦਿਆਂ ਹੀਰਾ ਸਿੰਘ ਦਰਦ ਨੂਰਪੁਰੀ ਦੇ ਗੀਤਾਂ ਨੂੰ ਸਮਾਜ ਲਈ ਸੌਗਾਤ ਮੰਨਦਾ ਹੈ। ਨੂਰਪੁਰੀ ਦੀ ਸਮੁੱਚੀ ਰਚਨਾ ਨੂੰ ਪੰਜਾਬੀ ਯੂਨੀਵਰਸਟੀ ਪਟਿਆਲਾ ਵੱਲੋਂ ਪ੍ਰੋਫੈਸਰ ਮੋਹਨ ਸਿੰਘ ਦੀ ਸੰਪਾਦਨਾ ਹੇਠ 1969 ਵਿੱਚ 'ਨੰਦ ਲਾਲ ਨੂਰਪੁਰੀ ਕਾਵਿ-ਸੰਗ੍ਰਹਿ' ਨਾਂ ਹੇਠ ਛਾਪਿਆ ਗਿਆ ਸੀ। ਇਸ ਪੁਸਤਕ ਦੀ 11 ਸਫ਼ਿਆਂ ਦੀ ਲੰਮੀ ਭੂਮਿਕਾ ਪ੍ਰੋ. ਮੋਹਨ ਸਿੰਘ ਹੁਰਾਂ ਹੀ ਲਿਖੀ ਸੀ।

### ਗੀਤਾਂ ਰਾਹੀਂ ਕਰ ਸਕਾਂ ਦੇਸ਼ ਦੀ ਖ਼ਿਦਮਤ

ਨੂਰਪੁਰੀ ਲਿਖਦਾ ਹੈ ਕਿ ਗੀਤ ਲਿਖਣਾ ਕਵਿਤਾ ਲਿਖਣ ਨਾਲੋਂ ਔਖਾ ਹੈ। ਜਿਸ ਦੇਸ਼ ਦੇ ਗੀਤ ਜਿਉਂਦੇ ਹਨ, ਉਹ ਦੇਸ਼ ਸਦਾ ਜਿਉਂਦਾ ਰਹਿੰਦਾ ਹੈ। ਉਸ ਦਾ ਕਹਿਣਾ ਸੀ ਕਿ ਆਪਣੇ ਗੀਤਾਂ ਰਾਹੀਂ ਲੋਕਾਂ ਨੂੰ ਕੁਝ ਦੇ ਸਕਾਂ, ਆਪਣੇ ਗੀਤਾਂ ਰਾਹੀਂ ਕੌਮ ਤੇ ਦੇਸ਼ ਦੀ ਖ਼ਿਦਮਤ ਕਰ ਸਕਾਂ।' ਨੂਰਪੁਰੀ ਨੇ ਇਹ ਵਿਚਾਰ ਸਿਰਫ਼ ਕਹਿਣ ਤਕ ਹੀ ਸੀਮਤ ਨਹੀਂ ਰੱਖੇ ਸਗੋਂ ਸਾਰੀ ਜ਼ਿੰਦਗੀ ਆਪਣੀ ਕਲਮ ਦੀ ਨੋਕ 'ਤੇ ਇਨ੍ਹਾਂ ਆਪਣੇ ਕਹੇ ਬੋਲਾਂ ਨੂੰ ਮਾਣ ਬਖ਼ਸ਼ਿਆ।

### ਨਵੀਂ ਪੀੜ੍ਹੀ ਨੂੰ ਹਾਣੀ ਲੱਗਦੇ ਗੀਤ

ਉਸ ਨੇ ਪਹਿਲਾ ਗੀਤ 'ਮੈਂ ਵਤਨ ਦਾ ਸ਼ਹੀਦ' 1925 'ਚ ਲਿਖਿਆ ਸੀ। ਉਸ ਸਮੇਂ ਦੇ ਚਰਚਿਤ ਕਲਾਕਾਰ (ਹਰਚਰਨ ਗਰੇਵਾਲ, ਆਸਾ ਸਿੰਘ ਮਸਤਾਨਾ, ਪ੍ਰਕਾਸ਼ ਕੌਰ, ਸੁਰਿੰਦਰ ਕੌਰ ਆਦਿ) ਉਸ ਦੇ ਲਿਖੇ ਗੀਤਾਂ ਨੂੰ ਗਾ ਕੇ ਖ਼ੁਦ ਨੂੰ ਭਾਗਾਂ ਵਾਲਾ ਸਮਝਦੇ ਸਨ। ਉਸ ਸਮੇਂ ਲਿਖੇ ਤੇ ਗਾਏ ਨੂਰਪੁਰੀ ਦੇ ਗੀਤ ਅੱਜ ਦੀ ਨਵੀਂ ਪੀੜ੍ਹੀ ਨੂੰ ਆਪਣੇ ਹਾਣੀ ਲੱਗਦੇ ਹਨ। ਉਸ ਦੇ ਲਿਖੇ ਗੀਤਾਂ ਨੂੰ ਸਭ ਤੋਂ ਵੱਧ ਗਾਉਣ ਦਾ ਮਾਣ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਹਿੱਸੇ ਆਇਆ।

### ਚੇਤਿਆਂ 'ਚ ਅੱਜ ਵੀ ਹਨ ਗੀਤ

ਜੇ ਨੂਰਪੁਰੀ ਦੇ ਲਿਖੇ ਗੀਤਾਂ ਵੱਲ ਝਾਤ ਮਾਰੀਏ ਤਾਂ ਉਹ ਅੱਜ ਵੀ ਲੋਕ ਮਨਾਂ 'ਤੇ ਆਪਣੀ ਪਛਾਣ ਬਣਾਈ ਬੈਠੇ ਹਨ, ਜਿਨ੍ਹਾਂ 'ਚੋਂ 'ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ', 'ਚੰਨ ਵੇ ਕਿ ਸ਼ੌਂਕਣ ਮੇਲੇ ਦੀ', 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਪਈਆਂ', 'ਹਟੋ ਨੀਂ ਸਹੇਲੀਓ', 'ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ' ਆਦਿ ਵੀ ਲੋਕਾਂ ਦੇ ਚੇਤਿਆਂ 'ਚ ਹਨ। ਧਰਮ ਨੂੰ ਸਤਿਕਾਰ ਦੇਣ ਵਾਲਾ ਇਨਸਾਨ ਨੂਰਪੁਰੀ ਦਿਖਾਵੇ ਦੀ ਥਾਂ ਰੂਹ ਤੋਂ ਧਰਮ ਨੂੰ ਸਤਿਕਾਰ ਦੇਣ ਵਾਲਾ ਇਨਸਾਨ ਸੀ। ਉਸ ਦੀ ਇਹ ਸੱਚੀ ਸੁੱਚੀ ਭਾਵਨਾ ਨੂੰ ਵੀ ਉਸ ਦੇ ਲਿਖੇ ਧਾਰਮਿਕ ਗੀਤਾਂ ਤੋਂ ਸਮਝਿਆ ਜਾ ਸਕਦਾ ਹੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਮੋਹ ਰੱਖਣ ਵਾਲੇ ਨੂਰਪੁਰੀ ਦੇ ਗੀਤਾਂ ਦਾ ਹਰ ਉਮਰ ਨੇ ਚਾਅ ਨਾਲ ਹਾਣ ਪ੍ਰਵਾਨ ਕੀਤਾ ਤੇ ਲੋਕਾਈ ਨੇ ਉਸ ਦੀ ਕਲਮ ਨੂੰ ਸਤਿਕਾਰ ਦਿੱਤਾ।

### ਜਿਉਂਦੇ ਜੀਅ ਨਹੀਂ ਮਿਲਿਆ ਸਨਮਾਨ

ਔਰਤ ਦੇ ਸਮਾਜ 'ਚ ਵੱਖ-ਵੱਖ ਰਿਸ਼ਤਿਆਂ ਤੇ ਮਨ ਦੀਆਂ ਭਾਵਨਾਵਾਂ, ਉਨ੍ਹਾਂ ਦੇ ਚਾਵਾਂ ਨੂੰ ਸੱਚੇ-ਸੁੱਚੇ ਸ਼ਬਦਾਂ ਨਾਲ ਗੀਤਾਂ 'ਚ ਪਰੋਣ ਦਾ ਵੱਡਾ ਮਾਣ ਵੀ ਨੂਰਪੁਰੀ ਦੀ ਕਲਮ ਦੇ ਹਿੱਸੇ ਹੀ ਆਇਆ ਹੈ। ਉਸ ਦੇ ਗੀਤ ਪੰਜਾਬੀ ਸੱਭਿਆਚਾਰ ਦਾ ਸ਼ੀਸ਼ਾ ਹਨ। ਇਸ ਮਹਾਨ ਕਲਮਕਾਰ ਨੂੰ ਜੋ ਮਾਣ-ਸਨਮਾਨ ਜਿਉਂਦੇ ਜੀਅ ਮਿਲਣਾ ਚਾਹੀਦਾ ਸੀ, ਉਹ ਨਹੀਂ ਮਿਲਿਆ। ਉਸ ਦੇ ਲਿਖੇ ਗੀਤਾਂ ਨੇ ਉਸ ਸਮੇਂ ਦੇ ਨਾਮਵਰ ਗਾਇਕਾਂ ਨੂੰ ਕੋਠੀਆਂ ਵਾਲੇ ਜ਼ਰੂਰ ਬਣਾ ਦਿੱਤਾ ਸੀ।

### ਲੋਕ ਮੰਚ ਪੰਜਾਬ ਸੰਸਥਾ ਵੱਲੋਂ ਨੰਦ ਲਾਲ ਨੂਰਪੁਰੀ ਪੁਰਸਕਾਰ

ਸ਼ਾਹਕਾਰ ਲੋਕ ਗੀਤਾਂ ਦੇ ਹਾਣ ਦੇ ਗੀਤ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਉਣ ਵਾਲੇ ਨੰਦ ਲਾਲ ਨੂਰਪੁਰੀ ਨੂੰ ਉਸ ਦੀ ਮੌਤ ਤੋਂ ਬਾਅਦ ਵੀ ਸਮੇਂ ਦੀਆਂ ਸਰਕਾਰਾਂ ਤੇ ਸਾਹਿਤਕ ਸੰਸਥਾਵਾਂ ਨੇ ਲਗਪਗ ਨਜ਼ਰ-ਅੰਦਾਜ਼ ਕੀਤਾ। ਸਾਲ 2022 ਤੋਂ ਲੋਕ ਮੰਚ ਪੰਜਾਬ ਸੰਸਥਾ ਵੱਲੋਂ ਹਰ ਸਾਲ ਸਾਫ਼-ਸੁਥਰੀ ਗੀਤਕਾਰੀ ਨੂੰ ਉਤਸ਼ਾਹਿਤ ਕਰਨ ਲਈ ਇਕ ਲੱਖ ਦੇ ਨਗਦ ਇਨਾਮ ਨਾਲ 'ਨੰਦ ਲਾਲ ਨੂਰਪੁਰੀ ਪੁਰਸਕਾਰ' ਸ਼ੁਰੂ ਕੀਤਾ। ਸਾਲ 2022 ਦਾ ਪਹਿਲਾ ਪੁਰਸਕਾਰ ਉੱਘੇ ਪੰਜਾਬੀ ਕਵੀ ਤੇ ਗੀਤਕਾਰ ਗੁਰਭਜਨ ਸਿੰਘ ਗਿੱਲ ਨੂੰ ਦਿੱਤਾ ਗਿਆ। ਸਾਲ 2023 ਦਾ ਨੰਦ ਲਾਲ ਨੂਰਪੁਰੀ ਪੁਰਸਕਾਰ ਉੱਘੇ ਗੀਤਕਾਰ ਤੇ ਗਾਇਕ ਪਾਲੀ ਦੇਤਵਾਲੀਆ ਨੂੰ ਦਿੱਤਾ ਗਿਆ।

## ਪ੍ਰਵਾਸੀ ਭਾਰਤੀਆਂ ਨੇ ਇੱਕ ਸਾਲ 'ਚ ਭਾਰਤੀ ਬੈਂਕਾਂ

**ਯਾਤਰਾ 'ਤੇ ਸਭ ਤੋਂ ਵੱਧ ਖਰਚ ਕੀਤਾ**

ਰੈਮੀਟੈਂਸ ਦੇ ਸਾਲਾਨਾ ਅੰਕੜਿਆਂ ਅਨੁਸਾਰ ਭਾਰਤੀਆਂ ਨੇ ਸਭ ਤੋਂ ਵੱਧ ਰਕਮ ਵਿਦੇਸ਼ ਯਾਤਰਾ ਕਰਕੇ ਖਰਚ ਕੀਤੀ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਭਾਰਤੀਆਂ ਨੇ ਵਿੱਤੀ ਸਾਲ 2024 ਵਿੱਚ ਵਿਦੇਸ਼ ਯਾਤਰਾ 'ਤੇ 17 ਬਿਲੀਅਨ ਡਾਲਰ (ਲਗਭਗ 1.41 ਲੱਖ ਕਰੋੜ ਰੁਪਏ) ਖਰਚ ਕੀਤੇ। ਪਿਛਲੇ ਸਾਲ ਸੈਰ-ਸਪਾਟੇ 'ਤੇ 13.6 ਅਰਬ ਡਾਲਰ (ਕਰੀਬ 1.11 ਲੱਖ ਕਰੋੜ ਰੁਪਏ) ਖਰਚ ਕੀਤੇ ਗਏ ਸਨ।

**ਸਿੱਖਿਆ ਦੇ ਖਰਚੇ ਵਿੱਚ ਕਮੀ**

ਵਿਦੇਸ਼ਾਂ ਵਿੱਚ ਪੜ੍ਹਾਈ ਲਈ ਭੇਜੀ ਜਾਣ ਵਾਲੀ ਰਾਸ਼ੀ ਲਗਾਤਾਰ ਘਟ ਰਹੀ ਹੈ। ਸਾਲ 2021 ਵਿੱਚ ਇਹ ਹਿੱਸਾ 30 ਫੀਸਦੀ ਸੀ। ਸਾਲ 2022 ਵਿੱਚ ਇਹ ਘਟ ਕੇ 26 ਫੀਸਦੀ ਰਹਿ ਜਾਵੇਗੀ। ਜਦੋਂ ਕਿ 2023 ਵਿੱਚ ਇਹ ਖਰਚ ਸਿਰਫ 12 ਫੀਸਦੀ ਹੀ ਰਹੇਗਾ। ਸਾਲ 2024 ਦਾ ਖਰਚਾ 2023 ਦੇ ਲਗਭਗ ਬਰਾਬਰ ਹੋਵੇਗਾ। ਫੀਸਾਂ 'ਤੇ ਘੱਟ ਖਰਚੇ ਦੇ ਕਾਰਨ, ਵਿਦੇਸ਼ ਵਿੱਚ ਪੜ੍ਹਾਈ ਹੁਣ ਵਿਦੇਸ਼ੀ ਮੁਦਰਾ ਖਰਚਿਆਂ ਦੀ ਦੂਜੀ ਸਭ ਤੋਂ ਵੱਡੀ ਸ਼੍ਰੇਣੀ ਨਹੀਂ ਹੈ। ਭਾਰਤੀਆਂ ਨੇ ਫੀਸਾਂ ਨਾਲੋਂ ਵਿਦੇਸ਼ਾਂ ਵਿੱਚ ਰਿਸ਼ਤੇਦਾਰਾਂ ਦੇ ਰੱਖ-ਰਖਾਅ 'ਤੇ ਜ਼ਿਆਦਾ ਖਰਚ ਕੀਤਾ। ਇਸ ਤੋਂ ਬਾਅਦ ਜ਼ਿਆਦਾਤਰ ਪੈਸਾ ਤੋਹਫ਼ੇ ਦੇਣ 'ਤੇ ਖਰਚ ਹੋ ਗਿਆ।

****

## ਵਿਸ਼ਵ ਸਿਹਤ ਸੰਗਠਨ ਅਨੁਸਾਰ ਕੋਵਿਡ ਕਾਰਨ

ਡਬਲਯੂ.ਐਚ.ਓ ਦੇ ਡਾਇਰੈਕਟਰ-ਜਨਰਲ ਟੇਡਰੋਸ ਅਡਾਨੋਮ ਘੇਬਰੇਅਸਸ ਨੇ ਕਿਹਾ ਕਿ ਅੰਕੜੇ ਵਿਸ਼ਵ ਸਿਹਤ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਸਿਹਤ ਵਿੱਚ ਲੰਬੇ ਸਮੇਂ ਦੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੇ ਮਹੱਤਵ ਨੂੰ ਉਜਾਗਰ ਕਰਦੇ ਹਨ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦਰਸਾਉਂਦੀ ਹੈ ਕਿ ਕੋਵਿਡ ਦੇ ਸ਼ੁਰੂਆਤੀ ਪੜਾਅ ਵਿੱਚ ਸਾਲ 2020-2021 ਦੌਰਾਨ 15.9 ਮਿਲੀਅਨ (1.59 ਕਰੋੜ) ਤੋਂ ਵੱਧ ਲੋਕਾਂ ਦੀ ਮੌਤ ਹੋਈ।

ਸਿਹਤ ਮਾਹਿਰਾਂ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੌਰਾਨ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਰਿਹਾ ਹੈ। ਇਹ 2020 ਵਿੱਚ ਵਿਸ਼ਵ ਪੱਧਰ 'ਤੇ ਮੌਤ ਦਾ ਤੀਜਾ ਪ੍ਰਮੁੱਖ ਕਾਰਨ ਸੀ ਅਤੇ 2021 ਵਿੱਚ ਦੂਜਾ ਪ੍ਰਮੁੱਖ ਕਾਰਨ ਸੀ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਇਹ ਵੀ ਉਜਾਗਰ ਕਰਦੀ ਹੈ ਕਿ ਗੈਰ-ਸੰਚਾਰੀ ਬਿਮਾਰੀਆਂ ਜਿਵੇਂ ਕਿ ਇਸਕੇਮਿਕ ਦਿਲ ਦੀ ਬਿਮਾਰੀ ਅਤੇ ਸਟ੍ਰੋਕ, ਕੈਂਸਰ, ਪੁਰਾਣੀ ਰੁਕਾਵਟ ਪਲਮਨਰੀ ਬਿਮਾਰੀ, ਅਲਜ਼ਾਈਮਰ ਰੋਗ-ਡਿਮੇਨਸ਼ੀਆ ਅਤੇ ਡਾਇਬੀਟੀਜ਼ ਵੀ ਵੱਡੀ ਗਿਣਤੀ ਵਿੱਚ ਮੌਤਾਂ ਦਾ ਕਾਰਨ ਬਣਦੇ ਹਨ। ਵਿਸ਼ਵ ਸਿਹਤ ਸੰਗਠਨ ਦੇ ਮਾਹਿਰਾਂ ਨੇ ਕਿਹਾ ਕਿ ਕੋਰੋਨਾ ਨੇ ਨਾ ਸਿਰਫ਼ ਸਿਹਤ ਨੂੰ ਸਿੱਧੇ ਤੌਰ 'ਤੇ ਗੰਭੀਰ ਨੁਕਸਾਨ ਪਹੁੰਚਾਇਆ ਹੈ, ਸਗੋਂ ਕੋਵਿਡ-19 ਕਾਰਨ ਪੈਦਾ ਹੋਏ ਹਾਲਾਤ ਨੇ ਦੁਨੀਆਂ ਭਰ ਵਿੱਚ ਕੁਪੋਸ਼ਣ ਦਾ ਬੋਝ ਵੀ ਵਧਾ ਦਿੱਤਾ ਹੈ। ਇਸ ਤੋਂ ਇਲਾਵਾ 2022 ਤੱਕ ਪੰਜ ਸਾਲ ਅਤੇ ਇਸ ਤੋਂ ਵੱਧ ਉਮਰ ਦੇ ਇੱਕ ਬਿਲੀਅਨ ਤੋਂ ਵੱਧ ਲੋਕ ਮੋਟਾਪੇ ਨਾਲ ਜੀ ਰਹੇ ਸਨ, ਜਦੋਂ ਕਿ ਅੱਧੇ ਬਿਲੀਅਨ ਤੋਂ ਵੱਧ ਭਾਰ ਘੱਟ ਸਨ। ਬੱਚਿਆਂ ਵਿੱਚ ਕੁਪੋਸ਼ਣ ਨੂੰ ਵੀ ਇੱਕ ਗੰਭੀਰ ਸਿਹਤ ਸਮੱਸਿਆ ਵਜੋਂ ਦੇਖਿਆ ਜਾ ਰਿਹਾ ਹੈ। ਇਹ ਸਾਰੀਆਂ ਸਥਿਤੀਆਂ ਸਮੁੱਚੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਸਮੇਂ ਤੋਂ ਪਹਿਲਾਂ ਮੌਤ ਦੇ ਜੋਖਮ ਨੂੰ ਵਧਾ ਸਕਦੀਆਂ ਹਨ।

***

## ਕੀ ਮੋਦੀ ਪ੍ਰਧਾਨ ਮੰਤਰੀ ਬਣ ਸਕਣਗੇ ?

ਯੋਗੇਂਦਰ ਯਾਦਵ ਨੇ ਵੀ ਕੇਰਲ ਤੋਂ ਉੜੀਸਾ ਤੱਕ ਵੋਟਾਂ ਅਤੇ ਸੀਟਾਂ ਦੋਵਾਂ 'ਤੇ ਭਾਜਪਾ ਦੀ ਅੱਗੇ ਵਧਣ ਤੇ ਜਿੱਤ ਦੀ ਭਵਿੱਖਬਾਣੀ ਕੀਤੀ ਹੈ। ਹਾਲਾਂਕਿ, ਉਸਨੇ ਅੱਗੇ ਕਿਹਾ ਕਿ ਇਹ ਲਾਭ ਓਨਾ ਵੱਡਾ ਨਹੀਂ ਹੋਵੇਗਾ ਜਿੰਨਾ ਭਾਜਪਾ ਉਮੀਦ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਰਲ, ਤਾਮਿਲਨਾਡੂ ਅਤੇ ਪੁਡੂਚੇਰੀ ਵਿੱਚ ਭਾਜਪਾ ਦੀਆਂ ਸੀਟਾਂ ਦੋ-ਦੋ ਸੀਟਾਂ ਵਧਣਗੀਆਂ ਅਤੇ ਸਹਿਯੋਗੀ ਪਾਰਟੀਆਂ ਨੂੰ ਵੀ ਦੋ ਸੀਟਾਂ ਮਿਲ ਸਕਦੀਆਂ ਹਨ। ਆਂਧਰਾ ਪ੍ਰਦੇਸ਼ 'ਚ ਭਾਜਪਾ 3 ਸੀਟਾਂ ਵਧਾ ਸਕਦੀ ਹੈ ਅਤੇ ਉਸ ਦੇ ਸਹਿਯੋਗੀ ਦਲਾਂ ਨੂੰ 12 ਸੀਟਾਂ ਮਿਲ ਸਕਦੀਆਂ ਹਨ। ਤੇਲੰਗਾਨਾ ਵਿੱਚ ਭਾਜਪਾ ਅਤੇ ਕਾਂਗਰਸ ਵਿਚਾਲੇ ਸਿੱਧੇ ਮੁਕਾਬਲੇ ਵਿੱਚ ਦੋਵਾਂ ਪਾਰਟੀਆਂ ਦੀਆਂ ਸੀਟਾਂ ਵਿੱਚ ਵਾਧਾ ਹੋਵੇਗਾ। ਇੱਥੇ ਭਾਜਪਾ ਚਾਰ ਸੀਟਾਂ ਦਾ ਵਾਧਾ ਕਰ ਸਕਦੀ ਹੈ। ਜਦੋਂ ਕਿ ਉੜੀਸਾ ਵਿੱਚ ਭਾਜਪਾ ਦੀਆਂ ਮੌਜੂਦਾ 8 ਸੀਟਾਂ ਵਿੱਚ ਚਾਰ ਹੋਰ ਸੀਟਾਂ ਜੁੜ ਸਕਦੀਆਂ ਹਨ।

ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਝਾਰਖੰਡ ਵਿੱਚ 10 ਸੀਟਾਂ ਗੁਆ ਸਕਦੀ ਹੈ। ਜਦੋਂ ਕਿ ਉੱਤਰ ਪ੍ਰਦੇਸ਼ ਵਿੱਚ ਭਾਜਪਾ ਨੂੰ 10 ਸੀਟਾਂ ਦਾ ਨੁਕਸਾਨ ਹੋ ਸਕਦਾ ਹੈ ਅਤੇ ਬਿਹਾਰ ਵਿੱਚ ਭਾਜਪਾ ਅਤੇ ਉਸ ਦੇ ਸਹਿਯੋਗੀ ਦਲਾਂ ਨੂੰ 5 ਤੋਂ 10 ਸੀਟਾਂ ਦਾ ਨੁਕਸਾਨ ਹੋ ਸਕਦਾ ਹੈ।

ਸਟਾਕ ਬਾਜ਼ਾਰ ਤੋਂ ਆ ਰਹੀਆਂ ਖ਼ਬਰਾਂ ਮੁਤਾਬਕ ਭਾਜਪਾ ਨੂੰ 300 ਤੋਂ ਘੱਟ ਸੀਟਾਂ ਮਿਲਣ ਦੀਆਂ ਖਬਰਾਂ ਸਨ, ਜਿਸ ਕਾਰਨ ਸ਼ੇਅਰ ਬਾਜ਼ਾਰ ਕਰੈਸ਼ ਹੋ ਗਿਆ ਸੀ। ਪਰ ਹੁਣ ਪਿਛਲੇ ਦੋ ਦਿਨਾਂ ਤੋਂ ਭਾਜਪਾ ਗੱਠਜੋੜ ਨੂੰ 325 ਸੀਟਾਂ ਮਿਲਣ ਦੀ ਖ਼ਬਰ ਨੇ ਬਾਜ਼ਾਰ ਨੂੰ ਹੁਲਾਰਾ ਦਿੱਤਾ ਹੈ, ਜਿਸ ਕਾਰਨ ਨਿਫਟੀ 23 ਹਜ਼ਾਰ ਦੇ ਅੰਕੜੇ ਨੂੰ ਛੂਹ ਗਿਆ ਸੀ।

ਹੁਣ ਅਗਲੇ ਦਿਨਾਂ ਵਿੱਚ ਸਟਾਕ ਮਾਰਕੀਟ ਦੀ ਸਥਿਤੀ ਕਿਹੋ ਜਿਹੀ ਰਹੇਗੀ, ਇਸ 'ਤੇ ਲੁਧਿਆਣਾ ਸਟਾਕ ਐਂਡ ਕੈਪੀਟਲ ਲਿਮਟਿਡ ਦੇ ਪ੍ਰਧਾਨ ਟੀ.ਐੱਸ. ਥਾਪਰ ਅਤੇ ਅਲੈਕਸੀ ਫਾਈਨੈਂਸ਼ੀਅਲ ਦੇ ਸੀਈਓ ਰਾਕੇਸ਼ ਉੱਪਲ ਦਾ ਕਹਿਣਾ ਹੈ ਕਿ ਸੱਟੇਬਾਜ਼ਾਂ ਤੋਂ ਮਿਲ ਰਹੇ ਸੰਕੇਤਾਂ ਦੇ ਅਨੁਸਾਰ, ਚੋਣ ਨਤੀਜਿਆਂ ਤੱਕ ਬਾਜ਼ਾਰ ਵਿੱਚ ਤੇਜ਼ੀ ਰਹੇਗੀ। ਕਾਰਨ, ਸਾਰੇ ਨਿਊਜ਼ ਚੈਨਲਾਂ ਅਤੇ ਮੀਡੀਆ ਦੇ ਸਰਵੇਖਣ ਅਤੇ ਸੱਟੇਬਾਜ਼ੀ ਦੇ ਬਾਜ਼ਾਰ ਦੇ ਸੰਕੇਤ ਇਹ ਦਿਖਾ ਰਹੇ ਹਨ ਕਿ ਭਾਜਪਾ ਗੱਠਜੋੜ 325 ਸੀਟਾਂ ਲੈ ਲਵੇਗਾ।

ਮੀਡੀਆ ਦੇ ਸਰਵੇਖਣ ਅਨੁਸਾਰ ਸੀਟਾਂ 'ਤੇ ਸੱਟਾ ਬਾਜ਼ਾਰ ਵਿੱਚ ਸੱਟਾ ਲੱਗ ਰਿਹਾ ਹੈ। ਉਕਤ ਬਾਜ਼ਾਰ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਅਗਲੇ ਪੰਜ ਸਾਲਾਂ 'ਚ ਬਾਜ਼ਾਰ ਸਾਰੇ ਰਿਕਾਰਡ ਤੋੜ ਦੇਵੇਗਾ। ਜੇਕਰ ਇਹ ਗਠਜੋੜ ਨਾਲ ਆਉਂਦਾ ਹੈ ਤਾਂ ਬਾਜ਼ਾਰ 25 ਫੀਸਦੀ ਤੱਕ ਡਿੱਗ ਸਕਦਾ ਹੈ।

****

## ਪੰਜਾਬ ਦਾ ਚੋਣ ਪ੍ਰਚਾਰ ਮੁੱਦਿਆਂ

ਉਨ੍ਹਾਂ ਕਿਹਾ ਕਿ ਪੰਜਾਬ ਦੇ 55 ਲੱਖ ਪਰਿਵਾਰਾਂ ਦੇ 25 ਲੱਖ ਨੌਜਵਾਨ ਵਿਹਲੇ ਭਟਕਦੇ ਫਿਰਦੇ ਹਨ।

ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਦਾ ਮੰਨਣਾ ਹੈ ਕਿ ਪਿਛਲੇ ਸਮੇਂ ਅੰਦਰ ਲੱਖਾਂ ਕਿਸਾਨ ਬੇਜ਼ਮੀਨੇ ਹੋ ਗਏ ਹਨ ਅਤੇ ਆਉਂਦੇ ਸਮੇਂ ਵਿੱਚ ਕਾਰਪੋਰੇਟ ਘਰਾਣੇ ਪੰਜਾਬ ਦੀ ਜ਼ਮੀਨ ਹੜੱਪਣ ਲਈ ਤਿਆਰ ਬੈਠੇ ਹਨ। ਇਹ ਕਿ ਭਾਰਤ ਦੀ ਸੰਸਦ ਵਿੱਚ 191 ਸੰਸਦ ਮੈਂਬਰ ਖੇਤੀਬਾੜੀ ਪਿਛੋਕੜ ਵਾਲੇ ਹਨ ਜਿਨ੍ਹਾਂ ਦੀ ਗਿਣਤੀ 21.48 ਫੀਸਦੀ ਬਣਦੀ ਹੈ। ਇਸ ਦੇ ਬਾਵਜੂਦ ਸਰਕਾਰਾਂ ਨੇ ਖੇਤੀ ਨਾਲ ਜੁੜੇ ਲੋਕਾਂ ਨੂੰ ਪ੍ਰਫੁੱਲਤ ਕਰਨ ਲਈ ਕੁਝ ਨਹੀਂ ਕੀਤਾ। ਚੋਣਾਂ ਦੇ ਮਾਹੌਲ ਵਿੱਚ ਦਾਅਵੇ-ਵਾਅਦੇ ਤਾਂ ਹੋ ਰਹੇ ਹਨ, ਲੇਕਿਨ ਕਿਸਾਨ-ਮਜਦੂਰ ਬੇਰੁਜਗਾਰ ਖੁਦਕੁਸ਼ੀਆਂ, ਸਵਾਮੀਨਾਥਨ (ਜੋ ਕਿ ਸਵਰਗ ਵੀ ਸਿਧਾਰ ਗਏ ਹਨ) ਕਮਿਸ਼ਨ ਦੀ ਰਿਪੋਰਟ ਸਾਰੀਆਂ ਫਸਲਾਂ ਦੀ ਐਮ.ਐਸ.ਪੀ ਦੇ ਮੁਦੇ ਹੱਲ ਨਹੀਂ ਕੀਤੇ ਗਏ।

ਲੇਖਕ ਗੁਰਬਿੰਦਰ ਸਿੰਘ ਮਾਣਕ ਦਾ ਕਹਿਣਾ ਹੈ ਕਿ ਕਿਸੇ ਦੇਸ਼ ਲਈ ਇਸ ਤੋਂ ਵੱਧ ਸ਼ਰਮਨਾਕ ਗੱਲ ਕੀ ਹੋ ਸਕਦੀ ਹੈ ਕਿ ਅੰਨਦਾਤਾ ਕਿਹਾ ਜਾਣ ਵਾਲਾ, ਦਿਨ ਰਾਤ ਖ਼ੂਨ-ਪਸੀਨਾ ਇੱਕ ਕਰਕੇ ਫਸਲਾਂ ਦੀ ਪੈਦਾਵਾਰ ਕਰਦਾ ਧਰਤੀ ਪੁੱਤਰ, ਆਪਣੀਆਂ ਹੱਕੀ ਤੇ ਵਾਜਬ ਮੰਗਾਂ ਮਨਵਾਉਣ ਲਈ ਦੂਜੀ ਵਾਰ ਫਿਰ ਸੰਘਰਸ਼ ਦੇ ਪਿੜ ਵਿੱਚ ਡਟਣ ਲਈ ਮਜਬੂਰ ਹੋਇਆ ਹੈ। ਜੇ ਪਹਿਲੇ ਅੰਦੋਲਨ ਤੋਂ ਬਾਅਦ ਸਰਕਾਰ ਨੇ ਕਿਸਾਨਾਂ ਦੀਆਂ ਪ੍ਰਮੁੱਖ ਮੰਗਾਂ, ਸਾਰੀਆਂ ਫਸਲਾਂ ਦੀਆਂ ਘੱਟੋ-ਘੱਟ ਕੀਮਤਾਂ ਨਿਰਧਾਰਤ ਕਰਨ ਦੀ ਗਰੰਟੀ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਦੀ ਰੌਸ਼ਨੀ ਵਿੱਚ ਫਸਲਾਂ ਦੇ ਭਾਅ ਨਿਸ਼ਚਿਤ ਕਰਨਾ, ਕਿਸਾਨਾਂ-ਮਜ਼ਦੂਰਾਂ ਦਾ ਕਾਰਪੋਰੇਟ ਘਰਾਣਿਆਂ ਵਾਂਗ ਕਰਜ਼ਾ ਮੁਆਫ ਕਰਨਾ, ਪਹਿਲੇ ਅੰਦੋਲਨ ਦੌਰਾਨ ਮਾਰੇ ਜਾ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦੇਣ ਅਤੇ ਹੋਰ ਕੁਝ ਮੰਗਾਂ ਮੰਨ ਲਈਆਂ ਹੁੰਦੀਆਂ ਤਾਂ ਕਿਸਾਨਾਂ ਨੂੰ ਦੂਜੀ ਵਾਰ ਸੰਘਰਸ਼ ਦੇ ਰਾਹ ਪੈਣ ਦੀ ਲੋੜ ਹੀ ਨਹੀਂ ਪੈਣੀ ਸੀ।

ਉਨ੍ਹਾਂ ਕਿਹਾ ਕਿ ਦੂਜੇ ਪਾਸੇ ਕਿਸਾਨੀ ਦੀ ਬਦਤਰ ਹਾਲਤ ਕਾਰਨ ਸਿਰ ਚੜ੍ਹੇ ਕਰਜ਼ੇ ਨੂੰ ਮੁਆਫ ਕਰਨ ਦੀ ਥਾਂ ਪੂਰਾ ਸਰਕਾਰੀਤੰਤਰ ਕਿਸਾਨ ਨੂੰ ਭੰਡਣ ਦੇ ਰਾਹ ਤੁਰ ਪੈਂਦਾ ਹੈ, ਜਿਵੇਂ ਸਾਰੇ ਦੇਸ਼ ਦੀਆਂ ਸਮੱਸਿਆਵਾਂ ਦਾ ਜ਼ਿੰਮੇਵਾਰ ਕਿਸਾਨ ਹੀ ਹੋਵੇ। ਰਾਜਸੀ ਹਲਕਿਆਂ ਦਾ ਮੰਨਣਾ ਹੈ ਕਿ ਇਨ੍ਹਾਂ ਚੋਣਾਂ ਦੇ ਨਤੀਜੇ ਮੁੱਖ ਮੰਤਰੀ ਭਗਵੰਤ ਮਾਨ ਦੇ ਭਵਿੱਖ ਅਤੇ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਭਵਿੱਖ ਲਈ ਵੀ ਕਾਫ਼ੀ ਮਹੱਤਵਪੂਰਨ ਹੋਣਗੇ। ਪੰਜਾਬ ਅੰਦਰ 1 ਜੂਨ ਨੂੰ ਪੈਣ ਵਾਲੀਆਂ ਵੋਟਾਂ ਵਿੱਚ ਸੂਬੇ ਦੇ 2 ਕਰੋੜ 14 ਲੱਖ ਤੋਂ ਵੱਧ ਵੋਟਰ ਭਾਜਪਾ, ਸ਼੍ਰੋਮਣੀ ਅਕਾਲੀ ਦਲ ਬਾਦਲ, ਕਾਂਗਰਸ, ਆਮ ਆਦਮੀ ਪਾਰਟੀ ਸਮੇਤ ਹੋਰਨਾਂ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਇਹ ਵੀ ਕਿ ਇਸ ਵਾਰ ਦੀਆਂ ਚੋਣਾਂ ਵਿੱਚ ਮੁਕਾਬਲੇ ਬਹੁਕੋਨੇ ਅਤੇ ਦਿਲਚਸਪ ਜਰੂਰ ਬਣੇ ਹੋਏ ਹਨ। ਪੰਜਾਬ ਦੇ ਵੋਟਰ ਵਿਚਲੀ ਮੌਜੂਦਾ ਬੇਚੈਨੀ, ਨਾਖ਼ੁਸ਼ੀ ਤੇ ਬੇਭਰੋਸਗੀ ਚੋਣ ਨਤੀਜਿਆਂ ਨੂੰ ਕਿਵੇਂ ਤੇ ਕਿੰਨਾ ਪ੍ਰਭਾਵਿਤ ਕਰੇਗੀ ਇਹ ਹੁਣ ਸਮਾਂ ਹੀ ਦੱਸੇਗਾ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਕੀ ਸੰਘ ਦੇ ਕੰਟਰੋਲ ਤੋਂ ਮੁਕਤ

ਭਾਵੇਂ ਇਹ ਕਹਿਣ ਦੀ ਲੋੜ ਨਹੀਂ ਕਿ ਪਿਛਲੇ 10 ਸਾਲਾਂ 'ਚ ਸਥਾਪਿਤ ਹੋਏ ਭਾਜਪਾ ਦੇ ਰਾਜਨੀਤਕ ਪ੍ਰਭੂਤਵ ਦਾ ਲਾਭ ਸੰਘ ਨੂੰ ਬਹੁਤ ਜ਼ਿਆਦਾ ਮਿਲਿਆ ਹੈ। ਅੱਜ ਸੰਘ ਦੇ ਵੱਖ-ਵੱਖ ਸੰਗਠਨਾਂ ਦੇ ਦਫ਼ਤਰ ਸ਼ਾਨਦਾਰ ਭਵਨਾਂ 'ਚ ਹਨ ਅਤੇ ਉਸ ਨਾਲ ਜੁੜੀਆਂ ਕਈ ਸ਼ਖ਼ਸੀਅਤਾਂ ਚਾਰਟਡ ਹਵਾਈ ਜਹਾਜ਼ਾਂ 'ਚ ਸਫ਼ਰ ਕਰਦੀਆਂ ਹਨ। ਮੈਨੂੰ ਲਗਦਾ ਹੈ ਕਿ ਸੰਘ ਜੇਕਰ ਚਾਹੁੰਦਾ ਤਾਂ ਬਿਨਾਂ ਭਾਜਪਾ ਸਰਕਾਰ ਦੇ ਵੀ ਇਸ ਤਰ੍ਹਾਂ ਦਾ ਵਿਕਾਸ ਕਰ ਸਕਦਾ ਸੀ। ਪਰ ਉਸ ਦੀ ਸੰਗਠਨਿਕ ਸੰਸਕ੍ਰਿਤੀ 'ਚ ਆਈ ਇਹ ਮਹਿਮਾ ਭਾਜਪਾ ਦੇ ਸਰਕਾਰੀਕਰਨ ਦੀ ਹੀ ਦੇਣ ਹੈ। ਸੰਘ ਦੇ ਅੰਦਰ ਮਾਹੌਲ ਅਤੇ ਸੰਰਚਨਾ 'ਤੇ ਨੇੜਿਓਂ ਨਜ਼ਰ ਰੱਖਣ ਵਾਲੇ ਜਾਣਕਾਰਾਂ ਦੀ ਮੰਨੀਏ ਤਾਂ ਸੰਘ ਦੇ ਸਿਖਰਲੇ ਅਹੁਦਿਆਂ 'ਤੇ ਅੱਜ ਅਜਿਹੇ ਲੋਕ ਤਾਇਨਾਤ ਹੋ ਚੁੱਕੇ ਹਨ, ਜੋ ਭਾਜਪਾ ਦੇ ਵਧਦੇ ਹੋਏ ਪ੍ਰਭੂਤਵ ਤੋਂ ਚਿੰਤਤ ਹੋਣ ਦੀ ਬਜਾਏ ਇਸ ਤੋਂ ਸਹਿਜ ਦਿਖਾਈ ਦਿੰਦੇ ਹਨ।

ਨੱਢਾ ਜੀ ਦਾ ਇਹ ਬਿਆਨ ਚੋਣਾਂ ਦੌਰਾਨ ਸਾਹਮਣੇ ਆਇਆ ਹੈ। ਖ਼ਾਸ ਕਰ ਇਕ ਅਜਿਹੇ ਮਾਹੌਲ 'ਚ ਜਦੋਂ ਸੋਇਮ ਸੇਵਕਾਂ ਦੁਆਰਾ ਅਧੂਰੇ ਮਨਾਂ ਨਾਲ ਚੋਣਾਵੀ ਮੁਹਿੰਮ 'ਚ ਭਾਗ ਲੈਣ ਦੀ ਚਰਚਾ ਗਰਮ ਹੈ। ਇਸ ਨੂੰ ਭਾਜਪਾ ਦੇ ਆਤਮ-ਵਿਸ਼ਵਾਸ ਦੀ ਪਛਾਣ ਵੀ ਮੰਨਿਆ ਜਾ ਸਕਦਾ ਹੈ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਸੋਇਮ ਸੇਵਕਾਂ ਦੀ ਲੋਕ ਸਭਾ ਚੋਣਾਂ ਸਮੇਂ ਉਪਰਾਮਤਾ ਦੇ ਹੋਰ ਵਧਣ ਤੋਂ ਵੀ ਪਾਰਟੀ ਦੇ ਪ੍ਰਧਾਨ ਪੂਰੀ ਤਰ੍ਹਾਂ ਬੇਪ੍ਰਵਾਹ ਦਿਖਾਈ ਦਿੰਦੇ ਹਨ।

ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

***

## ਸੋਨ ਤਗ਼ਮਿਆਂ ਦੇ ਦਾਅਵੇਦਾਰ

ਇਸ ਮੁਕਾਬਲੇ 'ਚ ਜੈਕਸਨ ਸ਼ਾਰਿਕਾ ਨੂੰ ਸਿਲਵਰ ਤੇ ਪਰਾਈਸ ਫਰੇਜ਼ਰ ਨੂੰ ਤਾਂਬੇ ਦਾ ਤਗ਼ਮਾ ਹਾਸਲ ਹੋਇਆ ਹੈ। ਟੋਕੀਓ ਉਲੰਪਿਕ 'ਚ 100 ਮੀਟਰ ਰੇਸ 'ਚ ਸ਼ੈਲੀ ਫਰੇਜ਼ਰ ਨੇ ਸਿਲਵਰ ਤੇ ਸ਼ਾਰਿਕਾ ਜੈਕਸਨ ਨੇ ਤਾਂਬੇ ਦਾ ਮੈਡਲ ਜਿੱਤਿਆ ਸੀ। 24 ਸਾਲਾ ਅਮਰੀਕਨ ਫਰਾਟਾ ਦੌੜਾਕ ਕੈਰੀ ਰਿਚਰਡਸਨ ਨੇ ਬੁਡਾਪੇਸਟ-2023 ਆਲਮੀ ਐਥਲੈਟਿਕਸ ਮੀਟ 'ਚ ਨਾ ਕੇਵਲ 100 ਮੀਟਰ ਫ਼ੱਰਾਟਾ ਰੇਸ 'ਚ ਗੋਲਡ ਮੈਡਲ ਜਿਤਿਆ ਸਗੋਂ 4×100 ਮੀਟਰ ਰੀਲੇਅ ਦੌੜ ਵਿੱਚ ਗੋਲਡ ਮੈਡਲ ਤੇ 200 ਮੀਟਰ ਦੌੜ 'ਚ ਤਾਂਬੇ ਦਾ ਤਗ਼ਮਾ ਜਿਤਣ ਦਾ ਕ੍ਰਿਸ਼ਮਾ ਕੀਤਾ ਹੈ। ਇਸ ਜਿੱਤ ਤੋਂ ਬਾਅਦ ਜੌਨ ਕਿਨਕੇਡ ਸਟੇਡੀਅਮ ਦੇ ਇਸ ਟਰੈਕ ਦਾ ਨਾਂ ਬਦਲ ਕੇ ਸ਼ਾ ਕੈਰੀ ਰਿਚਰਡਸਨ ਰਖ ਦਿੱਤਾ ਗਿਆ ਸੀ।

ਸ਼ਾ ਕੈਰੀ ਦਾ ਜਨਮ 25 ਮਾਰਚ, 2000 'ਚ ਅਮਰੀਕੀ ਸ਼ਹਿਰ ਡਾਲਾਸ 'ਚ ਹੋਇਆ। ਕੈਰੀ ਸ਼ਾ ਆਪਣੇ ਸਿਖਲਾਇਰ ਡੈਨਿਸ ਮਿਚੇਲ ਦੀ ਨਿਗਰਾਨੀ 'ਚ ਦੌੜਾਂ ਦੇ ਫਰਾਟੇ ਲਾਉਂਦੀ ਹੈ। ਕੈਰੀ ਸ਼ਾ ਦਾ ਪਾਲਣ-ਪੋਸ਼ਣ ਉਸ ਦੀ ਦਾਦੀ ਬੈਟੀ ਹਾਰਪ ਤੇ ਮਾਸੀ ਵਲੋਂ ਕੀਤਾ ਗਿਆ। ਟੋਕੀਓ-2020 ਉਲੰਪਿਕ ਕੁਆਲੀਫਾਈ ਰਾਊਂਡ ਖੇਡਣ ਤੋਂ ਹਫ਼ਤਾ ਪਹਿਲਾਂ ਸ਼ਾ ਕੈਰੀ ਦੀ ਮਾਂ ਦੀ ਮੌਤ ਹੋ ਗਈ ਪਰ ਉਲੰਪਿਕ ਕੁਆਲੀਫਾਈ ਟਰਾਇਲਾਂ ਕਰਕੇ ਕੈਰੀ ਦੀ ਮਾਂ ਦੀ ਮੌਤ ਦੀ ਜਾਣਕਾਰੀ ਨਹੀਂ ਦਿੱਤੀ। ਸਿਓਲ-1988 ਉਲੰਪਿਕ 'ਚ 100 ਤੇ 200 ਮੀਟਰ ਫਰਾਟਾ ਦੌੜਾਂ 'ਚ ਉਲੰਪਿਕ ਤੇ ਵਿਸ਼ਵ ਰਿਕਾਰਡ ਸਿਰਜਣ ਵਾਲੀ ਆਪਣੀ ਹਮਵਤਨਣ ਸਵਰਗਵਾਸੀ ਫਲੋ-ਜੋਅ ਦੇ ਰੰਗ-ਬਿਰੰਗੇ ਹੇਅਰ ਤੇ ਲੰਮੇ ਨਹੁੰਆਂ ਦੇ ਸਟਾਇਲ ਨੂੰ ਕਾਪੀ ਕਰਨ ਵਾਲੀ ਸ਼ਾ ਕੈਰੀ ਨੇ ਸਾਲ-2021 'ਚ ਖ਼ੁਲਾਸਾ ਕੀਤਾ ਸੀ ਕਿ ਸਮਲਿੰਗੀ ਹੋਣ ਕਰਕੇ ਉਹ ਇਕ ਲੜਕੀ ਨੂੰ ਪਿਆਰ ਕਰਦੀ ਹੈ। ਬੁਡਾਪੇਸਟ-2023 'ਚ ਫਰਾਟਾ ਦੌੜਣ 'ਚ ਤਿੰਨ ਤਗਮੇ ਜਿਤਣ ਵਾਲੀ ਕੈਰੀ ਸ਼ਾ ਨੇ ਫਰਵਰੀ 'ਚ ਖ਼ੁਲਾਸਾ ਕੀਤਾ ਸੀ ਕਿ ਉਸ ਦੀ ਅੱਖ ਹੁਣ ਪੈਰਿਸ-2024 ਉਲੰਪਿਕ ਖੇਡਾਂ 'ਚ ਫਰਾਟਾ ਦੌੜਾਂ ਵਿੱਚ ਤਗਮੇ ਜਿਤਣ 'ਤੇ ਹੈ, ਜਿਸ ਲਈ ਉਹ ਮੈਦਾਨ 'ਚ ਖ਼ੂਨ-ਪਸੀਨਾ ਇੱਕ ਕਰ ਰਹੀ ਹੈ।

****

## ਭਾਰਤੀ ਲੋਕਤੰਤਰ ਲਈ

ਹੱਦ ਤਾਂ ਉਸ ਸਮੇਂ ਹੋ ਗਈ ਜਦੋਂ ਮੋਦੀ ਸਰਕਾਰ ਦੇ ਨੀਤੀ ਆਯੋਗ ਵਿੱਚ ਤਾਇਨਾਤ ਇਕ ਵੱਡੇ ਅਫ਼ਸਰ ਨੇ ਕਿਹਾ ਕਿ ਭਾਰਤ 'ਚ ਲੋੜ ਤੋਂ ਜ਼ਿਆਦਾ ਲੋਕਤੰਤਰ ਹੈ, ਇਸ ਲਈ ਸਾਨੂੰ ਸਾਰਿਆਂ ਦੀ ਮਦਦ ਕਰਨੀ ਪੈਂਦੀ ਹੈ। ਚਿੰਤਾ ਵਾਲੀ ਗੱਲ ਤਾਂ ਇਹ ਹੈ ਇੱਕ ਭਾਜਪਾ ਸਮਰਥਕ ਰਾਜ ਸਭਾ 'ਚ ਮਨੋਨੀਤ ਕੀਤੇ ਗਏ ਵੱਡੇ ਨਿਆਂਇਕ ਅਫ਼ਸਰ ਨੇ ਤਾਂ ਮੌਜੂਦਾ ਸੰਵਿਧਾਨ ਦੀ ਹੁਣ ਦੇ ਸਮੇਂ 'ਚ ਸਾਰਥਕਤਾ 'ਤੇ ਹੀ ਸਵਾਲ ਕਰ ਦਿੱਤਾ ਹੈ। ਇਸ ਤੋਂ ਇਲਾਵਾ ਭਾਜਪਾ ਦੇ 400 ਤੋਂ ਵੱਧ ਸੀਟਾਂ ਜਿੱਤਣ ਦੇ ਐਲਾਨ ਅਤੇ ਕੁਝ ਭਾਜਪਾ ਆਗੂਆਂ ਵੱਲੋਂ ਨਵੀਂ ਪਾਰਲੀਮੈਂਟ ਵਾਂਗ ਨਵਾਂ ਸੰਵਿਧਾਨ ਬਣਾਉਣ ਦੇ ਐਲਾਨ ਨੇ ਪੱਛੜੇ, ਦੱਬੇ-ਕੁਚਲੇ ਤੇ ਘੱਟ ਗਿਣਤੀ ਭਾਈਚਾਰੇ ਵਿੱਚ ਘਬਰਾਹਟ ਪੈਦਾ ਕਰ ਦਿੱਤੀ ਹੈ। ਅਜਿਹੇ ਬਿਆਨਾਂ ਦਾ ਮਤਲਬ ਇੱਕ ਵੱਖਰੀ ਤਰ੍ਹਾਂ ਦਾ ਲੋਕਤੰਤਰ ਸਥਾਪਿਤ ਕਰਨ ਵੱਲ ਇਸ਼ਾਰਾ ਕਰਦਾ ਹੈ, ਜਿਸ 'ਚ ਇੱਕ ਖ਼ਾਸ ਫ਼ਿਰਕੇ ਜਾਂ ਧਰਮ ਨਾਲ ਸੰਬੰਧਿਤ ਲੋਕਾਂ ਦਾ ਰਾਜਨੀਤਕ, ਸੱਭਿਆਚਾਰ, ਸਮਾਜਿਕ, ਆਰਥਿਕ ਏਕਾ ਅਧਿਕਾਰਤ ਸਥਾਪਿਤ ਕੀਤਾ ਜਾ ਸਕੇ। ਭਾਰਤੀ ਲੋਕਤੰਤਰ ਵਿੱਚ ਪਿਛਲੇ ਦਸ ਸਾਲ 'ਚ ਹੋਈਆਂ ਤਬਦੀਲੀਆਂ ਦਾ ਅੰਤਰਰਾਸ਼ਟਰੀ ਸੰਗਠਨਾਂ ਤੇ ਹੋਰਨਾਂ ਨੇ ਵੀ ਨੋਟਿਸ ਲਿਆ ਹੈ, ਉਨ੍ਹਾਂ ਮੁਤਾਬਿਕ ਭਾਰਤੀ ਲੋਕਤੰਤਰ ਇੱਕ ਬਹੁਸੰਖਿਅਕ ਲੋਕਤੰਤਰ ਦੀ ਉਸਾਰੀ ਵੱਲ ਵਧ ਰਿਹਾ ਹੈ, ਜਿਸ ਤਰੀਕੇ ਨਾਲ ਰਾਜ ਕਰ ਰਹੀ ਪਾਰਟੀ ਦੀ ਸ਼ਹਿ 'ਤੇ ਗ਼ੈਰ-ਸੰਵਿਧਾਨਕ ਹਿੰਦੂ ਸੰਗਠਨ ਸਰਕਾਰੀ ਸ਼ਹਿ 'ਤੇ ਆਪਣੇ ਪੈਰ ਪਸਾਰ ਰਹੇ ਤੇ ਘੱਟ ਗਿਣਤੀਆਂ ਪ੍ਰਤੀ ਨਫ਼ਰਤ ਫੈਲਾਅ ਰਹੇ ਹਨ ਅਤੇ ਉਨ੍ਹਾਂ ਦੇ ਨੇਤਾਵਾਂ ਵੱਲੋਂ ਭੜਕਾਊ ਭਾਸ਼ਨ ਦਿੱਤੇ ਜਾ ਰਹੇ ਹਨ, ਉਸ ਨਾਲ ਘੱਟ ਗਿਣਤੀਆਂ ਤੇ ਆਮ ਅਵਾਮ 'ਚ ਭੈਅ ਪੈਦਾ ਹੋ ਗਿਆ ਹੈ। ਸਰਕਾਰੀ ਤੇ ਗ਼ੈਰ-ਸਰਕਾਰੀ ਦਮਨ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਨੂੰ ਪੂਰੀ ਤਾਕਤ ਨਾਲ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਸੁਪਰੀਮ ਕੋਰਟ ਵੱਲੋਂ ਸਰਕਾਰ ਦੇ ਕੰਮਾਂ 'ਤੇ ਲਗਾਤਾਰ ਸਵਾਲ ਉਠਾਏ ਜਾ ਰਹੇ ਹਨ ਪਰ ਸਰਕਾਰ ਆਪਣੇ ਤਰੀਕੇ ਨਾਲ ਉਸ ਵੱਲੋਂ ਉਠਾਏ ਮੁੱਦਿਆਂ ਸੰਬੰਧੀ ਟਾਲ-ਮਟੋਲ ਕਰਦੀ ਹੈ ਅਤੇ ਕਈ ਵਾਰੀ ਧਮਕੀ ਵਾਲੇ ਬਿਆਨਾਂ ਨਾਲ ਜਵਾਬ ਦਿੰਦੀ ਹੈ। ਇਸ ਨਾਲ ਸਥਿਤੀ ਹੋਰ ਵੀ ਭਿਆਨਕ ਹੁੰਦੀ ਜਾ ਰਹੀ ਹੈ। ਕੁਲ ਮਿਲਾ ਕੇ ਦੇਸ਼ ਵੱਡੇ ਇਮਤਿਹਾਨ 'ਚੋਂ ਗੁਜ਼ਰ ਰਿਹਾ ਹੈ। 2024 ਦੀਆਂ ਚੋਣਾਂ ਦੇਸ਼ ਤੇ ਨਾਗਰਿਕਾਂ ਦਾ ਆਉਂਦੇ ਸਮੇਂ ਲਈ ਭਵਿੱਖ ਤੈਅ ਕਰਨਗੀਆਂ। ਹੁਣ ਇਹ ਨਾਗਰਿਕਾਂ ਨੇ ਦੇਖਣਾ ਹੈ ਕਿ ਉਹ ਕਿਸ ਕਿਸਮ ਦਾ ਭਾਰਤੀ ਲੋਕਤੰਤਰ ਤੇ ਆਪਣਾ ਭਵਿੱਖ ਦੇਖਣਾ ਚਾਹੁੰਦੇ ਹਨ। ਹੁਣ ਤੱਕ ਹੋਈਆਂ ਚੋਣਾਂ ਵਿੱਚ ਲਗਦਾ ਹੈ ਕਿ ਚੋਣਾਂ ਵਿੱਚ ਲੋਕਾਂ ਦਾ ਫ਼ੈਸਲਾ ਪਿਛਲੇ ਸਮਿਆਂ ਵਾਂਗ ਲੋਕਤੰਤਰ ਨੂੰ ਬਚਾਉਣ ਤੇ ਤਕੜਾ ਕਰਨ ਵਾਲੇ ਪਾਸੇ ਹੋਵੇਗਾ ਤੇ ਵਿਨਾਸ਼ਕਾਰੀ ਤੇ ਤਬਾਹਕੁਨ ਤਾਕਤਾਂ ਦੀ ਵੱਡੀ ਹਾਰ ਹੋਵੇਗੀ।

***

## ਸਿੱਖਿਆ ਖੇਤਰ ਲਈ ਆਰਟੀਫ਼ੀਸ਼ਲ

ਜੇਕਰ ਐਕੁਅਟੀ ਲਈ ਵਿਚਾਰਾਂ ਦੇ ਨਾਲ ਲਾਗੂ ਨਾ ਕੀਤਾ ਗਿਆ, ਕਿਉਂਕਿ ਹੇਠਲੇ ਸਮਾਜਿਕ-ਆਰਥਿਕ ਪਿਛੋਕੜ ਵਾਲੇ ਵਿਦਿਆਰਥੀਆਂ ਕੋਲ ਆਰਟੀਫ਼ੀਸ਼ਲ ਇੰਟੈਲੀਜੈਂਸ-ਸਮਰੱਥ ਸਰੋਤਾਂ ਤਕ ਘੱਟ ਪਹੁੰਚ ਹੋ ਸਕਦੀ ਹੈ।

ਸਿੱਖਿਆ ਵਿੱਚ ਆਰਟੀਫ਼ੀਸ਼ਲ ਇੰਟੈਲੀਜੈਂਸ ਦੀ ਭੂਮਿਕਾ ਪਰਿਵਰਤਨਸ਼ੀਲ ਹੈ, ਜੋ ਵਿਅਕਤੀਗਤ ਸਿੱਖਣ, ਪ੍ਰਬੰਧਕੀ ਕੁਸ਼ਲਤਾ ਅਤੇ ਪਹੁੰਚਯੋਗਤਾ ਵਿੱਚ ਮਹੱਤਵਪੂਰਨ ਸੁਧਾਰਾਂ ਦੀ ਪੇਸ਼ਕਸ਼ ਕਰਦੀ ਹੈ।

ਹਾਲਾਂਕਿ ਆਰਟੀਫ਼ੀਸ਼ਲ ਇੰਟੈਲੀਜੈਂਸ ਨੂੰ ਸਿੱਖਿਆ ਵਿੱਚ ਆਪਣੀ ਪੂਰੀ ਸਮਰੱਥਾ ਤਕ ਪਹੁੰਚਣ ਲਈ ਨੈਤਿਕ ਮੁੱਦਿਆਂ 'ਤੇ ਧਿਆਨ ਨਾਲ ਵਿਚਾਰ ਕਰਨਾ, ਬਰਾਬਰ ਪਹੁੰਚ, ਅਤੇ ਆਰਟੀਫ਼ੀਸ਼ਲ ਇੰਟੈਲੀਜੈਂਸ ਸਾਧਨਾਂ ਦਾ ਨਿਰੰਤਰ ਮੁਲਾਂਕਣ ਅਤੇ ਵਿਦਿਆਰਥੀਆਂ ਉੱਤੇ ਉਹਨਾਂ ਦੇ ਪ੍ਰਭਾਵ ਜ਼ਰੂਰੀ ਹਨ।

ਇਹ ਯਕੀਨੀ ਬਣਾਉਣ ਲਈ ਕਿ ਆਰਟੀਫ਼ੀਸ਼ਲ ਇੰਟੈਲੀਜੈਂਸ ਸਾਰੇ ਵਿਦਿਆਰਥੀਆਂ ਲਈ ਵਿੱਦਿਅਕ ਨਤੀਜਿਆਂ ਨੂੰ ਵਧਾਉਣ ਲਈ ਇੱਕ ਸਾਧਨ ਵਜੋਂ ਕੰਮ ਕਰਦਾ ਹੈ, ਭਵਿੱਖ ਵਿੱਚ ਇਸਦੀ ਵਰਤੋਂ ਹੋਰ ਵੀ ਮਹੱਤਵਪੂਰਨ ਹੋਵੇਗੀ।

***

## ਵੱਡੀ ਗਿਣਤੀ ਵੋਟਰਾਂ ਦੀ ਚੋਣਾਂ

ਉਨ੍ਹਾਂ ਲਈ ਚੋਣਾਂ ਤੋਂ ਵੱਡਾ ਸਰੋਕਾਰ ਇਹੀ ਹੁੰਦਾ ਹੈ ਕਿ ਉਨ੍ਹਾਂ ਨੂੰ ਲਗਾਤਾਰ ਕੰਮ ਮਿਲਦਾ ਰਹੇ ਅਤੇ ਉਨ੍ਹਾਂ ਦਾ ਪਰਿਵਾਰ ਸੁਰੱਖਿਅਤ ਰਹੇ। ਉਨ੍ਹਾਂ ਦੀ ਚੋਣ ਵਿੱਚ ਕਿੰਨੀ ਕੁ ਦਿਲਚਸਪੀ ਹੋ ਸਕਦੀ ਹੈ? ਦੁਨੀਆਂ ਵਿੱਚ ਭਾਰਤ ਹੀ ਇੱਕ ਉਹ ਦੇਸ਼ ਹੈ, ਜਿਸ ਦੀ 67 ਫ਼ੀਸਦੀ ਵਸੋਂ ਜੋ 90 ਕਰੋੜ ਦੇ ਕਰੀਬ ਬਣਦੀ ਹੈ, ਵਾਸਤੇ ਲਗਾਤਾਰ ਸਸਤਾ ਅਨਾਜ ਮਿਲਣਾ ਹੀ ਸਭ ਤੋਂ ਪਾਇਦਾਰ ਸਮਾਜਿਕ ਸੁਰੱਖਿਆ ਹੈ, ਜਿਸ ਸਮਾਜਿਕ ਸੁਰੱਖਿਆ ਦੇ ਅਰਥ ਵਿਕਸਿਤ ਦੇਸ਼ਾਂ ਵਿੱਚ ਕੁਝ ਹੋਰ ਹਨ, ਅਜਿਹੀਆਂ ਹਾਲਤਾਂ ਕਰਕੇ ਹੀ ਵਸੋਂ ਦਾ ਇੱਕ ਵੱਡਾ ਹਿੱਸਾ ਚੋਣਾਂ ਵਿੱਚ ਭਾਗੀਦਾਰ ਬਣਨ ਵਿੱਚ ਸਫ਼ਲ ਨਹੀਂ ਹੁੰਦਾ।

***

## ਮਜ਼ਬੂਤ ਅਰਥਵਿਵਸਥਾ ਵਾਲੇ ਦੇਸ਼ ਭਾਰਤ

ਅਮਰੀਕਾ, ਕੈਨੇਡਾ, ਜਰਮਨੀ ਵਰਗੇ ਦੇਸ਼ਾਂ ਦੇ ਲੋਕਾਂ ਦੀ ਤੁਲਨਾ ਅਸੀਂ ਆਪਣੇ ਦੇਸ਼ ਦੇ ਗ਼ਰੀਬ ਰਾਜਾਂ ਦੇ ਲੋਕਾਂ ਨਾਲ ਕਿਵੇਂ ਕਰ ਸਕਦੇ ਹਾਂ? ਉੱਥੋਂ ਦੀਆਂ ਸਰਕਾਰਾਂ ਲੋਕਾਂ ਤੋਂ ਟੈਕਸ ਲੈਂਦੀਆਂ ਹਨ ਪਰ ਬਦਲੇ 'ਚ ਹਰ ਤਰ੍ਹਾਂ ਦੀਆਂ ਸਹੂਲਤਾਂ ਨਾਗਰਿਕਾਂ ਨੂੰ ਦਿੰਦੀਆਂ ਹਨ। ਸਾਡੇ ਦੇਸ਼ 'ਚ ਤਾਂ ਨਵੀਆਂ ਨੌਕਰੀਆਂ ਦੇਣ ਦੀ ਥਾਂ ਰੇਲਵੇ, ਹਵਾਈ ਅੱਡਿਆਂ, ਬੈਂਕਾਂ, ਬੀਮਾ ਅਤੇ ਕੋਲਾ ਵਰਗੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਕੇ ਇਨ੍ਹਾਂ 'ਚ ਨੌਕਰੀਆਂ ਕਰਦੇ ਲੱਖਾਂ ਲੋਕਾਂ ਨੂੰ ਵੀ ਬੇਰੁਜ਼ਗਾਰੀ ਵੱਲ ਧੱਕਿਆ ਜਾ ਰਿਹਾ ਹੈ। ਦੇਸ਼ ਦੀਆਂ ਲੱਖਾਂ ਗ਼ਰੀਬ ਔਰਤਾਂ ਨੂੰ ਵੀ ਉਜਵਲਾ ਯੋਜਨਾ ਦੇ ਤਹਿਤ ਮੁਫ਼ਤ ਗੈਸ ਸਿਲੰਡਰ ਵੰਡ ਕੇ ਇਸ ਨੂੰ ਭਲਾਈ ਯੋਜਨਾਵਾਂ ਦਾ ਨਾਂਅ ਦਿੱਤਾ ਜਾ ਰਿਹਾ ਹੈ ਪਰ ਇਹ ਲੋਕ ਗ਼ਰੀਬ ਹੋਣ ਕਾਰਨ 940 ਰੁਪਏ ਦਾ ਮਹਿੰਗਾ ਸਿਲੰਡਰ ਮੁੜ ਕਿਵੇਂ ਭਰਵਾਉਣਗੇ, ਇਸ ਬਾਰੇ ਨਹੀਂ ਸੋਚਿਆ ਗਿਆ। ਦੇਸ਼ ਦੀ ਆਬਾਦੀ ਜ਼ਿਆਦਾ ਹੋਣ ਕਾਰਨ ਇਕੱਲਾ ਸਰਕਾਰੀ ਤੇ ਨਾ ਹੀ ਇਕੱਲਾ ਗ਼ੈਰ-ਸਰਕਾਰੀ ਖੇਤਰ ਏਨੇ ਲੋਕਾਂ ਨੂੰ ਰੁਜ਼ਗਾਰ ਦੇ ਸਕਦਾ ਹੈ, ਪਰ ਸਰਕਾਰੀ ਖ਼ੇਤਰ ਨੂੰ ਖ਼ਤਮ ਕਰਨ ਦੇ ਰਾਹ 'ਤੇ ਚੱਲ ਰਹੀ ਸਰਕਾਰ ਇਹ ਨਹੀਂ ਸੋਚ ਰਹੀ ਕਿ ਕਰੋੜਾਂ ਲੋਕਾਂ ਨੂੰ ਨਿੱਜੀ ਖ਼ੇਤਰ 'ਚ ਨੌਕਰੀਆਂ ਕਿਵੇਂ ਮਿਲ ਸਕਦੀਆਂ ਹਨ, ਜਿੱਥੇ ਮਿਹਨਤਾਨਾ ਲੋੜਾਂ ਦੀ ਪੂਰਤੀ ਮੁਤਾਬਿਕ ਨਹੀਂ, ਸਗੋਂ ਸਾਹ ਚਲਦੇ ਰਹਿਣ ਤੱਕ ਸੀਮਤ ਹੁੰਦਾ ਹੈ। ਆਮ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕੇ ਬਿਨਾਂ ਦੇਸ਼ ਦੀ ਵਿਕਸਿਤ ਦੇਸ਼ਾਂ ਨਾਲ ਬਰਾਬਰੀ ਦੀਆਂ ਗੱਲਾਂ ਕਰਨਾ ਲੋਕਾਂ ਦੀਆਂ ਅੱਖਾਂ 'ਚ ਧੂੜ ਪਾਉਣ ਤੋਂ ਬਿਨਾਂ ਕੁਝ ਨਹੀਂ।

***

## ਕੋਧਰੇ ਦੀ ਖੇਤੀ ਕਰਕੇ ਗੁਰਦਾਸਪੁਰ ਦੇ ਕਿਸਾਨ

ਉਹ ਸੋਸ਼ਲ ਮੀਡਿਆ ਰਾਹੀਂ ਵੀ ਗਾਹਕ ਜੋੜਨ ਵਿੱਚ ਸਫਲ ਰਹੇ। ਹੁਣ ਉਨ੍ਹਾਂ ਨੂੰ ਇਸ ਕੰਮ ਤੋਂ ਚੰਗੀ ਆਮਦਨ ਹੈ। ਇਸ ਤੋਂ ਇਲਾਵਾ ਵੀ ਉਨ੍ਹਾਂ ਵੱਲੋਂ ਆਪਣੇ ਤੌਰ 'ਤੇ ਇੱਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਉਹ ਬਿਨਾਂ ਕਿਸੇ ਪੈਸੇ ਦੇ ਮੋਟੇ ਅਨਾਜਾਂ ਦਾ ਬੀਜ ਕਿਸਾਨਾਂ ਨੂੰ ਮੁਹਈਆ ਕਰਦੇ ਹਨ। ਜੇ ਕੋਈ ਕਿਸਾਨ ਇਸ ਬਾਰੇ ਜਾਣਕਾਰੀ ਵੀ ਲੈਣਾ ਚਾਹੁੰਦਾ ਹੈ ਤਾਂ ਉਹ ਆਪਣੇ ਖੇਤਾਂ ਵਿੱਚ ਇੱਕ ਤਰ੍ਹਾਂ ਨਾਲ ਫਾਰਮ ਸਕੂਲ ਵੀ ਚਲਾਉਂਦੇ ਹਨ ਅਤੇ ਕਿਸਾਨਾਂ ਨੂੰ ਟ੍ਰੇਨਿੰਗ ਦਿੰਦੇ ਹਨ। ਗੁਰਮੁਖ ਸਿੰਘ ਦੱਸਦੇ ਹਨ ਕਿ ਉਨ੍ਹਾਂ ਨਾਲ ਕੁਝ ਕਿਸਾਨ ਜੁੜੇ ਵੀ ਹੋਏ ਹਨ ਪਰ ਫਿਲਹਾਲ ਉਹ ਬਹੁਤ ਘੱਟ ਰਕਬੇ ਵਿੱਚ ਮੋਟੇ ਅਨਾਜਾਂ ਦੀ ਖੇਤੀ ਕਰ ਰਹੇ ਹਨ। ਅੱਗੇ ਜਾ ਕੇ ਉਹ ਉਨ੍ਹਾਂ ਕਿਸਾਨਾਂ ਵੱਲੋਂ ਫ਼ਸਲ ਦੇ ਝਾੜ ਤੋਂ ਬਾਅਦ ਉਨ੍ਹਾਂ ਦੇ ਇਸ ਪ੍ਰੋਸੈਸਿੰਗ ਯੂਨਿਟ ਵਿੱਚ ਹੀ ਫ਼ਸਲ ਪ੍ਰੋਸੈਸ ਕਰਨ ਵਿੱਚ ਵੀ ਮਦਦ ਕਰਦੇ ਹਨ।

ਕਿਸਾਨ ਗੁਰਮੁਖ ਸਿੰਘ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਇਸ ਖੇਤੀ ਨਾਲ ਜੁੜੇ ਕਿਸਾਨਾਂ ਨੂੰ ਵਿਸ਼ੇਸ ਸਬਸਿਡੀ ਦੇਵੇ ਜਾ ਫਿਰ ਇਨ੍ਹਾਂ ਫ਼ਸਲਾਂ ਦੀ ਐਮ.ਐਸ.ਪੀ. ਤੈਅ ਹੋਵੇ ਤਾਂ ਹੋਰ ਕਿਸਾਨ ਵੀ ਇਸ ਪਾਸੇ ਮੂੰਹ ਕਰ ਸਕਦੇ ਹਨ। ਉਨ੍ਹਾਂ ਦਾ ਕਹਿਣਾ ਹੈ ਮੂਲ ਅਨਾਜ ਬੀਜਣ ਦੌਰਾਨ ਹੀ ਪਾਣੀ ਲੱਗਦਾ ਹੈ। ਇਹ ਬਿਨਾਂ ਦਵਾਈ ਦੀ ਫ਼ਸਲ ਹੈ। ਝਾੜ ਤੋਂ ਬਾਅਦ ਵੀ ਇਨ੍ਹਾਂ ਫ਼ਸਲਾਂ ਦੀ ਸਾਂਭ ਸੰਭਾਲ ਵਿੱਚ ਵੀ ਕੋਈ ਦਿੱਕਤ ਨਹੀਂ ਹੈ ਕਿਉਂਕਿ ਇਹਨਾਂ ਨੂੰ ਕੋਈ ਕੀੜਾ ਨਹੀਂ ਲੱਗਦਾ। ਇਨ੍ਹਾਂ ਫ਼ਸਲਾਂ ਨਾਲ ਪਾਣੀ ਦੀ ਵੀ ਵੱਡੀ ਬਚਤ ਹੁੰਦੀ ਹੈ। ਇਹ ਸਿਹਤ, ਪਾਣੀ, ਵਾਤਾਵਰਣ ਤੇ ਮਿੱਟੀ ਦੀ ਸਿਹਤ ਲਈ ਵੀ ਵਰਦਾਨ ਹੈ।

ਖੇਤੀਬਾੜੀ ਮਾਹਿਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਭਾਰਤ ਵਿੱਚ ਮੂਲ ਅਨਾਜ ਮਹਾਰਾਸ਼ਟਰ, ਕਰਨਾਟਕ, ਗੁਜਰਾਤ ਅਤੇ ਰਾਜਸਥਾਨ ਸੂਬਿਆਂ ਵਿੱਚ ਬੀਜੇ ਜਾਂਦੇ ਹਨ। ਉਹ ਦੱਸਦੇ ਹਨ ਕਿ ਹੁਣ ਕਿਉਂਕਿ ਇਨ੍ਹਾਂ ਫ਼ਸਲਾਂ ਨੂੰ ਘੱਟ ਪਾਣੀ ਦੀ ਲੋੜ ਹੁੰਦੀ ਹੈ ਅਤੇ ਜਿੱਥੇ ਵੀ ਕੰਡੀ ਜਾ ਨੀਮ ਪਹਾੜੀ ਇਲਾਕੇ ਹਨ ਉਥੇ ਵੀ ਇਹ ਫ਼ਸਲ ਬੀਜੀ ਜਾ ਸਕਦੀ ਹੈ। ਪੰਜਾਬ ਵਿੱਚ ਤਾਂ ਹਰ ਥਾਂ ਹੀ ਇਹ ਬੀਜੇ ਜਾ ਸਕਦੇ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਮੁਖ ਤੌਰ 'ਤੇ ਮਿਲੇਟਸ ਵਿੱਚ ਕੁਝ ਅਨਾਜ ਕੋਧਰਾ ਜਾਂ ਉਸ ਵਰਗੀਆਂ ਹੋਰ ਫ਼ਸਲਾਂ ਦੇ ਪੰਜਾਬ ਵਿੱਚ ਪ੍ਰੋਸੈਸਿੰਗ ਯੂਨਿਟ ਵੀ ਘੱਟ ਹਨ ਅਤੇ ਖਰੀਦਦਾਰ ਵੀ ਘੱਟ ਹਨ। ਇਸ ਲਈ ਭਾਵੇਂ ਕਿ ਪੰਜਾਬ ਦੇ ਕੁਝ ਕਿਸਾਨ ਮੂਲ ਅਨਾਜ ਦੀ ਖੇਤੀ ਜਰੂਰ ਕਰ ਰਹੇ ਹਨ ਪਰ ਵੱਡੇ ਪੱਧਰ ਉੱਤੇ ਇਹ ਖੇਤੀ ਨਹੀਂ ਹੈ।

***

## ਅਮਰੀਕਾ ਵਿੱਚ ਤਕਰੀਬਨ ਡੇਢ ਮਹੀਨਾ ਪਹਿਲਾਂ ਲਾਪਤਾ

ਢੰਗ ਨਾਲ ਕੀਤੀਆਂ ਗਈਆਂ। ਪੁਲਿਸ ਨੇ ਕੁਲਮ ਦੇ ਨਾਲ ਬਟਲਰ ਦੇ ਬੱਚਿਆਂ ਦੀ ਦਾਦੀ ਟਿਫੈਨੀ ਐਡਮਜ (54), ਵਿਆਹੁਤਾ ਜੋੜਾ ਕੋਲ ਟੋਮਬਲਾਈ (50), ਕੋਰਾ ਟੋਮਬਲਾਈ (44) ਤੇ ਪੌਲ ਗਰਾਈਸ (31) ਵਿਰੁੱਧ ਦੋਸ਼ ਆਇਦ ਕੀਤੇ ਹਨ। ਦੋਸ਼ ਲਾਇਆ ਗਿਆ ਹੈ ਕਿ ਬਟਲਰ ਤੇ ਐਡਮਜ ਵਿਚਾਲੇ ਬੱਚਿਆਂ ਦੀ ਸਪੁਰਦਗੀ ਨੂੰ ਲੈ ਕੇ ਚਲ ਰਹੀ ਕਸ਼ਮਕਸ਼ ਦਰਮਿਆਨ ਦਾਦੀ ਐਡਮਜ ਤੇ ਕੁਲਮ ਨੇ ਟੋਮਬਲਾਈ ਜੋੜੇ ਨਾਲ ਮਿਲ ਕੇ ਹੱਤਿਆਵਾਂ ਦੀ ਸਾਜਿਸ਼ ਰਚੀ। ਓਕਲਾਹੋਮਾ ਸਟੇਟ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਵਿਸ਼ੇਸ਼ ਏਜੰਟ ਜੈਸਨ ਓਟ ਅਨੁਸਾਰ ਸਾਰੇ ਸ਼ੱਕੀ ਦੋਸ਼ ਇੱਕ ਸਰਕਾਰ ਵਿਰੋਧੀ ਗਰੁੱਪ, ਜਿਸ ਦੀ ਧਾਰਮਿੱਕ ਪ੍ਰਤੀਬੱਧਤਾ ਹੈ, ਰਾਹੀਂ ਇੱਕ ਦੂਸਰੇ ਨੂੰ ਜਾਣਦੇ ਹਨ। ਇਸ ਮਾਮਲੇ ਵਿੱਚ ਅਜੇ ਤੱਕ ਸ਼ੱਕੀ ਦੋਸ਼ੀਆਂ ਨੇ ਕਿਸੇ ਕਿਸਮ ਦੀ ਦਰਖਾਸਤ ਦਾਇਰ ਨਹੀਂ ਕੀਤੀ ਹੈ।

***

## 'ਹਰ ਨੌਕਰੀ ਖਾ ਜਾਵੇਗਾ 'ਏ.ਆਈ.'

ਅਤੇ ਸੇਵਾਵਾਂ ਦੀ ਕੋਈ ਕਮੀ ਨਹੀਂ ਹੋਵੇਗੀ।'

ਪਿਛਲੇ ਕੁਝ ਸਾਲਾਂ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ ਨੇ ਤੇਜ਼ੀ ਨਾਲ ਤਰੱਕੀ ਕੀਤੀ ਹੈ, ਖੋਜਕਰਤਾਵਾਂ ਅਤੇ ਰੈਗੂਲੇਟਰਾਂ ਨੂੰ ਅਗੇ ਵਧਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਹਾਲਾਂਕਿ, ਐਮ.ਆਈ.ਟੀ. ਦੀ ਕੰਪਿਊਟਰ ਸਾਇੰਸ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਲੈਬ ਦੇ ਖੋਜਕਰਤਾਵਾਂ ਨੂੰ ਜਨਵਰੀ ਵਿੱਚ ਪਤਾ ਲੱਗਿਆ ਕਿ ਕੰਮ ਵਾਲੀ ਥਾਂ ਉੱਪਰ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਜਿੰਨਾ ਮੰਨਿਆ ਜਾ ਰਿਹਾ ਸੀ ਉਸ ਨਾਲੋਂ ਹੌਲੀ ਦਰ ਨਾਲ ਅਪਣਾਇਆ ਜਾ ਰਿਹਾ ਹੈ।

ਸੀ.ਐਨ.ਐਨ. ਦੇ ਅਨੁਸਾਰ, ਮਾਹਿਰਾਂ ਦਾ ਮੰਨਣਾ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਕੁਝ ਨੌਕਰੀਆਂ ਉੱਪਰ ਕਬਜਾ ਕਰ ਲਵੇਗਾ, ਜਿਨ੍ਹਾਂ ਨੂੰ ਹਾਈ ਲੈਵਲ ਦੇ ਇਮੋਸ਼ਨਲ ਇੰਟੈਲੀਜੈਂਸ ਦੀ ਲੋੜ ਹੁੰਦੀ ਹੈ, ਜਿਵੇਂ ਕਿ ਮਾਨਸਿਕ ਸਿਹਤ ਪੇਸ਼ੇਵਰ, ਅਧਿਆਪਕ ਅਤੇ ਰਚਨਾਤਮਕ ਖੇਤਰ। ਭਵਿੱਖ ਵਿੱਚ ਏ.ਆਈ. ਦੀ ਭੂਮਿਕਾ ਬਾਰੇ ਭਰੋਸਾ ਹੋਣ ਦੇ ਬਾਵਜੂਦ, ਮਸਕ ਨੇ ਤਕਨਾਲੋਜੀ ਨੂੰ ਆਪਣਾ ਸਭ ਤੋਂ ਵੱਡਾ ਡਰ ਦੱਸਿਆ। ਮਸਕ ਨੇ ਕਾਨਫਰੰਸ ਵਿੱਚ ਕਿਹਾ ਕਿ ਉਨ੍ਹਾਂ ਦੀ ਯੋਜਨਾ 10 ਸਾਲਾਂ ਦੇ ਅੰਦਰ ਮੰਗਲ 'ਤੇ ਲੋਕਾਂ ਨੂੰ ਭੇਜਣ ਦੀ ਹੈ, ਪਰ ਉਸਨੇ ਕਿਹਾ ਕਿ ਉਸਦੀ ਸਭ ਤੋਂ ਵੱਡੀ ਉਮੀਦ ਮੰਗਲ ਹੈ ਅਤੇ ਉਸਦਾ ਸਭ ਤੋਂ ਵੱਡਾ ਡਰ ਆਰਟੀਫਿਸ਼ੀਅਲ ਇੰਟੈਲੀਜੈਂਸ ਹੈ।

***

## ਚੰਡੀਗੜ੍ਹ ਦੇ ਮੁੱਦੇ 'ਤੇ ਸਭ ਸਿਆਸੀ ਪਾਰਟੀਆਂ ਨੇ

ਅਸਲ ਵਿੱਚ ਅਕਾਲੀ ਦਲ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਨੇ ਚੰਡੀਗੜ੍ਹ ਨੂੰ ਸਿਰਫ਼ ਚੋਣ ਮੁੱਦਾ ਹੀ ਬਣਾਇਆ ਹੋਇਆ ਹੈ, ਜਿਸ ਕਰਕੇ ਹਰ ਚੋਣ ਵਿੱਚ ਹੀ ਕਿਸੇ ਨਾ ਕਿਸੇ ਸਿਆਸੀ ਪਾਰਟੀ ਦੇ ਉਮੀਦਵਾਰ ਵੱਲੋਂ ਚੰਡੀਗੜ੍ਹ ਦਾ ਮੁੱਦਾ ਉਠਾ ਦਿੱਤਾ ਜਾਂਦਾ ਹੈ, ਜਿਸ ਤੋਂ ਬਾਅਦ ਚੰਡੀਗੜ੍ਹ 'ਤੇ ਹੀ ਸਿਆਸਤ ਸ਼ੁਰੂ ਹੋ ਜਾਂਦੀ ਹੈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਇਸ ਵਾਰ ਵੀ ਚੰਡੀਗੜ੍ਹ ਸਿਰਫ਼ ਚੋਣਾਂ ਸਮੇਂ ਹੀ ਮੁੱਦਾ ਬਣਾਇਆ ਗਿਆ ਹੈ। ਚੋਣਾਂ ਤੋਂ ਬਾਅਦ ਸਿਆਸੀ ਪਾਰਟੀਆਂ ਨੇ ਫਿਰ ਚੰਡੀਗੜ੍ਹ ਦੇ ਮੁੱਦੇ ਨੂੰ ਠੰਡੇ ਬਸਤੇ ਵਿੱਚ ਪਾ ਦੇਣਾ ਹੈ। ਇਹ ਹੁਣ ਸਮਾਂ ਹੀ ਦਸੇਗਾ ਕਿ ਚੰਡੀਗੜ੍ਹ 'ਤੇ ਕਦੋਂ ਤੱਕ ਸਿਆਸਤ ਖੇਡੀ ਜਾਵੇਗੀ।

***

## ਏਅਰਪੋਰਟ ਅਥਾਰਟੀ ਆਫ਼ ਇੰਡੀਆ ਅਤੇ

ਇਸ ਦੇ ਨਾਲ ਉਹਨਾਂ ਏਅਰਪੋਰਟ ਦੀ ਪਹਿਲੀ ਮੰਜ਼ਿਲ 'ਤੇ ਅਯੋਗ ਘੋਸ਼ਣਾ ਪ੍ਰਣਾਲੀ, ਪੰਛੀ, ਚੂਹਿਆਂ ਅਤੇ ਮੱਛਰਾਂ ਦੀ ਮੌਜੂਦਗੀ, ਮੀਂਹ ਪੈਣ ਨਾਲ ਪਾਣੀ ਦੇ ਨਿਕਾਸ ਵਰਗੀਆਂ ਸਮੱਸਿਆਵਾਂ ਵੱਲ ਵੀ ਧਿਆਨ ਦੇਣ ਦੀ ਬੇਨਤੀ ਕੀਤੀ ਹੈ।

ਗੁਮਟਾਲਾ ਨੇ ਹਵਾਬਾਜ਼ੀ ਮੰਤਰੀ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਲਈ ਬੱਸ ਸੇਵਾ ਸ਼ੁਰੂ ਕਰਨ ਦੀ ਲੰਮੇਂ ਸਮੇਂ ਤੋਂ ਕੀਤੀ ਜਾ ਰਹੀ ਮੰਗ ਨੂੰ ਪੂਰਾ ਕਰਾਉਣ ਲਈ ਸੂਬਾ ਸਰਕਾਰ ਨਾਲ ਸੰਪਰਕ ਕਰਨ ਦੀ ਵੀ ਅਪੀਲ ਕੀਤੀ ਹੈ।

***

## ਗਾਰਡੀਅਨ ਨੇ ਭਾਰਤੀ ਸੋਸ਼ਲ ਮੀਡੀਆ ਉੱਪਰ

ਅਸੀਂ ਇਸ ਦੀ ਪਹੁੰਚ ਨੂੰ ਘੱਟ ਕਰ ਦਿੰਦੇ ਹਾਂ। ਮੈਟਾ ਉੱਪਰ ਪਹਿਲਾਂ ਹੀ ਭਾਰਤ ਵਿੱਚ ਇਸ ਦੇ ਪਲੇਟਫਾਰਮਾਂ 'ਤੇ ਇਸਲਾਮੋਫੋਬਿਕ ਨਫ਼ਰਤ ਭਰੇ ਭਾਸ਼ਣ ਦੇ ਫੈਲਣ ਨੂੰ ਰੋਕਣ ਵਿੱਚ ਅਸਫਲ ਰਹਿਣ, ਹਿੰਸਾ ਅਤੇ ਮੁਸਲਿਮ ਵਿਰੋਧੀ ਸਾਜ਼ਿਸ਼ਾਂ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਕੁਝ ਮਾਮਲਿਆਂ ਵਿੱਚ ਪੋਸਟ ਦੇ ਕਾਰਨ ਦੰਗਿਆਂ ਅਤੇ ਲਿੰਚਿੰਗ ਦੇ ਅਸਲ ਮਾਮਲੇ ਸਾਹਮਣੇ ਆਏ ਹਨ।

ਮੈਟਾ ਦੇ ਗਲੋਬਲ ਅਫੇਅਰਜ਼ ਦੇ ਪ੍ਰਧਾਨ ਨਿਕ ਕਲੇਗ ਨੇ ਹਾਲ ਹੀ ਵਿੱਚ ਭਾਰਤ ਦੀਆਂ ਚੋਣਾਂ ਨੂੰ 'ਸਾਡੇ ਲਈ ਬਹੁਤ ਵੱਡਾ ਇਮਤਿਹਾਨ' ਦੱਸਿਆ ਅਤੇ ਕਿਹਾ ਕਿ ਕੰਪਨੀ ਨੇ 'ਭਾਰਤ ਵਿੱਚ ਕਈ ਮਹੀਨਿਆਂ ਤੋਂ ਤਿਆਰੀ' ਕੀਤੀ ਹੈ। ਮੈਟਾ ਨੇ ਕਿਹਾ ਕਿ ਇਸ ਨੇ ਸਾਰੇ ਪਲੇਟਫਾਰਮਾਂ 'ਤੇ ਸਥਾਨਕ ਅਤੇ ਤੀਜੀ-ਧਿਰ ਦੇ ਫੈਕਟ ਚੈਕਰਜ਼ ਦੇ ਆਪਣੇ ਨੈੱਟਵਰਕ ਦਾ ਵਿਸਤਾਰ ਕੀਤਾ ਹੈ ਅਤੇ 20 ਭਾਰਤੀ ਭਾਸ਼ਾਵਾਂ ਵਿੱਚ ਕੰਮ ਕਰ ਰਿਹਾ ਹੈ।

***

## ਪੰਜਾਬ : ਆਪਣੇ ਪੁਰਖ਼ਿਆਂ ਦੀ ਸਿਆਸੀ

ਪਰ ਅਸਲੀਅਤ ਇਹ ਵੀ ਹੈ ਕਿ ਜਿਹੜੇ ਆਗੂ ਦੂਸਰੀਆਂ ਪਾਰਟੀਆਂ ਵਿਚੋਂ ਆਏ ਹਨ, ਉਹਨਾਂ ਨੂੰ ਸਿਆਸੀ ਦਲਾਂ ਨੇ ਚੋਣ ਟਿਕਟਾਂ ਵੀ ਦਿੱਤੀਆਂ ਹਨ। ਪਿਛਲੇ ਤਿੰਨ ਮਹੀਨਿਆਂ ਦੌਰਾਨ ਪੰਜਾਬ ਵਿੱਚ ਸਿਆਸੀ ਆਗੂਆਂ ਵੱਲੋਂ ਲਗਾਤਾਰ ਦਲ ਬਦਲੀਆਂ ਹੁੰਦੀਆਂ ਰਹੀਆਂ। ਇਸ ਵਾਰ ਪੰਜਾਬ ਦੇ ਚੋਣ ਮੈਦਾਨ ਵਿੱਚ ਵੱਡੀ ਗਿਣਤੀ ਦਲ ਬਦਲੂ ਆਗੂ ਹਨ। ਸਭ ਤੋਂ ਵੱਧ ਅਨੁਸ਼ਾਸਨ ਵਾਲੀ ਸਿਆਸੀ ਪਾਰਟੀ ਮੰਨੀ ਜਾਂਦੀ ਭਾਜਪਾ ਵੱਲੋਂ 8 ਦਲਬਦਲੂ ਆਗੂਆਂ ਨੂੰ ਉਮੀਦਵਾਰ ਬਣਾਇਆ ਗਿਆ ਹੈ। ਜਦੋਂਕਿ ਕਾਂਗਰਸ ਨੇ 6 ਦਲਬਦਲੂ ਆਗੂਆਂ ਨੂੰ, ਆਮ ਆਦਮੀ ਪਾਰਟੀ ਨੇ 5, ਅਕਾਲੀ ਦਲ ਨੇ 2 ਦਲਬਦਲੂ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਹਨ। ਇਸ ਤਰ੍ਹਾਂ ਪੰਜਾਬ ਵਿੱਚ 21 ਦਲ ਬਦਲੂ ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਇਸ ਤਰ੍ਹਾਂ ਇਹਨਾਂ ਚੋਣਾਂ ਦੌਰਾਨ ਦਲਬਦਲੂ ਉਮੀਦਵਾਰਾਂ ਵਿਚਾਲੇ ਦਿਲਚਸਪ ਮੁਕਾਬਲਾ ਹੋ ਰਿਹਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com